
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
ਅਗਸਤ (August) 2010
ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ
(ਸਰੀਰਕ ਮਾਤ ਲੋਕ ਯਾਤਰਾ 5 ਅਗਸਤ 1905 ਤੋਂ 26 ਅਗਸਤ 1975)

ਸਾਲ ਸੋਲਵਾਂ, ਮਹੀਨਾ ਅਗਸਤ 2010

ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque, Draft & correspondence : V.G.R.M Charitable Trust, Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379
0160-2255002, Fax - 2255009

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains - Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, Raj Mobile : 07968734058

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤਤਕਰਾ

1. ਸੰਪਾਦਕੀ 2
2. ਭਾਦੁਇ 3
3. ਸੁਰਤਿ ਸਬਦਿ ਮਾਰਗ 13
4. ਸੰਤ ਮਾਤਾ ਰਣਜੀਤ ਕੌਰ ਜੀ 29
5. ਮਾਰਗ ਚੋਣ 37
6. ਅਰਦਾਸ ਸ਼ਕਤੀ 39
7. ਸਤਵੰਤ ਕੌਰ 43
8. ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ 47
9. ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ 57
10. ਸਿਹਤ ਰੱਖਿਆ 63

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਰਤਵਾੜਾ ਸਾਹਿਬ | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ | 9417214386 |
| ਪਰਮ ਸਤਿਕਾਰਯੋਗ ਬੀਜੀ | 9417214381 |
| ਬੀ. ਐਡ ਕਾਲਜ | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |
| ਆਤਮ ਮਾਰਗ ਮੈਗਜ਼ੀਨ | 9417214391 |
| ਜਰਨਲ | 9417214384 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਹਰ ਮਹੀਨੇ ਜਗਿਆਸੂਆਂ ਵਾਸਤੇ ਨਵੀਂ ਸੂਝ, ਵਾਹਿਗੁਰੂ ਜੀ ਵਿੱਚ ਅਭੇਦ ਹੋਣ, ਨਾਮ-ਸਿਮਰਨ ਦੀਆਂ ਜੁਗਤੀਆਂ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਝੇ ਸਿਧਾਂਤਾ ਨੂੰ ਸਮਝਣ, ਆਪਣੇ ਜੀਵਨ ਦੇ ਅਸਲੀ ਮਨੋਰਥ ਤੇ ਪਹੁੰਚਣ, ਅਨੇਕਾਂ ਫੁਰਨੇ ਜੋ ਸਾਡੀ ਮਨਮਤ ਅਨੁਸਾਰ ਸਾਡੇ ਅੰਦਰ ਉਥਲ-ਪੁੱਥਲ ਮਚਾਉਂਦੇ ਹੀ ਰਹਿੰਦੇ ਹਨ ਉਨ੍ਹਾਂ ਨੂੰ ਸ਼ਾਂਤ ਕਰਨ ਦੇ ਸਮਰਥ ਹੈ। ਪੂਰਨ ਮਹਾਂਪੁਰਖ ਤੱਤਵ ਬੇਤੇ ਵਾਹਿਗੁਰੂ ਜੀ ਵਿੱਚ ਅਭੇਦਤਾ ਹਾਸਲ ਕਰ ਚੁਕੇ ਤ੍ਰਿਕਾਲ ਦਰਸ਼ੀ ਹੁੰਦੇ ਹਨ। ਵਾਹਿਗੁਰੂ ਜੀ ਦੇ ਦਰਸ਼ਨਾਂ ਲਈ ਉਨ੍ਹਾਂ ਦੇ ਮਿਲਾਪ ਲਈ ਜਗਿਆਸੂਆਂ ਦੇ ਮਨ ਅੰਦਰ ਤੜਫ ਰਹਿੰਦੀ ਹੈ। ਜੀਵ ਦੇ ਵਸ ਦੀ ਗੱਲ ਨਹੀਂ ਕਿ ਇਹ ਬਿਖੜੇ ਭਵਜਲ ਨੂੰ ਪਾਰ ਕਰ ਸਕੇ। ਅਗਿਆਨ ਵਿੱਚ ਰਾਜਾ ਅਤੇ ਭਿਖਾਰੀ ਦੋਵੇਂ ਹੀ ਰੋਂਦੇ ਹਨ। ਅਗਿਆਨ ਦੇ ਅੰਧਕਾਰ ਵਿੱਚ ਕੋਈ ਸੁਖੀ ਨਹੀਂ ਰਹਿ ਸਕਦਾ। ਗੁਰੂ ਤੋਂ ਵਗੈਰ ਅਗਿਆਨ ਦਾ ਨਾਸ਼ ਹੋ ਨਹੀਂ ਸਕਦਾ। ਕੱਚਾ-ਗੁਰੂ ਅਗਿਆਨ ਦਾ ਨਾਸ਼ ਨਹੀਂ ਕਰ ਸਕਦਾ। ਗੁਰੂ ਧਾਰਨ ਤੋਂ ਬਗੈਰ ਮਾਣਸ ਜਨਮ ਬਿਰਥਾ ਚਲਿਆ ਜਾਂਦਾ ਹੈ। ਬੀਜੇ ਹੋਏ ਚੰਗੇ ਮਾੜੇ ਕਰਮਾਂ ਦਾ ਫਲ ਅਵਸ਼ਯ ਮਿਲਣਾ ਹੈ। ਅਸੀਂ ਅਗਿਆਨ ਦੀ ਅੱਗ ਤੋਂ ਕਿਵੇਂ ਬਚੀਏ? ਸਾਡਾ ਅਸਲੀ ਜੀਵਨ ਮਨੋਰਥ ਕੀ ਹੈ? ਅਸੀਂ ਸੰਸਾਰ ਦੇ ਅੰਦਰ ਕਿਵੇਂ ਬਿਚਰਨਾ ਹੈ? ਸਾਡੀ ਕਿਹੜੀ ਰਹਿਤ ਹੋਵੇ ਜਿਸ ਤੇ ਗੁਰੂ ਪ੍ਰਸੰਨ ਹੋ ਜਾਵੇ ਜਨਮ-ਮਰਨ ਕਟ ਜਾਵੇ? ਰੂਹਾਨੀ ਰਸਤੇ ਉਪੱਰ ਤੁਰਨ ਵਾਸਤੇ ਅਨੇਕਾਂ ਸਵਾਲ ਸਾਡੇ ਅੰਦਰ ਉਥਲ-ਪੁਥਲ ਮਚਾ ਰਹੇ ਹਨ ਸਾਨੂੰ ਰੂਹਾਨੀਅਤ ਦੇ ਰਸਤੇ ਤੇ ਇੱਕ ਕਦਮ ਨਹੀਂ ਪੁੱਟਣ ਦੇ ਰਹੇ।

ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਅੱਜ ਦਾ ਸਮ੍ਹਾਂ ਪਹਿਲਾਂ ਹੀ ਜਾਣ ਲਿਆ ਸੀ। ਆਪ ਜੀ ਦੀ ਦੂਰ-ਅੰਦੇਸ਼ੀ ਜਗਿਆਸੂਆਂ ਲਈ ਵਰਦਾਨ ਸਿੱਧ ਹੋਈ ਹੈ। ਆਪ ਜੀ ਨੇ ਅਨੇਕਾਂ ਭੁਲੇ ਭਟਕੇ ਜਗਿਆਸੂਆਂ ਨੂੰ ਸਹੀ ਰਸਤਾ ਵਿਖਾਉਣ ਵਾਸਤੇ ਆਤਮ-ਮਾਰਗ ਰੂਹਾਨੀ ਪਤ੍ਰਿਕਾ ਦਾ ਸੰਚਾਲਨ ਕੀਤਾ ਸੀ। ਉਪੱਰ ਦੱਸੇ ਗਏ ਅਨੇਕਾਂ ਸਵਾਲਾਂ ਦੇ ਜਵਾਬ ਆਤਮ ਮਾਰਗ ਪੜ੍ਹਨ ਵਾਲੇ ਜਗਿਆਸੂ ਨੂੰ ਸਹਿਜ ਸੁਭਾਅ ਮਿਲ ਜਾਂਦੇ ਹਨ।

ਹਰ ਮਹੀਨੇ ਇਹ ਮੈਗਜੀਨ ਨਾਮ-ਜਪਣ ਨਾਮ-ਸਿਮਰਣ ਨਿਧਿਆਸਣ ਮੰਨਣ ਕਰਨ ਦੀਆਂ ਵੱਖ-ਵੱਖ ਵਿਧੀਆਂ ਲੈ ਕੇ ਆਪ ਜੀ ਦੇ ਸਮਖਸ਼ ਪਹੁੰਚ ਰਿਹਾ ਹੈ। ਸਾਡੇ ਅੰਦਰ ਭੁੱਲ ਹੈ। ਪਰ ਗੁਰੂ ਸਭ ਕੁਝ ਜਾਣਦਾ ਹੈ। ਸੰਸਾਰ ਦੇ ਰੰਗ-ਮੰਚ ਉਪੱਰ ਨਾਮ ਦੀ ਘਾਲਣਾ ਕਮਾਈ ਕਰਨ ਵਾਲੇ, ਮਹਾਨ ਯੁੱਗ ਪੁਰਸ਼, ਅਨੁਭਵੀ, ਆਤਮ-ਦਰਸ਼ੀ, ਸਾਧਨ-ਸੰਪੰਨ, ਤੱਤਵ ਦਾ ਵਿਵੇਚਨ ਕਰਨ, ਤੱਤ-ਵਸਤੂ ਨੂੰ ਪਛਾਣਨ, ਸਮੇਂ ਦੀ ਨਜਾਕਤ ਨੂੰ ਸਮਝਣ, ਚਲ ਰਹੇ ਸਮੇਂ ਮੁਤਾਬਿਕ ਉਪਦੇਸ਼ ਬਖਸ਼ਿਸ਼ ਕਰਨ ਵਾਲੀਆਂ ਵਾਹਿਗੁਰੂ ਜੀ ਵੱਲੋਂ ਧੁਰ ਦਰਗਾਹ ਤੋਂ ਬਖਸ਼ੀਆਂ ਰੂਹਾਂ ਸਾਡੇ ਭਲੇ ਵਾਸਤੇ ਅਉਂਦੀਆਂ ਰਹੀਆਂ ਹਨ। ਜਿਨ੍ਹਾਂ ਨੇ ਸਾਨੂੰ ਸਹੀ ਮਾਰਗ 'ਆਤਮ ਮਾਰਗ' ਵੱਲ ਤੁਰਨ ਦੇ ਉਪਦੇਸ਼ ਬਖਸ਼ਿਸ਼ ਕਰਦੇ ਰਹਿਣਾ ਹੈ।

ਕਦੇ ਸਮਾਂ ਸੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਖ ਆਪਣੇ ਸਰੀਰ ਵਿੱਚ ਵਿਚਰਦੇ ਆਪਣੀ ਦੇਖ-ਰੇਖ ਹੇਠ ਆਤਮ ਮਾਰਗ ਮੈਗਜੀਨ ਦਾ ਇਕ-ਇਕ ਅੱਖਰ ਦੇਖ ਕੇ ਅੰਮ੍ਰਿਤ ਦ੍ਰਿਸ਼ਟੀ ਪਾ ਕੇ ਪ੍ਰੈਸ ਵਿੱਚ ਛੱਪਣ ਵਾਸਤੇ ਭੇਜਦੇ। ਆਪ ਆਪਣੇ ਮੁਖਾਰਬਿੰਦ ਤੋਂ ਬਚਨ ਕਰਦੇ ਕਿ 'ਆਤਮ ਮਾਰਗ' ਦੇ ਮੈਂਬਰ ਬਣਾਓ ਜੋ ਸਾਡੇ ਵਾਸਤੇ ਇਲਾਹੀ ਦਰਗਾਹੀ ਬਚਨ ਹੁੰਦਾ ਕਿ ਮਹਾਂਪੁਰਖਾਂ ਦੀ ਖੁਸ਼ੀ ਪ੍ਰਾਪਤ ਕਰੀਏ। ਸੰਗਤਾਂ ਨੇ ਬੜੇ ਚਾਅ ਉਤਸ਼ਾਹ ਨਾਲ ਮੈਂਬਰ ਬਣਾ ਕੇ ਗੁਰ-ਸ਼ਬਦ ਲੰਗਰ ਵਿੱਚ ਹਿੱਸਾ ਪਾਉਣਾ। ਹੁਣ ਵੀ ਉਵੇਂ ਹੀ ਸੰਤ ਮਹਾਰਾਜ ਜੀ ਦੇ ਜੀਵਨ ਸਾਥੀ ਸੰਤ ਮਾਤਾ ਰਣਜੀਤ ਕੌਰ ਜੀ ਦੀ ਸਰਪ੍ਰਸਤੀ ਅਤੇ ਬਾਬਾ ਹਰਪਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਸੰਗਤਾਂ ਸੇਵਾ ਨਿਭਾਅ ਰਹੀਆਂ ਹਨ ਮਹਾਂਪੁਰਖਾਂ ਦੀ ਪੂਰਨ ਰੂਪ ਵਿੱਚ ਹਾਜਰੀ ਹਾਜਰ ਨਾਜਰ ਜਾਣਦੇ ਹੋਏ ਆਤਮ ਮਾਰਗ ਗੁਰ-ਸ਼ਬਦ ਲੰਗਰ ਵਿੱਚ ਹਿੱਸਾ ਪਾ ਕੇ ਆਪਣੇ ਆਪ ਨੂੰ ਧੰਨਤਾ ਦੇ ਯੋਗ ਬਣਾਉਂਦੇ ਹਨ।

ਚਲ ਰਹੇ ਵਰਤਮਾਨ ਸਮੇਂ ਅੰਦਰ ਆਤਮ ਮਾਰਗ ਨਾਲ ਹਜਾਰਾਂ ਸੰਗਤਾਂ ਦੀ ਸਾਂਝ ਪੈ ਚੁੱਕੀ ਹੈ। ਹਰ ਮਹੀਨੇ ਛਪਣ ਵਾਲੇ ਇਸ ਮੈਗਜੀਨ ਨੇ ਸੰਸਾਰ ਦੇ ਅੰਦਰ ਇੱਕ ਵਿਲੱਖਣ ਸ਼ਖਸ਼ੀਅਤ ਦੇ ਰੂਪ ਵਿੱਚ ਸੰਗਤਾਂ ਨਾਲ ਸਾਂਝ ਪਾਈ ਹੈ। ਦੇਖਣ ਵਿੱਚ ਆਇਆ ਹੈ ਜੇ ਕਿਸੇ ਪ੍ਰੇਮੀ ਨੂੰ ਮੈਗਜੀਨ ਨਾਂ ਮਿਲੇ ਤਾਂ ਸਾਡੇ ਕੋਲ ਟੈਲੀਫੋਨ, ਫੈਕਸ ਈਮੇਲ ਆਉਣੇ ਸ਼ੁਰੂ ਹੋ ਜਾਂਦੇ ਹਨ। ਅਦਾਰਾ ਆਤਮ ਮਾਰਗ ਆਪ ਜੀ ਦੀ ਸੇਵਾ ਵਿੱਚ ਲਗਾਤਰ 24 ਘੰਟੇ ਹਾਜਰ ਹੈ ਫੇਰ ਮੈਗਜੀਨ ਦੂਜੀ ਵਾਰ ਸੰਗਤਾਂ ਨੂੰ ਨਾ ਮਿਲਣ ਤੇ ਅਦਾਰਾ ਆਤਮ ਮਾਰਗ ਵੱਲੋਂ ਦੁਬਾਰਾ ਪੋਸਟ ਕਰ ਦਿਤਾ ਜਾਂਦਾ ਹੈ। ਸੰਸਾਰ ਦੇ ਅੰਦਰ ਸ਼ਾਂਤੀ ਦਾ ਪੈਗਾਂਮ, ਰਾਗ ਅਤੇ ਦਵੈਸ਼ ਤੋਂ ਉਪੱਰ ਉਠ ਕੇ ਸਾਰੇ ਸੰਸਾਰ ਨੂੰ ਕਲਾਵੇ ਵਿੱਚ ਲੈ ਲੈਣਾ ਇਹ ਮਹਾਂਪੁਰਖਾਂ ਦਾ ਹੀ ਕੰਮ ਹੋਇਆ ਕਰਦਾ ਹੈ।

ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਆਪਣੇ ਸਰੀਰ ਦੇ ਹੁੰਦਿਆਂ ਹੀ ਅਨੇਕਾਂ ਕਾਰਜ ਜਨ ਸਮੂੰਹ ਦੇ ਪਰਉਪਕਾਰ ਹਿੱਤ ਅਸਥਾਨ ਵਿਖੇ ਚਲਾਏ ਹਨ। ਦੁਨਿਆਵੀ ਵਿੱਦੀਆ ਪ੍ਰਦਾਨ ਕਰਨ ਵਾਸਤੇ ਵਧੀਆ ਕਿਸਮ ਦੇ ਸਕੂਲ, ਕਾਲਜ ਖੋਲ੍ਹੇ। ਸਰੀਰਕ ਨਿਰੋਗਤਾ ਵਾਸਤੇ ਹਸਪਤਾਲ ਚਲਾਏ। ਰੂਹਾਨੀ ਖੁਰਾਕ ਹਾਸਲ ਕਰਨ ਵਾਸਤੇ ਅਨੇਕਾਂ ਧਾਰਮਿਕ ਅਸਥਾਨ ਦੇਸ਼ਾਂ ਵਿਦੇਸ਼ਾਂ ਵਿੱਚ ਕਾਇਮ ਕੀਤੇ। ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਹੈ।

ਰਤਵਾੜਾ ਸਾਹਿਬ ਵਿਖੇ ਮਹਾਂਪੁਰਖਾਂ ਵੱਲੋਂ ਚਲਾਏ ਕਾਰਜਾਂ ਨੂੰ ਭਲੀਭਾਂਤ ਸੰਤ ਮਾਤਾ ਬੀਜੀ ਜੀ ਦੇ ਅਸ਼ੀਰਵਾਦ ਨਾਲ ਬਾਬਾ ਹਰਪਾਲ ਸਿੰਘ ਜੀ ਬਾ-ਖੂਬੀ ਅੱਗੇ ਵਧਾ ਰਹੇ ਹਨ। ਰੂਹਾਨੀ ਖੇਤਰ ਹੋਵੇ ਜਾਂ ਦੁਨਿਆਵੀ ਪੱਖੋਂ ਹੋਵੇ। ਪੂਰਨ ਮਹਾਂਪੁਰਖਾਂ ਦੀ ਸੰਗਤ ਕਰਨ ਵਾਲੇ ਪੂਰੇ ਹੀ ਹੁੰਦੇ ਹਨ।

ਇਸ ਮਹੀਨੇ ਦੇ ਆਤਮ ਮਾਰਗ ਅੰਕ ਅੰਦਰ ਮਿਸ਼ਨ

**(ਬਾਕੀ ਪੰਨਾ 63 ਤੇ)**

# ਭਾਦੁਇ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*ਜਿਤੁ ਦਿਨਿ ਦੇਹ ਬਿਨਸਸੀ*
*ਤਿਤੁ ਵੇਲੈ ਕਹਸਨਿ ਪ੍ਰੇਤੁ ॥*
*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ ॥*
*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*
*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*
*ਨਾਨਕ ਪ੍ਰਭ ਸਰਣਾਗਤੀ*
*ਚਰਣ ਬੋਹਿਥ ਪ੍ਰਭ ਦੇਤੁ ॥*
*ਸੇ ਭਾਦੁਇ ਨਰਕਿ ਨ ਪਾਈਅਹਿ*
*ਗੁਰੁ ਰਖਣ ਵਾਲਾ ਹੇਤੁ ॥ ਅੰਗ - ੧੩੪*

*ਧਾਰਨਾ - ਮੇਰੀ ਨਮਸ਼ਕਾਰ ਗੁਰਦੇਵ ਕੋ।*
*ਸਤਿਨਾਮ ਜਿਸ ਮੰਤ੍ਰ ਦ੍ਰਿੜਾਇਆ।*

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲਣਾ ਜੀ ਸਤਿਨਾਮ ਸ੍ਰੀ ਵਾਹਿਗੁਰੂ। ਮੌਸਮ ਦਾ ਧਿਆਨ ਨਾ ਕਰਦੇ ਹੋਏ ਆਪ ਦੂਰ-ਦਰਾਜ਼ ਤੋਂ ਭਾਦੁਇ ਦੀ ਸੰਗਰਾਂਦ ਦਾ ਦਿਹਾੜਾ ਮਨਾਉਣ ਵਾਸਤੇ, ਗੁਰੂ ਮਹਾਰਾਜ ਦਾ ਉਪਦੇਸ਼ ਸੁਣ ਕੇ ਆਪਣੇ ਜੀਵਨ ਨੂੰ ਸੇਧ ਦੇਣ ਵਾਸਤੇ ਇੱਥੇ ਪਹੁੰਚੇ ਓਂ। ਇਹ ਆਪ ਦੇ ਪਰਮ ਉਤਮ ਭਾਗ ਹਨ, ਜਦੋਂ ਕਿ ਅਸੀਂ ਬਾਣੀ ਦੀ ਵਿਚਾਰ ਸਰਵਣ ਕਰੀਏ, ਕਿਉਂਕਿ ਸੰਗਤ ਓਹੀ ਹੁੰਦੀ ਹੈ ਜਿਥੇ ਨਾਮ ਦੀ ਗੱਲ ਹੋਵੇ, ਜਿਸ ਥਾਂ ਦੇ ਉਤੇ ਇਧਰ ਉਧਰ ਦੀਆਂ ਗੱਲਾਂ, ਕਿਸੇ ਨੂੰ ਮਾੜਾ, ਕਿਸੇ ਨੂੰ ਚੰਗਾ, ਈਰਖਾ ਦੀਆਂ, ਵਾਦ-ਵਿਵਾਦ ਵਰਗੇ ਬਚਨ ਕਹੇ ਜਾਂਦੇ ਹੋਣ ਮਹਾਰਾਜ ਕਹਿੰਦੇ ਭਾਈ, ਉਹਨੂੰ ਨਾ ਸਤਿਸੰਗ ਕਹੋ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿੱਥੇ ਕੇਵਲ ਨਾਮ ਦੀ ਗੱਲ ਚਲਦੀ ਹੋਵੇ, ਉਹਦਾ ਫਲ ਇਹ ਹੁੰਦਾ ਹੈ ਕਿ -

*ਕਈ ਕੋਟਿਕ ਜਗ ਫਲਾ ਸੁਣਿ*
*ਗਾਵਨਹਾਰੇ ਰਾਮ ॥ ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲ ਜਾਂਦਾ ਹੈ, ਜਿਹੜੇ ਸੁਣਦੇ ਨੇ ਤੇ ਪਿਆਰ ਦੇ ਨਾਲ ਗਾਉਂਦੇ ਨੇ। ਸੋ ਅਸੀਂ ਸੰਸਾਰ ਦੇ ਅੰਦਰ ਬਹੁਤ ਬਿਖੜੇ ਸਾਗਰ ਦੇ ਵਿੱਚ ਡੁੱਬਕੀਆਂ ਮਾਰ ਰਹੇ ਹਾਂ, ਕੋਈ ਕਿਨਾਰਾ ਨਹੀਂ ਲੱਭ ਰਿਹਾ। ਡੁੱਬ ਜਾਂਦੇ ਹਾਂ, ਫੇਰ ਨਵਾਂ ਸਰੀਰ ਮਿਲ ਜਾਂਦਾ ਹੈ; ਡੁੱਬ ਜਾਂਦੇ ਹਾਂ, ਫੇਰ ਨਵਾਂ ਸਰੀਰ ਮਿਲ ਜਾਂਦਾ ਹੈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਬਾਣੀ ਨੂੰ ਸੁਣ ਕੇ ਵੱਡੇ ਤੋਂ ਵੱਡਾ ਜਿਹੜਾ ਮਹਾਂਪਾਪੀ ਹੈ ਉਹਦਾ ਵੀ ਉਧਾਰ ਹੋ ਜਾਂਦਾ ਕਿਉਂਕਿ ਬਾਣੀ ਵਿੱਚ ਸ਼ਕਤੀ ਬਹੁਤ ਹੈ। ਦੁੱਖ ਦੂਰ ਕਰਦੀ ਹੈ, ਵਿਘਨਾਂ ਦਾ ਨਾਸ਼ ਕਰਦੀ ਹੈ, ਜੋ ਇੱਛਿਆ ਹੋਵੇ ਉਹਨੂੰ ਪੂਰਾ ਕਰਦੀ ਹੈ। ਜਮ੍ਹਾਂ ਤੋਂ ਰੱਖਿਆ ਕਰਦੀ ਹੈ, ਨਾਮ ਇਹਦੇ ਵਿੱਚੋਂ ਪੈਦਾ ਹੁੰਦਾ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਉਹ ਬਾਣੀ ਸਾਨੂੰ ਰਾਹ ਪਾਉਂਦੀ ਹੈ, ਵੱਡੇ-ਵੱਡੇ ਠੱਗਾਂ ਨੂੰ, ਚੋਰਾਂ ਨੂੰ।

ਕਹਿਣ ਵਾਲੇ ਪਵਿਤਰ ਹੋ ਜਾਂਦੇ ਨੇ, ਸੁਣਨ ਵਾਲੇ ਪੁਨੀਤ, ਜੇ ਸੌ ਵਾਰੀ ਪਵਿੱਤਰ ਕਹੋ ਤੇ ਇੱਕ ਵਾਰੀ ਪੁਨੀਤ ਕਹਿ ਦਿਓ ਬਰਾਬਰ ਹੋ ਜਾਂਦਾ ਹੈ। ਐਡਾ ਵੱਡਾ ਫਲ ਹੈ, ਚੋਰ ਡਾਕੂ, ਠੱਗ, ਮਹਾਂਪਾਪੀ ਇਨ੍ਹਾਂ ਸਾਰਿਆਂ ਦਾ ਉਧਾਰ ਕਰਦੀ ਹੈ ਬਾਣੀ। ਸੋ ਬਾਣੀ ਆਪਾਂ ਸੁਣਨ ਵਾਸਤੇ, ਭਾਦੁਇ ਦੇ ਮਹੀਨੇ ਵਿੱਚ ਕੀ ਉਪਦੇਸ਼ ਦਿੰਦੇ ਨੇ ਗੁਰੂ ਸਾਹਿਬ ਉਹਦੇ ਵਾਸਤੇ ਆਪਾਂ ਇੱਥੇ ਸਤਿਸੰਗ ਵਿੱਚ ਪਹੁੰਚੇ ਹਾਂ। ਕਹਿੰਦੇ -

*ਕਬੀਰ ਏਕ ਘੜੀ ਆਧੀ*
*ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥*
*ਅੰਗ - ੧੩੭੭*

ਜੋ ਵੀ ਗੋਸ਼ਟ ਕਰ ਲਈ ਉਸਦਾ ਲਾਭ ਹੀ ਲਾਭ ਹੈ, ਜਿੰਨਾਂ ਵੀ ਸਰਵਣ ਕਰਕੇ ਅਸੀਂ ਮੰਨਦੇ ਹਾਂ ਉਹਦਾ ਲਾਭ ਹੀ ਲਾਭ ਹੈ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ॥ ਅੰਗ - ੬੭੭***

ਜਿਹੜੇ ਸਤਿ ਕਰਕੇ ਆਗਿਆ ਮੰਨਦੇ ਨੇ ਉਨ੍ਹਾਂ ਦਾ ਗਾਇਆ ਹੋਇਆ ਤੇ ਸੁਣਿਆ ਹੋਇਆ ਥਾਂ ਪੈਂਦਾ ਹੈ। ਗੁਰੂ ਮਹਾਰਾਜ ਦੇ ਹਜ਼ੂਰ ਦੂਰ-ਦਰਾਜ਼ ਤੋਂ ਸੰਗਤਾਂ ਆਉਂਦੀਆਂ ਨੇ, ਇਕੱਲਾ ਗੁਰਸਿੱਖ ਵੀ ਆ ਜਾਂਦਾ ਹੈ, ਬਹੁਤ ਸਾਰੇ ਜੱਥੇ ਬੰਨ੍ਹ ਕੇ ਆਉਂਦੇ ਨੇ, ਕਿਉਂਕਿ ਉਨ੍ਹਾਂ ਦਿਨਾਂ 'ਚ ਕੋਈ ਸਵਾਰੀ ਤਾਂ ਹੁੰਦੀ ਨਹੀਂ ਸੀ। ਜੇ ਕਿਤੇ ਸ਼ਹਿਰ ਤੋਂ ਜਾਣਾ ਹੁੰਦਾ, ਉਸ ਵੇਲੇ ਸਭ ਨੂੰ ਪਤਾ ਲਗ ਜਾਂਦਾ ਸੀ ਕਿ ਸੰਗ ਚੱਲਿਆ ਹੋਣਾ, ਸੰਗ ਕਹਿੰਦੇ ਸੀ ਜਾਂ ਜੱਥਾ ਕਹਿੰਦੇ ਸੀ। ਜਿਹੜੇ ਗੁਰੂ ਕਿਆਂ ਵਲ ਨੂੰ ਚਲਦੇ ਸੀ ਉਨ੍ਹਾਂ ਨੂੰ ਜੱਥਾ ਕਹਿੰਦੇ ਸੀ, ਜਿਹੜਾ ਦੇਵੀ-ਦੇਵਤਿਆਂ ਦੇ ਪੀਰਾਂ ਦੀਆਂ ਮਜਾਰਾਂ 'ਤੇ ਜਾਂਦੇ ਸੀ ਉਨ੍ਹਾਂ ਨੂੰ ਸੰਗ ਕਿਹਾ ਜਾਂਦਾ ਸੀ। ਸੋ ਇਹ ਗੁਰੂ ਦਰਸ਼ਨਾਂ ਵਾਸਤੇ ਸੰਗਤ ਦਾ ਜੱਥਾ ਤਿਆਰ ਹੋਇਆ। ਉਨ੍ਹਾਂ ਦਿਨਾਂ 'ਚ ਅੱਜ ਵਰਗੀਆਂ ਸਹੂਲਤਾਂ ਨਹੀਂ ਸੀ, ਲੰਮੇ ਸਫਰ ਸੀ, ਲੰਮੇ ਪੈਂਡੇ ਸੀ। ਤਿੰਨ-ਤਿੰਨ ਮਹੀਨੇ ਚਲਦੇ ਆਉਂਦੇ, ਚਾਰ-ਚਾਰ ਮਹੀਨੇ, ਛੇ-ਛੇ ਮਹੀਨੇ ਚਲਦੇ ਆਉਂਦੇ ਸੀ। ਜਿਹੜੇ ਲੰਕਾ ਤੋਂ ਪੈਦਲ ਚਲਦੇ ਸੀ ਕਿੰਨਾ ਸਮਾਂ ਲਗਦਾ ਸੀ, ਜਿਹੜੇ ਤਾਸ਼ਕੰਦ ਤੋਂ ਈਰਾਨ ਤੋਂ ਚਲਦੇ ਸੀ, ਇਸ ਤੋਂ ਵੀ ਅੱਗੇ ਈਰਾਕ ਤੋਂ ਆਉਂਦੇ ਸੀ ਉਨ੍ਹਾਂ ਨੂੰ ਕਿੰਨਾਂ ਸਮਾਂ ਲਗਦਾ ਹੈ। ਕਿਤੇ ਜਹਾਜ਼ ਲੈਂਦੇ ਸੀ ਪਾਣੀ ਦਾ, ਪਾਣੀ ਦੇ ਜਹਾਜ਼ ਵੀ ਇੰਜਣਾਂ ਨਾਲ ਨਹੀਂ ਸੀ ਚਲਦੇ, ਹਵਾ ਨਾਲ ਚਲਦੇ ਸੀ। ਥੋੜ੍ਹਾ-ਥੋੜ੍ਹਾ ਸਫਰ ਕਟਦੇ ਫੇਰ ਪੈਦਲ ਚਲਦੇ ਸੀ। ਕਿੰਨਾਂ ਭਾਉ ਬਣ ਜਾਂਦਾ ਸੀ, ਕਿੰਨਾ ਪਿਆਰ ਬਣ ਜਾਦਾ ਸੀ। ਹੁਣ ਦੇ ਜ਼ਮਾਨੇ ਨੂੰ ਜੇ ਅਸੀਂ ਪਿਛਲੇ ਜ਼ਮਾਨੇ ਨਾਲ ਮਿਲਾਉਂਦੇ ਹਾਂ, ਦੋਵੇਂ ਦੇਖੇ ਹੋਏ ਨੇ ਮੇਰੇ। ਉਹ ਦਿਨ ਵੀ ਦੇਖੇ ਹੋਏ ਨੇ ਕਿ ਜਦੋਂ ਕਿਸੇ ਕਾਰ ਨੂੰ ਦੇਖ ਲੈਂਦੇ ਸੀ ਪਿੰਡਾਂ ਵਾਲੇ, ਕੋਈ ਟਰੱਕ ਪਿੰਡ 'ਚੋਂ ਲੰਘ ਗਿਆ ਸਾਰੇ ਪਿੰਡ ਦੇ ਬੱਚੇ ਟਰੱਕ ਦੇ ਪਿੱਛੇ ਨੱਠਦੇ ਸੀ। ਦੇਖਦੇ ਸੀ ਕਿ ਇਹ ਕੀ ਹੋਇਆ, ਕਿਵੇਂ ਰੁੜ੍ਹਿਆ ਜਾਂਦਾ ਹੈ? ਕਿਹੜੀ ਚੀਜ਼ ਨਾਲ ਰੁੜ੍ਹਦਾ ਹੈ, ਬੈਲ ਤਾਂ ਇਸ ਨੂੰ ਜੜ੍ਹੇ ਨਹੀਂ ਹੋਏ, ਤੇ ਇਹ ਰੁੜ੍ਹਿਆ ਜਾ ਰਿਹਾ ਹੈ। ਕਾਰਾਂ ਦੌੜੀਆਂ ਜਾਂਦੀਆਂ ਨੇ, ਹੈਰਾਨ ਹੁੰਦੇ ਸੀ। ਸਾਰਿਆਂ ਦੇ ਭਾਗਾਂ 'ਚ ਨਹੀਂ ਹੁੰਦਾ, ਕੋਈ-ਕੋਈ ਵਿਰਲਾ ਬੰਦਾ ਸ਼ਹਿਰਾਂ ਦਾ ਅਮੀਰ ਉਹਦੇ ਕੋਲ ਕਾਰ ਹੁੰਦੀ ਸੀ। ਮੋਟਰ ਸਾਇਕਲ ਨਹੀਂ ਸੀ ਹੁੰਦੀ। ਸਾਇਕਲ ਜਿਹੜੇ ਨੇ 1940 ਵਿੱਚ ਆਏ, ਉਸ ਤੋਂ ਪਹਿਲਾਂ ਕਿਸੇ ਕੋਲ ਹੁੰਦਾ ਹੋਵੇ ਤਾਂ ਹੋਵੇ, ਦਸ ਰੁਪਈਏ ਦਾ ਜਪਾਨੀ ਸਾਈਕਲ ਆਉਂਦਾ ਸੀ, ਤੀਹ ਕੁ ਰੁਪਈਏ ਦਾ ਦੂਸਰਾ ਇੱਕ ਹੋਰ ਸਾਈਕਲ ਆਉਂਦਾ ਸੀ, ਉਹ ਵੀ ਕਿਸੇ-ਕਿਸੇ ਨੂੰ ਚਲਾਉਣਾ ਆਉਂਦਾ ਸੀ, ਹਰ ਕੋਈ ਚਲਾਉਣਾ ਵੀ ਨਹੀਂ ਸੀ ਜਾਣਦਾ। ਬਾਕੀ ਤਾਂ ਸਾਰੇ ਪੈਦਲ ਹੀ ਜਾਂਦੇ ਸੀ। ਪੈਰ ਇੰਨੇ ਪੱਕੇ ਸੀ ਜੋੜੇ ਘੱਟ ਪਾਉਂਦੇ ਸੀ, ਛਾਲੇ ਪੈ ਜਾਂਦੇ ਸੀ, ਫੇਰ ਜੋੜੇ ਚੁੱਕਣੇ ਪੈਂਦੇ ਸੀ। ਨੰਗੇ ਪੈਰੀਂ ਜਾਂਦੇ ਨੇ, ਰੋੜ੍ਹੇ ਚੁੱਭਦੇ ਹੋਣੇ ਨੇ। ਹੁਣ ਤਾਂ ਤੁਰ ਕੇ ਦਿਖਾਓ, ਕੋਈ ਦੋ ਮੀਲ ਨਹੀਂ ਜਾ ਸਕਦਾ ਨੰਗੇ ਪੈਰੀਂ। ਸੋ ਇਸ ਤਰ੍ਹਾਂ ਦੇ ਨਾਲ ਸੰਗ ਚਲਦੇ, ਦੋ-ਦੋ ਮਹੀਨੇ ਚੱਲੀ ਜਾਂਦੇ। ਰਸਤੇ 'ਚ ਧਰਮਸਾਲਾਂ ਬਣੀਆਂ ਹੁੰਦੀਆਂ ਸੀ। ਚਲਦੇ ਆਉਂਦੇ ਕਿਸੇ ਮਹਾਤਮਾ ਦੇ ਨਾਲ। ਕਿਸੇ ਪੂਰਨ ਗੁਰਸਿੱਖ ਦੇ ਨਾਲ। ਉਸ ਗੁਰਸਿੱਖ ਨੇ ਹਰ ਥਾਂ ਆ ਕੇ ਨਾਲੇ ਤਾਂ ਕੀਰਤਨ ਕਰਨਾ, ਪਿੰਡ ਵਾਲਿਆਂ ਨੂੰ ਸੁਣਾਉਣਾ, ਆਪਣੇ ਜੱਥੇ ਨੂੰ ਸੁਣਾਉਣਾ ਤੇ ਜੇ ਹਜ਼ੂਰ ਸਾਹਿਬ ਨੂੰ ਜਾਣਾ ਤਾਂ ਛੇ ਮਹੀਨੇ ਤੁਰੀ ਜਾਂਦੇ ਸੀ। ਥਾਂ-ਥਾਂ ਦੇ ਉੱਤੇ ਲੋਕ ਜੋ ਮਿਲਦੇ ਸੀ, ਬਾਣੀ ਨਹੀਂ ਸੀ ਸਮਝਦੇ ਉਨ੍ਹਾਂ ਨੂੰ ਵੀ ਉਪਦੇਸ਼ ਦਿੰਦੇ। ਮੁੜਦੇ ਹੋਏ ਫੇਰ ਉਪਦੇਸ਼ ਦਿੰਦੇ ਆਉਂਦੇ। ਉਹਨੂੰ ਤੀਰਥ ਯਾਤਰਾ ਕਹਿੰਦੇ ਸੀ, ਜਦੋਂ ਉਹ ਪਿੰਡ ਦੇ ਨੇੜੇ ਆਉਂਦੇ, ਜੇ ਉਸ ਜੱਥੇ ਵਿਚ ਦੋ ਚਾਰ ਗਏ ਹੋਏ ਪਿੰਡ ਦੇ ਬੰਦੇ ਹੁੰਦੇ, ਉਸ ਵੇਲੇ ਜਿਹੜੇ ਸਾਰੇ ਪਿੰਡ ਦੇ ਚੰਗੇ ਬੰਦੇ ਹੁੰਦੇ, ਢੋਲਕੀਆਂ ਚਿਮਟਾ ਲੈਣਾ ਉਹਨੂੰ ਦੋ ਚਾਰ ਮੀਲ ਅੱਗੇ ਹੋ ਕੇ ਮਿਲਦੇ ਸੀ ਤੇ ਫੇਰ ਸ਼ਬਦ ਪੜ੍ਹਦੇ ਲਿਆਉਂਦੇ ਸੀ ਕਿ ਇਹ ਤੀਰਥ ਯਾਤਰਾ ਕਰ ਰਹੇ ਨੇ। ਪਿੰਡ ਦੇ ਕੋਲ ਧੂੜੀ ਵਾਲੇ ਥਾਂ ਉਹਨੂੰ ਖੜ੍ਹੇ ਕਰ ਦੇਣਾ, ਉਹ ਹਰੇਕ ਨੇ ਉਹਦੇ ਚਰਨਾਂ ਦੀ ਧੂੜੀ ਚੁੱਕ-ਚੁੱਕ ਕੇ ਮੱਥੇ ਦੇ ਨਾਲ ਲਾਉਣੀ ਤੇ ਆਪਣੇ ਆਪ ਨੂੰ ਇਹ ਸਮਝਣਾ ਕਿ ਇਹ ਤੀਰਥ ਕਰਕੇ ਆਇਆ ਹੈ। ਇਹ ਸ਼ੁੱਧ ਹੋ ਗਿਆ। ਜਾਂਦੇ ਵੀ ਓਹੀ ਸੀ ਪਿਆਰ ਪ੍ਰੇਮ ਵਾਲੇ, ਸਾਰੇ ਨਹੀਂ ਸੀ ਜਾਇਆ ਕਰਦੇ। ਪਰ ਜਦੋਂ ਰਸਮ ਬਣ ਗਈ, ਫੇਰ ਮਹਾਰਾਜ ਕਹਿੰਦੇ ਭਾਈ! ਜੇ ਹਿਰਦਾ ਸ਼ੁੱਧ ਨਹੀਂ ਹੈ ਫੇਰ ਕਾਹਨੂੰ ਤੀਰਥਾਂ 'ਤੇ ਘੁੰਮਦਾ ਫਿਰਦਾ ਹੈਂ ਇਹ ਗੱਲ ਵੱਖਰੀ ਹੈ ਉਹ ਵੱਖਰੀ ਹੈ। ਇਕ ਭਗਤਾਂ, ਪਿਆਰ ਵਾਲਿਆਂ ਵਾਲੀ ਹੈ, ਇਹ ਠੱਗਾਂ ਵਾਲੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬੜੇ ਪਿਆਰ 'ਤੇ ਭਾਵਨਾ ਦੇ ਨਾਲ ਗੁਰੂ ਦੇ ਦਰ 'ਤੇ ਜਾਣਾ। ਬਹੁਤਿਆਂ 'ਚ ਤਾਂ ਇਹ ਰਿਵਾਜ਼ ਸੀ ਕਿ ਜਿੱਥੋਂ ਗੁਰੂ ਦਾ ਮੰਦਰ ਦਿਸ ਪੈਣਾ ਉਥੋਂ ਆਪਣੇ ਕਪੜੇ ਸਾਥੀਆਂ ਨੂੰ ਪਕੜਾ ਕੇ, ਲੰਮੇ-ਲੰਮੇ ਪੈ ਕੇ ਬੰਦਨਾ ਕਰਨੀ। ਉਸ ਤਰ੍ਹਾਂ ਦੇ ਨਾਲ ਫੇਰ ਪੈਦਲ ਤੁਰਨਾ ਨਹੀਂ ਹੈ ਬੰਦਨਾ ਕਰਦੇ ਪਹੁੰਚਣਾ ਹੈ। ਸੋ ਇਸ ਤਰ੍ਹਾਂ ਦਾ ਰਿਵਾਜ਼ ਹੋਇਆ ਕਰਦਾ ਸੀ ਉਨ੍ਹਾਂ ਦਿਨਾਂ ਦੇ ਅੰਦਰ। ਸੰਗਤਾਂ ਆਇਆ ਕਰਦੀਆਂ ਸੀ, ਗੁਰੂ ਮਹਾਰਾਜ ਦੇ ਬਚਨ ਸਰਵਣ ਕਰਿਆ ਕਰਦੀਆਂ ਸੀ। ਸੋ ਇਸ ਤਰ੍ਹਾਂ ਦੇ ਨਾਲ ਸੰਗਤ ਕਿਸੇ ਪਿੰਡ ਤੋਂ ਤੁਰੀ, ਉਨ੍ਹਾਂ ਦੇ ਵਿੱਚ ਇੱਕ ਐਸਾ ਪ੍ਰੇਮੀ ਰਲ ਗਿਆ, ਜਿਹਦਾ ਗੁਰੂ ਨਾਲ ਤਾਂ ਕੋਈ ਪਿਆਰ ਨਹੀਂ ਸੀ। ਉਹ ਕਿਰਤ ਕਰਦਾ ਸੀ ਗਹਿਣੇ ਬਣਾਉਣ ਦੀ। ਉਹ ਗੱਲਾਂ-ਬਾਤਾਂ ਦਾ ਬਹੁਤ ਹੁਸ਼ਿਆਰ ਸੀ। ਚਾਹੇ ਆਪਣਾ ਸਕਾ ਹੀ ਹੋਵੇ, ਉਹਦੇ ਵੀ ਗਹਿਣੇ ਵਿੱਚ ਖੋਟ ਪਾ ਦੇਣੀ ਓਸਨੇ। ਆਪ ਉਸ ਨੇ ਬਹੁਤ ਸੋਹਣਾ ਘਰ ਪਾ ਲਿਆ। ਪਸ਼ੂ ਉਹਦੇ ਕੋਲ ਸੋਹਣੇ ਸੀ, ਸਹੂਲਤਾਂ ਸਾਰੀਆਂ ਸੀ, ਕੱਪੜਾ ਲੀੜਾ ਹਰ ਚੀਜ਼ ਉਹਦੇ ਕੋਲ ਬਹੁਤੀ ਸੀ ਦੂਜਿਆਂ ਨਾਲੋਂ, ਸੋ ਉਹਦਾ ਇਸ ਤਰ੍ਹਾਂ ਦਾ ਹੀ ਕੀਤਾ ਹੋਣ ਕਰਕੇ ਮਨ ਬਹੁਤ ਮੈਲਾ ਹੋ ਚੁੱਕਿਆ ਸੀ, ਉਹਦੇ ਮਨ ਵਿੱਚ ਆਇਆ ਕਿ ਸਿੱਖ ਜਿਹੜੇ ਨੇ ਇਹ ਬੜੇ ਸਿੱਧੇ ਸਾਧੇ 'ਤੇ ਭੋਲੇ ਨੇ ਤੇ ਮੈਂ ਇਨ੍ਹਾਂ ਦੇ ਨਾਲ ਤੁਰਾਂ ਤੇ ਇਨ੍ਹਾਂ ਦੇ ਗੁਰੂ ਦੇ ਕਰਾਂ ਦਰਸ਼ਨ ਤਾਂ ਮੇਰੀ ਬਿਜ਼ਨਸ ਹੋਰ ਚੱਲ ਸਕਦੀ ਕਿਉਂਕਿ ਮੇਰੇ ਤੋਂ ਇਹ ਗਹਿਣੇ

ਬਣਵਾਉਣਗੇ ਤੇ ਮੈਂ ਵੱਧ ਵੀ ਖੋਟ ਜੇ ਪਾ ਲਵਾਂਗਾ, ਤਾਂ ਵੀ ਇਨ੍ਹਾਂ ਨੇ ਕਹਿਣਾ ਹੀ ਨਹੀਂ ਕੁਛ, ਕਿ ਇਹ ਤਾਂ ਸਿੱਖ ਹੈ, ਸਾਡਾ ਭਾਈ ਸਾਥੀ ਹੀ ਹੈ।

ਜਿਹੜੇ ਇਸ ਤਰ੍ਹਾਂ ਦੇ ਲੋਕ ਹੋਇਆ ਕਰਦੇ ਨੇ ਇਹ ਆਪਣਿਆਂ ਨੂੰ ਧੋਖਾ ਜ਼ਿਆਦਾ ਦਿੰਦੇ ਨੇ, ਬਾਹਰਲੇ ਜ਼ਰਾ ਕੁ ਚਲਾਕ ਹੁੰਦੇ ਨੇ ਉਹ ਧੋਖਾ ਨਹੀਂ ਖਾਂਦੇ।

ਸਾਡੇ ਰਿਸ਼ਤੇਦਾਰ ਲਗਦੇ ਸੀ ਨੇੜੇ ਦੇ, ਮੈਂ ਇੱਕ ਵਾਰੀ ਸਹਿਜ ਨਾਲ ਹੀ ਕਿਹਾ ਕਿ ਅਸੀਂ ਤੁਹਾਡੇ ਰਿਸ਼ਤੇਦਾਰ ਲਗਦੇ ਹਾਂ, ਹੋਰ ਵੀ ਤੁਹਾਡੇ ਰਿਸ਼ਤੇਦਾਰ ਲਗਦੇ ਨੇ, ਤੁਸੀਂ ਇਨ੍ਹਾਂ ਦੀ ਲੁੱਟਮਾਰ ਕਿਉਂ ਕਰ ਲਈ? ਇਨ੍ਹਾਂ ਨਾਲ ਧੋਖੇ ਕਰ ਲਏ ਸਾਰੇ, ਉਹ ਮੈਨੂੰ ਕਹਿਣ ਲੱਗਿਆ ਕਿ ਵਰਿਆਮ ਸਿੰਘ ਤੂੰ ਤਾਂ ਸਿੱਧਾ ਹੀ ਰਿਹਾ। ਮੈਂ ਕਿਹਾ ਕੀ ਗੱਲ? ਉਹ ਕਹਿੰਦਾ, ਜਿਹੜਾ ਇਤਬਾਰ ਕਰਦਾ ਹੈ, ਧੋਖਾ ਉਸ ਨੂੰ ਹੀ ਦਿੱਤਾ ਜਾ ਸਕਦਾ ਹੈ ਜਿਹੜਾ ਕਰਦਾ ਹੀ ਨਹੀਂ ਉਹਨੂੰ ਅਸੀਂ ਕਿਵੇਂ ਧੋਖਾ ਦੇ ਦੇਵਾਂਗੇ। ਤੁਸੀਂ ਸਾਡੇ 'ਤੇ ਇਤਬਾਰ ਕਰਦੇ ਓਂ ਅਸੀਂ ਆਪਣਾ ਉੱਲੂ ਸਿੱਧਾ ਕਰ ਲਿਆ, ਇਹਦੇ 'ਚ ਕਿਹੜੀ ਗੱਲ ਹੈ। ਫੇਰ ਸੋਚ ਹੋਇਆ ਕਰਦੀ ਹੈ। ਐਸੀ ਸੋਚ ਵਾਲਾ ਇੱਕ ਗੁਰਮੁਖ ਪਿਆਰਾ ਜਿਹਦਾ ਨਾਉਂ ਭਾਈ ਬੋਹੜੂ ਸੀ ਸੋਨੇ ਦਾ ਕੰਮ ਕਰਦਾ ਸੀ, ਉਹ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਕੋਲ ਪਹੁੰਚ ਗਿਆ। ਜਿਸ ਵਕਤ ਉਥੇ ਜਾਂਦੇ ਨੇ ਉਸ ਵੇਲੇ ਸਮਾਗਮ ਹੈ, ਜਿਵੇਂ ਭਾਦੁਇ ਦੀ ਸੰਗਰਾਂਦ ਹੈ, ਉਪਦੇਸ਼ ਤਾਂ ਬਾਣੀ ਕੋਈ ਵੀ ਪੜ੍ਹ ਲਓ, ਉਹਦੇ ਵਿਚੋਂ ਹੀ ਆ ਜਾਂਦਾ ਹੈ। ਉਸ ਵੇਲੇ ਬਚਨ ਹੋਏ ਸੀ ਇਹ ਜਿਹੜਾ ਜੀਵ ਹੈ ਸੰਸਾਰ 'ਤੇ ਆਉਂਦਾ ਹੈ, ਇਹਨੂੰ ਇਹ ਪਤਾ ਨਹੀਂ ਹੈ ਕਿ ਮੈਂ ਕੌਣ ਹਾਂ ਇਹ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਕਹੀ ਜਾਂਦਾ ਹੈ, ਸ਼ੀਸ਼ੇ ਦੇ ਸਾਮ੍ਹਣੇ ਖੜ੍ਹਾ ਹੋ ਕੇ ਕਹਿੰਦਾ ਹੈ ਕਿ ਇਹ ਮੈਂ ਹਾਂ, ਜਿਵੇਂ ਕੋਈ ਆਦਮੀ ਕਪੜਿਆਂ ਨੂੰ ਮੈਂ ਕਹੇ, ਮਕਾਨ ਨੂੰ, ਕਾਰ ਨੂੰ ਮੈਂ ਕਹੇ, ਜਿਵੇਂ ਅਸੀਂ ਸਾਰੇ ਜਿੰਨੇ ਬੈਠੇ ਹਾਂ ਨਾ, ਇੱਕ ਅੱਧਾ ਛੱਡ ਕੇ, ਬਾਕੀ ਸ਼ੀਸ਼ੇ ਦੇ ਸਾਮ੍ਹਣੇ ਖੜ੍ਹੇ ਹੋ ਕੇ ਕਹਿੰਦੇ ਹਾਂ ਕਿ ਇਹ ਮੈਂ ਹਾਂ। ਇਹ ਦੇਹ ਹੰਗਤਾ ਕਹਾਉਂਦੀ ਹੈ, ਅਣਜਾਣਪੁਣਾ ਕਹਾਉਂਦਾ ਹੈ, ਭਰਮ ਕਹਾਉਂਦਾ ਹੈ। ਸੋ ਇਸ ਭਰਮ ਦੇ ਵਿੱਚ ਸਾਰਾ ਸੰਸਾਰ ਭੁੱਲਿਆ ਪਿਆ ਹੈ। ਇਹਦੇ ਨਾਲ ਹੁੰਦਾ ਕੀ ਹੈ ਅਸਲ ਤਾਂ ਇੱਥੇ ਹੈਗਾ ਵਾਹਿਗੁਰੂ, ਇੱਕ ਉਹ ਚੀਜ਼ ਹੈ ਜਿਹੜੀ ਪੈਦਾ ਹੁੰਦੀ ਹੈ ਬਦਲ ਜਾਂਦੀ ਹੈ, ਬਚਪਨ ਹੁੰਦਾ ਹੈ, ਜਵਾਨੀ ਆਉਂਦੀ ਹੈ, ਬੁਢਾਪਾ ਆ ਜਾਂਦਾ ਹੈ, ਫੇਰ ਮਰ ਜਾਂਦਾ ਹੈ, ਫੇਰ ਵਿਛੁੜ ਜਾਂਦਾ ਹੈ। ਹੁਣ ਹੋਇਆ ਕੀ ਜਿਹੜਾ ਤਾਂ ਮਿੱਤਰ ਹੈ -

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭***

ਜਿਹੜਾ ਹਰ ਵਕਤ ਨਾਲ ਰਹਿਣ ਵਾਲਾ ਹੈ, ਕੋਈ ਵੀ ਜੂਨ ਮਿਲ ਜਾਵੇ ਉਹਦੇ ਵਿੱਚ ਉਹਨੇ ਸਾਡੇ ਨਾਲ ਰਹਿਣਾ ਹੈ, ਉਹਦੇ ਨਾਲ ਤਾਂ ਸਾਡਾ ਪਿਆਰ ਨਹੀਂ ਪੈਂਦਾ। ਜਿਨ੍ਹਾਂ ਨੂੰ ਛੱਡ ਜਾਣਾ ਹੈ ਉਨ੍ਹਾਂ ਨਾਲ ਸਾਡਾ ਪਿਆਰ ਪਿਆ ਹੋਇਆ ਹੈ। ਦਿਨ ਰਾਤ ਅਸੀਂ ਫਿਕਰ 'ਚ ਰਹਿੰਦੇ ਹਾਂ, ਕਦੇ ਬੱਚਿਆਂ ਦਾ ਫਿਕਰ ਹੈ, ਕਦੇ ਬਜ਼ੁਰਗ ਦਾ ਫਿਕਰ ਹੈ, ਫਿਕਰ ਹਟਦਾ ਹੀ ਨਹੀਂ। ਸੰਸਾਰ ਜਦੋਂ ਤੋਂ ਬਣਿਆ ਹੈ ਓਦੋਂ ਤੋਂ ਇਹ ਗੱਲ ਤੁਰੀ ਆਉਂਦੀ ਹੈ। ਸੋ ਮਹਾਰਾਜ ਕਹਿੰਦੇ ਪਿਆਰਿਆ! ਤੂੰ ਭੁੱਲ ਗਿਆ ਭਰਮ 'ਚ ਪੈ ਕੇ ਤੇ ਤੇਰਾ ਪਿਆਰ ਲੱਗ ਗਿਆ, ਉਨ੍ਹਾਂ ਚੀਜ਼ਾਂ ਨਾਲ ਜਿਨ੍ਹਾਂ ਨੇ ਤੇਰੀ ਸਹਾਇਤਾ ਨਹੀਂ ਕਰਨੀ ਤੇ ਤੂੰ ਦੇਹ ਨੂੰ ਸ਼ਿੰਗਾਰਦਾ ਹੈਂ, ਅਨੇਕਾਂ ਤਰੀਕਿਆਂ ਦੇ ਨਾਲ, ਕੁਰਹਿਤਾਂ ਵੀ ਕਰਦਾ ਹੈਂ, ਅੰਮ੍ਰਿਤ ਛਕ ਲਿਆ, ਦਾੜ੍ਹੀ ਕੱਟੀ ਜਾਂਦਾ ਹੈ ਉਪਰੋਂ। ਚੰਗਾ ਬਣਨ ਵਾਸਤੇ ਭਰਵੱਟਿਆਂ ਦੇ ਰੋਮਾਂ ਨੂੰ ਕੱਟੇਗਾ। ਕਹਿੰਦੇ ਸ਼ਿੰਗਾਰ ਲਾ ਰਿਹਾ ਹੈ, ਦੱਸ ਤਾਂ ਸਹੀ ਕਿ ਇਹ ਕਿਸ ਕੰਮ ਆਉਣਗੇ? ਜਦੋਂ ਤੂੰ ਛੱਡ ਹੀ ਜਾਣੀ ਹੈ ਇਹ ਦੇਹ, ਇਹਦੇ ਲਾਈ ਜਾਹ ਸ਼ਿੰਗਾਰ ਜਿੰਨੇ ਲਾਉਣੇ ਨੇ, ਕੋਈ ਫਾਇਦਾ ਵੀ ਹੈ? ਜੇ ਸ਼ਿੰਗਾਰ ਲਾਉਣਾ ਹੈ, ਤਾਂ ਤੂੰ ਆਪਣੇ ਆਪ ਨੂੰ ਲਾ, ਆਪਣੇ ਆਪ ਨੂੰ ਪਛਾਣ।

***ਭੈ ਕੀਆ ਦੇਹਿ ਸਲਾਈਆ***
***ਨੈਣੀ ਭਾਵ ਕਾ ਕਰਿ ਸੀਗਾਰੋ ॥ ਅੰਗ - ੭੨੨***

ਪਿਆਰ ਦਾ ਸ਼ਿੰਗਾਰ ਲਾ, ਅਦਬ ਦੀਆਂ ਸਲਾਈਆਂ ਦੇਹ, ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ, ਇਸ ਤੋਂ ਵੱਡਾ ਸ਼ਿੰਗਾਰ ਦੁਨੀਆਂ 'ਚ ਕੋਈ ਨਹੀਂ। ਇਹ ਜਿਹੜਾ ਸ਼ਿੰਗਾਰ ਅਸੀਂ ਦੁਨੀਆਂ ਦਾ ਲਾਉਂਦੇ ਹਾਂ, ਮਹਾਰਾਜ ਕਹਿੰਦੇ ਜਿਸ ਦਿਨ ਤੇਰੀ ਦੇਹ ਛੁਟ ਗਈ ਨਾ, ਉਸੇ ਵੇਲੇ ਤੇਰੇ ਤੋਂ ਸਾਰੇ ਡਰਨ ਲਗ ਜਾਣਗੇ। ਇੱਕ ਸਕਿੰਟ ਵੀ ਨਹੀਂ ਲੰਘਦਾ, ਉਸੇ ਵੇਲੇ ਡਰ ਕੇ ਪਾਸੇ ਹੋ ਜਾਂਦੇ ਨੇ। ਹੁਣ ਚਲਿਆ ਕਿੱਥੇ ਗਿਆ, ਉਹਦੇ ਵਿੱਚ ਜਿਹੜਾ ਸੀਗਾ ਉਹਨੂੰ ਕੱਢ ਕੀਹਨੇ ਲਿਆ, ਨਾ ਤਾਂ ਉਹ ਸਾਨੂੰ ਦਿੱਸਿਆ ਹੈ, ਅਜੇ ਡੰਗਰਾਂ ਨੂੰ ਦਿਸ ਜਾਂਦਾ ਹੈ।

ਜਦੋਂ ਸਾਡੇ ਬੇਬੇ ਜੀ ਚੜ੍ਹਾਈ ਕਰੇ, ਉਹ ਚੰਗੇ ਭਲੇ ਬੋਲਦੇ ਸੀ, ਮੈਂ ਗੱਲਾਂ ਕਰ ਰਿਹਾ ਸੀ, ਉਹਦੇ ਮੰਜੇ ਤੇ ਪੈਰਾਂ ਵਾਲੇ ਪਾਸੇ ਬੈਠਾ ਸੀ, ਮੈਂ ਕਿਹਾ ਬੇਬੇ ਤੂੰ ਸੁਖਮਨੀ ਸਾਹਿਬ ਸੁਣ, ਮੈਂ ਪੜ੍ਹਦਾ ਹਾਂ। ਹੁੰਗਾਰਾ ਭਰੀ ਜਾਈਂ, ਉਹ ਭਰੀ ਗਈ, ਜਦੋਂ ਪੰਜਵੀਂ ਛੇਵੀਂ ਅਸਟਪਦੀ 'ਤੇ ਗਏ, ਉਹ ਡੰਗਰਾਂ ਨੇ ਰੌਲਾ ਪਾ ਦਿੱਤਾ, ਖੁਰ ਮਾਰਦੇ ਨੇ, ਸਿਰ ਮਾਰਦੇ ਨੇ, ਰੱਸੇ ਤੁੜਾਉਂਦੇ ਨੇ। ਕੁੱਤੇ ਜਿਹੜੇ ਸੀ ਉਹ ਚੀਕਾਂ ਮਾਰਨ ਲੱਗ ਗਏ, ਰੋਣ ਲੱਗ ਗਏ, ਉੱਚੀ-ਉੱਚੀ। ਪੰਛੀ ਹਿੱਲਣ ਲੱਗ ਗਏ। ਮੈਂ ਕਿਹਾ ਦੇਖੋ, ਇਨ੍ਹਾਂ ਨੂੰ ਕੋਈ ਚੀਜ਼ ਦਿਸ ਰਹੀ ਹੈ ਜਿਹਦੇ ਨਾਲ ਇਨ੍ਹਾਂ ਵਿੱਚ ਹਿੱਲਜੁਲ ਹੋ ਰਹੀ ਹੈ। ਬੰਦੇ ਨੂੰ ਨਹੀਂ ਦਿਸੀ ਕਿਸੇ ਨੂੰ ਵੀ। ਸਾਨੂੰ ਨਹੀਂ ਦਿੱਸੀ, ਐਨਾ ਪਤਾ ਸੀ ਕਿ ਇਹਦਾ ਅੰਤ ਸਮਾਂ ਆਇਆ ਹੋਇਆ ਹੈ, ਉਹ ਜਿਹੜਾ ਵਿੱਚ ਬੋਲਦਾ ਸੀ, ਥੋੜ੍ਹੀ ਦੇਰ ਪਹਿਲਾਂ ਬੇਬੇ ਹੁੰਗਾਰਾ ਭਰਦੀ ਸੀ, ਗੱਲਾਂ ਕਰਦੀ ਸੀ, ਮੈਂ ਕਿਹਾ ਕਿ ਤੈਨੂੰ ਮਿਲਾ ਦੇਵਾਂ ਕਿਸੇ ਨੂੰ ਜੇ ਮਿਲਣਾ ਹੈਂ। ਕਹਿੰਦੀ, ਨਾ-ਨਾ ਮੈਂ ਕਿਸੇ ਨੂੰ ਨਹੀਂ ਮਿਲਣਾ। ਉਨ੍ਹਾਂ ਨੂੰ ਕੌਣ ਲੈ ਗਿਆ, ਵਿਚੋਂ ਕੱਢ ਕੇ। ਮਹਾਰਾਜ ਕਹਿੰਦੇ ਇਸ ਗੱਲ ਜੋ ਹੈ ਨਾ ਕਿ ਕੌਣ ਲੈ ਗਿਆ, ਇਸ ਦਾ ਮਨੁੱਖ ਨੂੰ ਨਹੀਂ ਪਤਾ ਲਗਦਾ, ਕਿਉਂਕਿ ਇਹ ਭੇਤ ਪ੍ਰਮੇਸ਼ਰ ਨੇ ਆਪਣੇ ਹੱਥ ਵਿੱਚ ਰੱਖਿਆ ਹੋਇਆ ਹੈ, ਐਉਂ ਪੜ੍ਹ ਲਓ -

***ਧਾਰਨਾ - ਭੇਤ ਕਿਸੇ ਓ ਨਹੀਂਓਂ ਲਗਣਾ।***
***ਜਦੋਂ ਫੜ ਕੇ ਜਮਾਂ ਨੇ ਬੰਨ੍ਹਿਆਂ।***

ਪਿਆਰਿਆ! ਤੂੰ ਭੁੱਲ ਗਿਆ, ਤੈਨੂੰ ਮਨੁੱਖ ਦਾ ਜਨਮ ਮਿਲਿਆ ਸੀ।

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਅੰਗ - ੧੩੪*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਬੜੀ ਦੇਰ ਤੋਂ ਬਾਅਦ ਤੈਨੂੰ ਮਨੁੱਖ ਦਾ ਜਾਮਾ ਮਿਲਿਆ ਸੀ, ਤੂੰ ਨਾਮ ਜਪਣਾ ਸੀ, ਬੰਦਗੀ ਕਰਨੀ ਸੀ, ਨੇਕ ਕੰਮ ਕਰਨੇ ਸੀ, ਸੋਚਣਾ ਸੀ ਕਿ ਜੰਮਣ ਮਰਨ ਦਾ ਚੱਕਰ ਮੇਰੇ ਗਲ ਤੋਂ ਕਿਵੇਂ ਲਹੇ, ਪਰ ਕਿੱਥੇ ਬੇਪਰਵਾਹ ਹੈ ਇਹ। ਕੋਈ ਪਰਵਾਹ ਹੀ ਨਹੀਂ ਹੈ ਗੁਰੂ ਦੀ ਬਾਣੀ ਦੀ, ਮੱਥੇ ਟਿਕਾ ਲਓ ਜਿੰਨੇ ਕਹੋ ਟੇਕ ਦੇਵਾਂਗੇ, ਮੰਨਦੇ ਨਹੀਂ ਅਸੀਂ ਗੁਰੂ ਦੀ ਬਾਣੀ। ਮਹਾਰਾਜ ਕਹਿੰਦੇ ਭਟਕ ਗਿਆ ਤੂੰ, ਦੂਜੇ ਹੇਤ ਲਗ ਗਿਆ ਤੈਨੂੰ। ਪ੍ਰਮੇਸ਼ਰ ਨੂੰ ਛੱਡ ਦਿਤਾ, ਤੇ ਤੇਰਾ ਪਿਆਰ ਲਗ ਗਿਆ, ਇਹ ਪਿਆਰ ਤਾਂ ਨਿਭਣਾ ਨਹੀਂ ਹੈ, ਇਹ ਤਾਂ ਜਿੰਨਾਂ ਚਿਰ ਤੇਰਾ ਸਰੀਰ ਹੈ ਓਨਾਂ ਚਿਰ ਤਕ ਨਿਭਦਾ ਹੈ, ਪਰ ਓਨਾਂ ਚਿਰ ਵੀ ਨਹੀਂ ਨਿਭਦਾ, ਜਦੋਂ ਤੂੰ ਹੋ ਗਿਆ ਨਾ ਸੱਠ ਸਾਲ ਤੋਂ ਉੱਤੇ। ਫੇਰ ਤੇਰੀ ਲੋੜ ਘਟ ਜਾਣੀ ਹੈ। ਬੱਚੇ ਅੱਡ ਹੋ ਗਏ ਤੇ ਬਿਮਾਰ ਹੋ ਗਿਆ ਬਜ਼ੁਰਗ। 70 ਸਾਲ ਦਾ ਕੋਈ ਵੀ ਨਹੀਂ ਲਾਗੂ ਬਣਦਾ। ਉਹ ਕਹਿੰਦਾ ਹੈ ਤੂੰ ਰੱਖ, ਦੂਜਾ ਕਹੇਗਾ ਤੂੰ ਰੱਖ। ਜਿਹੜੀਆਂ ਬੀਬੀਆਂ ਨੇ ਇਹ ਜ਼ਿੰਮੇਵਾਰੀ ਲੈਣ ਲਈ ਤਿਆਰ ਹੀ ਨਹੀਂ ਹੁੰਦੀਆਂ। ਉਹ ਦੁਖੀ ਹੁੰਦਾ ਹੈ ਕਿ ਸਾਰੀ ਜ਼ਿੰਦਗੀ ਇਨ੍ਹਾਂ 'ਤੇ ਲਾ ਦਿਤੀ, ਜਾਇਦਾਦ ਬਣਾ ਦਿੱਤੀ, ਵਾਹਵਾ-ਵਾਹਵਾ ਕਰਾ ਦਿੱਤੀ ਲੋਕਾਂ ਤੋਂ, ਜਿਨ੍ਹਾਂ ਲਈ ਐਨੀ ਜਾਇਦਾਦ ਬਣਾਈ ਵੀ ਕਿਸ ਕੰਮ ਆਈ? ਇਹ ਤਾਂ ਪੁੱਛਦੇ ਤਕ ਨਹੀਂ, ਪਾਣੀ ਦੇਣ ਨੂੰ ਤਿਆਰ ਨਹੀਂ, ਬਿਮਾਰ ਹੋਏ-ਹੋਏ ਨੂੰ ਤੇ ਫੇਰ ਕਹਿੰਦੇ ਜਨਮ ਗਵਾ ਲਿਆ।

*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*ਅੰਗ - ੧੩੪*

ਸ਼ਿੰਗਾਰ ਲਾਉਂਦਾ ਹੈ, ਹੁਣ ਉਹ ਵੀ ਸਜਦੇ ਨਹੀਂ -

*ਜਿਤੁ ਦਿਨਿ ਦੇਹ ਬਿਨਸਸੀ*
*ਤਿਤੁ ਵੇਲੈ ਕਹਸਨਿ ਪ੍ਰੇਤੁ ॥ ਅੰਗ - ੧੩੪*

ਉਸੇ ਵੇਲੇ ਹੀ ਤੂੰ ਪ੍ਰੇਤ ਬਣ ਜਾਏਂਗਾ, ਉਸੇ ਸਕਿੰਟ।

*ਜਬ ਹੀ ਹੰਸ ਤਜੀ ਇਹ ਕਾਂਇਆ*
*ਪ੍ਰੇਤ ਪ੍ਰੇਤ ਕਰਿ ਭਾਗੀ ॥ ਅੰਗ - ੬੩੪*

ਜਿਹਦੇ ਨਾਲ ਸਭ ਤੋਂ ਜ਼ਿਆਦਾ ਪਿਆਰ ਸੀ ਉਹ ਵੀ ਪ੍ਰੇਤ ਕਹਿਣ ਲੱਗ ਗਈ। ਡਰਦੀ ਹੈ ਕਿ ਰਾਤ ਸੁਪਨੇ 'ਚ ਆਇਆ ਸੀ, ਕੋਈ ਇਲਾਜ ਦੱਸੋ, ਮੇਰੇ ਕੋਲ ਆਉਂਦੇ ਨੇ ਕਈ ਪ੍ਰੇਮੀ ਕਿ ਦੱਸੋ ਜੀ ਅਸੀਂ ਕੀ ਕਰੀਏ। ਪ੍ਰੇਤ ਸੁਪਨੇ 'ਚ ਆਉਂਦਾ ਹੈ, ਪ੍ਰੇਤ ਹੀ ਕਹਿਣਗੇ, ਕੋਈ ਨਹੀਂ ਕਹਿੰਦਾ ਕਿ ਬਾਪੂ ਸੁਪਨੇ 'ਚ ਆਉਂਦਾ ਹੈ। ਖੁਸ਼ ਨਹੀਂ ਹੁੰਦੇ, ਔਖੇ ਹੁੰਦੇ ਨੇ। ਮਹਾਰਾਜ ਕਹਿੰਦੇ ਫੇਰ -

*ਜਿਤੁ ਦਿਨਿ ਦੇਹ ਬਿਨਸਸੀ*
*ਤਿਤੁ ਵੇਲੈ ਕਹਸਨਿ ਪ੍ਰੇਤੁ ॥*
*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ ॥*
*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ ॥ ਅੰਗ - ੧੩੪*

ਉਹ ਛੱਡ ਕੇ ਪਾਸੇ ਹੋ ਗਏ। ਜਿਨ੍ਹਾਂ ਨਾਲ ਪਿਆਰ ਪਾਇਆ ਸੀ ਉਹ ਰੋਂਦੇ ਨੇ। ਮਹਾਰਾਜ ਕਹਿੰਦੇ ਰੋਂਦਾ ਤਾਂ ਹੈ ਕਿ ਮੇਰਾ ਕੰਮ ਕਿਵੇਂ ਚੱਲੇਗਾ? ਬਾਬੇ ਦੀ ਤਾਂ ਪੈਨਸ਼ਨ ਬੜੀ ਆਉਂਦੀ ਸੀ, ਘਰ 'ਚ ਗੁਜ਼ਾਰਾ ਚਲਦਾ ਸੀ, ਹੁਣ ਕੀ ਹੋਏਗਾ, ਐਨੇ ਪੈਸੇ ਦਾ ਘਾਟਾ ਪਏਗਾ, ਐਉਂ ਰੋਂਦੇ ਨੇ। ਮਹਾਰਾਜ ਕਹਿੰਦੇ ਇਹ ਗੱਲਾਂ ਜਿਹੜੀਆਂ ਨੇ ਸਾਰੀਆਂ ਇਨ੍ਹਾਂ ਨੂੰ ਸਮਝ ਤੂੰ। ਹੁਣ ਤੈਨੂੰ ਤਾਂ ਬੰਨ੍ਹ ਰਹੇ ਨੇ ਜਮ ਤੇ ਹੰਟਰ 'ਤੇ ਹੰਟਰ ਪੈ ਰਿਹਾ ਹੈ।

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥ ਅੰਗ - ੧੩੬੮*

ਚਾਰ ਸੌ ਤਲਵਾਰ ਇੱਕ ਥਾਂ ਲੱਗੇ ਜਿੰਨਾਂ ਦੁੱਖ ਹੁੰਦਾ ਹੈ, ਓਨਾਂ ਹੀ ਜਮਾਂ ਦੇ ਇੱਕ ਹੰਟਰ ਦੇ ਦਾ ਦੁੱਖ ਹੁੰਦਾ ਹੈ। ਹਜ਼ਾਰ ਬਿੱਛੂ ਜੇ ਇਕੱਠਾ ਡੰਗ ਮਾਰੇ, ਜਿੰਨਾਂ ਦੁੱਖ ਹੁੰਦਾ ਹੈ; ਓਨਾਂ ਦੁੱਖ ਹੁੰਦਾ ਹੈ ਜਮਦੂਤਾਂ ਦੇ ਹੰਟਰ ਦਾ ਹੁੰਦਾ ਹੈ।

*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥ ਅੰਗ - ੧੩੬੮*

ਪਰ ਮੈਨੂੰ ਸਾਧੂ ਮਿਲ ਗਿਆ, ਸਤਿਗੁਰੂ ਮਿਲ ਗਿਆ ਉਹਨੇ ਮੇਰਾ ਬਚਾਓ ਕਰ ਦਿੱਤਾ, ਨਹੀਂ ਤਾਂ ਮੇਰੇ ਤੋਂ ਸਹਿ ਨਹੀਂ ਸੀ ਹੋਣਾ।

*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*
*ਅੰਗ - ੧੩੪*

ਹੁਣ ਵਸ ਚਲਦਾ ਨਹੀਂ ਹੈ, ਓਧਰ ਖੜ੍ਹੇ ਨੇ ਸਾਮ੍ਹਣੇ, ਡਰਾ-ਡਰਾ ਕੇ ਜਾਨ ਕੱਢ ਰਹੇ ਨੇ। ਹੁਣ ਕੋਈ ਵਸ ਨਹੀਂ ਚਲਦਾ। ਨਾ ਤਾਂ ਆਪਣੇ ਪਰਿਵਾਰ ਦਾ ਚਲਦਾ ਹੈ, ਨਾ ਜਿਨ੍ਹਾਂ ਨਾਲ ਪਿਆਰ ਕਰਦਾ ਸੀ ਉਨ੍ਹਾਂ ਦਾ ਚਲਦਾ ਸੀ। ਹੁਣ ਰਹਿ ਕੀ ਗਿਆ, ਪੱਲੇ ਰੋਣਾ ਰਹਿ ਗਿਆ -

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ੍ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*

***ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪***

ਹੁਣ ਕੁਛ ਬਣ ਨਹੀਂ ਰਿਹਾ, ਕਿਉਂਕਿ ਜਨਮ ਜਿਹੜਾ ਸੀ, ਵੇਲਾ ਜਦੋਂ ਨਾਮ ਜਪਣ ਦਾ ਸੀ -

***ਬੁਰੇ ਕਾਮ ਕਉ ਊਠਿ ਖਲੋਇਆ ॥***
***ਨਾਮ ਕੀ ਬੇਲਾ ਪੈ ਪੈ ਸੋਇਆ ॥ ਅੰਗ - ੭੩੮***

ਮਾੜੇ ਕੰਮ ਕਰਨ ਵਾਸਤੇ -

***ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ॥***
***ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥***
***ਅੰਗ - ੫੧੮***

ਬੁਰੇ ਕੰਮਾਂ ਨੂੰ ਬਹੁਤ ਵੱਡੀ ਤਾਕਤ ਆ ਜਾਂਦੀ ਹੈ ਇਹਦੇ 'ਚ ਮਹਾਰਾਜ ਕਹਿੰਦੇ -

***ਧਾਰਨਾ - ਬੁਰੇ ਕੰਮਾਂ ਨੂੰ ਸ਼ੇਰ ਬਣ ਜਾਵੇ,***
***ਚੰਗਿਆਂ ਨੂੰ ਆਲਸ ਕਰੇ।***

ਫੇਰ ਕੀ ਹੁੰਦਾ ਹੈ, ਰੋਣਾ ਪੈਂਦਾ ਹੈ ਕਿਉਂਕਿ ਉਹ ਕੰਮ ਕਰਿਆ ਨਾ ਜਿਹੜਾ ਕਰਨ ਵਾਸਤੇ ਆਇਆ ਸੀ ਸੰਸਾਰ 'ਚ। ਧਰਮਰਾਇ ਫੇਰ ਬੜਾ ਕਰੜਾ ਹੋ ਕੇ ਲੇਖਾ ਲੈਂਦਾ ਹੈ -

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***
***ਅੰਗ - ੩੮***

ਜਿਨ੍ਹਾਂ ਨੇ ਜੀਉਂਦੇ-ਜੀਉਂਦੇ ਗੁਰੂ ਨਹੀਂ ਧਾਰਨ ਕਰਿਆ। ਗੁਰੂ ਦੇ ਬਚਨਾਂ ਦੀ ਕਮਾਈ ਨਹੀਂ ਕਰੀ, ਬੰਦਗੀ ਨਹੀਂ ਕਰੀ, ਨਿਤਨੇਮ ਨਹੀਂ ਕਰੇ, ਸੇਵਾ ਨਹੀਂ ਕਰੀ, ਦਾਨ ਨਹੀਂ ਕਰਿਆ, ਉਹ ਤੇਰੇ ਕੋਲ ਆਉਣਗੇ ਸਾਰੇ, ਤੈਨੂੰ ਦਿੱਤੇ ਉਹ ਤੈਨੂੰ ਸੰਭਾਲੇ ਸਾਰੇ।

ਭਲਾ ਆਦਮੀ ਤਾਂ ਪੁਲਿਸ ਦੇ ਥਾਣੇ ਵਗੈਰਾ 'ਚ ਤਾਂ ਜਾਂਦਾ ਹੀ ਨਹੀਂ ਨਾ, ਜਿਹੜਾ ਸ਼ਰੀਫ ਹੁੰਦਾ, ਉਚੇ ਇਨਾਮ ਲੈਂਦਾ ਹੈ। ਵੱਡਾ ਬੰਦਾ ਹੋ ਜਾਂਦਾ ਹੈ, ਜਾਂਦਾ ਹੈ ਜਿਹੜੇ ਗਲਤ ਕੰਮ ਕਰਦੇ ਨੇ। ਜਮਾਂ ਦੇ ਤਾਂ ਓਹੀ ਜਾਂਦਾ, ਜਿਹਨੇ ਆਪਣਾ ਜਨਮ ਗਾਫਲ ਹੋ ਕੇ ਗਵਾ ਦਿੱਤਾ। ਫੇਰ ਉਥੇ ਹੁਕਮ ਕੀ ਹੈ ਕਹਿੰਦੇ ਤੇਰੇ ਕੋਲ ਆਉਣਗੇ ਦੂਜੇ ਭਾਇ ਵਾਲੇ, ਜਿਹੜੇ ਬੇਮੁਖ, ਮਨਮੁਖ, ਪਤਿਤ ਹੋਏ-ਹੋਏ ਨੇ। ਜਿਨ੍ਹਾਂ ਨੇ ਆਪਣੇ ਮਨ ਦੀਆਂ ਮਰਜ਼ੀਆਂ ਕਰੀਆਂ ਨੇ, ਉਹ ਦਰਗਾਹ ਵਿੱਚ ਜਾ ਕੇ ਔਖੇ ਹੁੰਦੇ ਨੇ, ਓਥੇ ਵੀ ਔਖੇ ਰਹਿੰਦੇ ਨੇ। ਜਿਹੜੇ ਨਾਮ ਜਪਦੇ ਨੇ ਪਿਆਰਿਆ! ਦੇਖੀਂ ਕਿਤੇ ਉਨ੍ਹਾਂ ਕੋਲ ਨਾ ਚਲਿਆ ਜਾਈਂ -

***ਜਹ ਸਾਧੂ ਗੋਬਿਦ ਭਜਨੁ***
***ਕੀਰਤਨੁ ਨਾਨਕ ਨੀਤ ॥***
***ਣਾ ਹਉ ਣਾ ਤੂੰ ਣਹ ਛੁਟਹਿ***
***ਨਿਕਟਿ ਨ ਜਾਈਅਹੁ ਦੂਤ ॥ ਅੰਗ - ੨੫੬***

ਧਰਮਰਾਜ ਕਹਿੰਦਾ ਹੈ ਜਮਦੂਤਾਂ ਨੂੰ ਕਿ ਜਿਥੇ ਭਜਨ ਹੋ ਰਿਹਾ ਹੈ ਹਰੀ ਦਾ, ਉਹਦੇ ਨੇੜੇ ਦੀ ਨਾ ਲੰਘਿਓ। ਜੇ ਕਿਤੇ ਲੰਘ ਗਏ, ਮੈਂ ਵੀ ਫਸ ਜਾਣਾ ਹੈ ਤੁਸੀਂ ਵੀ ਫਸ ਜਾਣਾ ਹੈ। ਆਪਾਂ ਦੋਹਾਂ ਨੇ ਨਹੀਂ ਛੁਟਣਾ, ਸਖਤ ਦੰਡ ਮਿਲੇਗਾ ਪ੍ਰਮੇਸ਼ਰ ਵਲੋਂ, ਕਿਉਂਕਿ ਉਹਦਾ ਹੁਕਮ ਹੈ, ਜਿਹੜੇ ਨਾਮ ਜਪਦੇ ਨੇ, ਸਤਿਸੰਗ ਕਰਦੇ ਨੇ, ਬਾਣੀ ਪੜ੍ਹਦੇ ਨੇ, ਜਿਨ੍ਹਾਂ ਦੇ ਖਿਆਲ ਅੱਛੇ ਨੇ, ਜੀਵਨ ਅੱਛਾ ਹੈ, ਉਹ ਅਧਿਆਤਮੀ ਕਰਮ ਕਰਦੇ ਨੇ। ਅਧਿਆਤਮੀ ਕਰਮ ਕੀ ਹੁੰਦੇ ਨੇ, ਅੰਮ੍ਰਿਤ ਵੇਲੇ ਉਠਣਾ ਇਸ਼ਨਾਨ ਕਰਨਾ, ਉਸ ਤੋਂ ਬਾਅਦ ਜਪੁਜੀ ਸਾਹਿਬ ਦਾ ਪਾਠ ਕਰਨਾ, ਫੇਰ ਉਸ ਤੋਂ ਬਾਅਦ ਸਿਮਰਨ ਕਰਨਾ। ਢਾਈ ਘੰਟੇ ਦਾ ਸਿਮਰਨ ਵਿਧਾਨ ਹੈ, ਜੇ ਐਨਾ ਨਹੀਂ ਹੁੰਦਾ ਤਾਂ ਘੱਟ ਤੋਂ ਘੱਟ ਸਵਾ ਘੰਟਾ ਕਰ ਲਓ। ਬੈਠੋ ਜ਼ਰੂਰ ਚੌਂਕੜਾ ਮਾਰ ਕੇ। ਆਸਣ ਬਣਾ ਲਓ, ਮੰਜੇ 'ਤੇ ਬੈਠਿਆਂ ਢਿੱਡ ਇਕੱਠਾ ਹੋ ਜਾਂਦਾ ਹੈ, ਨੀਂਦ ਦੇ ਉਥੇ ਪ੍ਰਮਾਣੂ ਹੁੰਦੇ ਨੇ, ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਧਰਤੀ 'ਤੇ ਸਵੱਛ ਥਾਂ 'ਤੇ ਬਣਾ ਲਓ, ਕੋਈ ਚੌਂਕੀਂ ਬਣਾ ਲਓ, ਉਥੇ ਸੁੱਚ ਰੱਖੋ, ਉਥੇ ਜਦੋਂ ਨਾਮ ਜਪੋਂਗੇ ਬੈਠ ਕੇ ਉਹ ਜਿਹੜੀ ਧਰਤੀ ਹੈ ਨਾ ਉਹ ਪਵਿੱਤਰ ਹੋਣੀ ਸ਼ੁਰੂ ਹੋ ਜਾਏਗੀ। ਧਰਤੀ ਨਾਮ ਜਪਣ ਨਾ ਪਵਿੱਤਰ ਹੁੰਦੀ ਹੈ। ਜੇ ਨਿਗੁਰਾ ਧਰਤੀ 'ਤੇ ਬਹਿ ਜਾਵੇ ਤਾਂ ਸਵਾ ਗਜ਼ ਗਹਿਰੀ, ਸਵਾ ਗਜ਼ ਚੌੜੀ ਧਰਤੀ ਭ੍ਰਿਸ਼ਟ ਹੋ ਜਾਂਦੀ ਹੈ। ਉਥੇ ਨਾਮ ਵਿੱਚ ਚਿੱਤ ਨਹੀਂ ਲੱਗਿਆ ਕਰਦਾ। ਨਾਮ ਜਪਣ ਵਾਸਤੇ ਚਿੱਤ ਉਥੇ ਹੀ ਲਗਦਾ ਹੈ, ਜਿੱਥੇ ਜਾਂ ਤਾਂ ਆਪ ਰੋਜ਼ ਨਾਮ ਜਪੇ, ਜਾਂ ਸੰਗਤ ਇਕੱਠੀ ਹੋ ਕੇ ਨਾਮ ਜਪਦੀ ਹੋਵੇ। ਫੇਰ ਬਾਣੀ ਜਿਹੜੀ ਹੈ ਉਹਨੂੰ ਪੜ੍ਹੇ, ਗੁਰੂ ਘਰ 'ਚ ਆਵੇ, ਨਮਸ਼ਕਾਰ ਕਰੇ, ਬਾਣੀ ਪੜ੍ਹੇ, ਹੋਰ ਨੇਕ ਕੰਮ ਕਰੇ। ਉਹ ਜਿਹੜੇ ਕਰਮ ਕਰਨੇ ਨੇ ਇਨ੍ਹਾਂ ਨੂੰ ਅਧਿਆਤਮੀ ਕਰਮ ਕਹਿੰਦੇ ਨੇ। ਬਹੁਤ ਗਹਿਰੀਆਂ ਚੀਜ਼ਾਂ ਨੇ। ਜਿਹੜੇ ਪੁਰਸ਼ -

***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ ॥***
***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ ॥ ਅੰਗ - ੩੯***

ਅਧਿਆਤਮੀ ਕਰਮ ਬੈਠ ਕੇ ਢਾਈ ਘੰਟੇ ਨਾਮ ਜਪਦੇ ਨੇ, ਪਹਿਲਾਂ-ਪਹਿਲਾਂ ਨਾਮ ਮਾਲਾਂ ਨਾਲ ਜਪਿਆ ਜਾਂਦਾ ਹੈ। ਆਪੇ ਨਾ ਕਰੇ ਕਿ ਮੈਂ ਹੁਣ ਰਸਨਾ 'ਤੇ ਲੈ ਆਵਾਂ। ਕਿਉਂਕਿ ਸੁਣ ਕੇ ਆਦਮੀ ਦਾ ਜੀਅ ਕਰਦਾ ਹੈ ਕਿ ਮੈਂ ਜਮਾਤ ਪਾਸ ਕਰ ਲਵਾਂ। ਉਹ ਕੱਚੀ ਰਹਿ ਜਾਂਦੀ ਹੈ, ਫੇਰ ਅੱਗੇ ਦੀ ਪੜ੍ਹਾਈ ਸਾਰੀ ਕੱਚੀ। ਇਹ ਆਪੇ ਹੀ ਹੋ ਜਾਂਦਾ ਹੈ, ਜਦੋਂ ਮਾਲਾ ਦੇ ਨਾਲ ਨਾਮ ਜਪਦੇ ਹਾਂ, ਨਾਮ ਇਹ ਨਹੀਂ ਹੈ ਕਿ ਢਾਈ ਘੰਟੇ ਹੀ ਜਪਣਾ ਹੈ, ਇਹ ਸ਼ਬਦ ਦੇ ਵਿੱਚ ਤਾਕਤ ਹੈ, ਤੁਸੀਂ ਢਾਈ ਘੰਟੇ ਬਹਿ ਜਾਓ, ਪੰਜ ਚਾਰ ਮਹੀਨੇ ਲਾ ਦਿਓ। ਫੇਰ ਕੀ ਹੋਏਗਾ ਉਹ ਨਾਮ ਫੇਰ ਉਠਣ ਨਹੀਂ ਦਿੰਦਾ ਬੰਦੇ ਨੂੰ ਢਾਈ ਘੰਟੇ, ਤਿੰਨ ਸਹੀ, ਚਾਰ ਸਹੀ, ਪੰਜ ਸਹੀ, ਇਸ ਤਰ੍ਹਾਂ ਨਾਮ ਜਪਣਾ ਅੰਦਰ ਆ ਜਾਂਦਾ ਹੈ, ਮਾਲਾ ਹੱਥ 'ਚੋਂ ਛੁਟ ਜਾਂਦੀ ਹੈ, ਜੀਭ ਵਾਹਿਗੁਰੂ-ਵਾਹਿਗੁਰੂ ਕਰਦੀ ਰਹਿੰਦੀ ਹੈ। ਇਹਦਾ ਫਲ ਦਸ ਗੁਣਾਂ ਵਧ ਜਾਂਦਾ ਹੈ। ਫੇਰ ਜੀਭ ਵੀ ਬੰਦ ਹੋ ਜਾਂਦੀ ਹੈ ਤੇ ਬੁੱਲ੍ਹ ਵੀ ਬੰਦ ਹੋ ਜਾਂਦੇ ਨੇ, ਲੇਕਿਨ ਵਾਹਿਗੁਰੂ-ਵਾਹਿਗੁਰੂ ਜਿੱਥੇ ਗਲ ਹੈ ਨਾ, ਕੰਠ ਇਥੇ ਜੀਭ ਦੇ ਉਤੇ ਹੀ ਜਪਿਆ ਜਾਂਦਾ ਹੈ। ਇਹਦਾ ਸੌ ਗੁਣਾਂ ਫਲ ਵਧ ਜਾਂਦਾ ਹੈ। ਪਹਿਲਾਂ ਮਾਲਾ ਦੇ ਨਾਲ ਸੌ ਵਾਰੀ ਵਾਹਿਗੁਰੂ, ਇਹਦੇ ਨਾਲ ਇੱਕ ਵਾਰੀ। ਇਸ ਤੋਂ ਬਾਅਦ ਓਹੀ ਵਾਹਿਗੁਰੂ-ਵਾਹਿਗੁਰੂ ਹੋਰ ਗਹਿਰਾ

ਹੋ ਜਾਂਦਾ ਹੈ, ਸਵਾਸ ਨਾਲ ਚੱਲਣ ਲਗ ਜਾਂਦਾ ਹੈ। ਸਵਾਸ 'ਤੇ ਚਲਦੇ-ਚਲਦੇ ਜਦੋਂ ਸਾਲ ਦੋ ਸਾਲ ਹੋਰ ਲਗਾਤਾਰ ਨੇਮ ਨਾਲ ਤਿੰਨ-ਤਿੰਨ ਘੰਟੇ, ਚਾਰ-ਚਾਰ ਘੰਟੇ ਤੁਰਦਾ ਫਿਰਦਾ ਸਵਾਸ ਖਾਲੀ ਨਹੀਂ ਜਾਣ ਦਿੰਦਾ, ਹਰ ਵਕਤ ਦੇਖਦਾ ਹੈ ਕਿ ਮੈਂ ਵਾਹਿਗੁਰੂ ਕਹਿ ਕੇ ਹੀ ਸਵਾਸ ਅੰਦਰ ਨੂੰ ਜਾਣ ਦੇਣਾ ਹੈ, ਖਾਲੀ ਨਹੀਂ ਜਾਣ ਦੇਣਾ, ਕਿਉਂਕਿ ਜਿਹੜਾ ਲੰਘ ਗਿਆ, ਉਹਨੇ ਮੁੜ ਕੇ ਨਹੀਂ ਆਉਣਾ। ਮਹਾਰਾਜ ਦਾ ਹੁਕਮ ਇਸ ਤਰ੍ਹਾਂ ਦੇ ਨਾਲ -

***ਧਾਰਨਾ - ਸਾਸ ਸਾਸ ਦੇ ਗੇੜੇ***
***ਜਪ ਲਓ ਵਾਹਿਗੁਰੂ।***

***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫***

ਐਨੀ ਮਿਹਨਤ ਕਰਨ ਤੋਂ ਬਾਅਦ ਸਵਾਸ 'ਤੇ ਨਾਮ ਆਇਆ ਕਰਦਾ ਹੈ। ਕਈ ਕਹਿੰਦੇ ਨੇ ਕਿ ਜੀ ਉਹ ਤਾਂ ਲਗਦੇ ਹੀ ਸਵਾਸ 'ਤੇ ਨਾਮ ਜਪਣ ਲਗ ਗਿਆ। ਭਾਈ! ਉਨ੍ਹਾਂ ਦੀ ਪਿਛਲੇ ਜਨਮ 'ਚ ਕਮਾਈ ਕੀਤੀ ਹੁੰਦੀ ਹੈ। ਕਾਇਦਾ, ਕਿਤਾਬ ਉਨ੍ਹਾਂ ਨੇ ਪੜ੍ਹ ਲਈ ਹੁੰਦੀ ਹੈ, ਮਾਸਟਰ ਦੇਖ ਕੇ ਫੇਰ ਅੱਗੇ ਲਾ ਦਿੰਦਾ ਹੈ ਕਿ ਪੰਜ ਸੱਤ ਜਮਾਤਾਂ ਤਾਂ ਇਹਨੇ ਪਹਿਲਾਂ ਕਰੀਆਂ ਹੋਈਆਂ ਨੇ, ਹੁਣ ਨਵਾਂ ਦਾਖਲਾ ਜਿਹੜਾ ਇਹਨੂੰ ਦੇਣਾ ਹੈ ਅੱਠਵੀਂ 'ਚ ਦੇ ਦੇਈਏ। ਇਵੇਂ ਜਿਵੇਂ ਵਾਹਿਗੁਰੂ ਦੇ ਘਰ ਵਿੱਚ ਹੈ, ਨਾਮ ਜਪਦਾ ਆਦਮੀ ਚੜ੍ਹਾਈ ਕਰ ਜਾਂਦਾ ਹੈ, ਪਹੁੰਚਿਆ ਹੈ ਨਹੀਂ ਕਿਤੇ। ਉਹ ਦੁਬਾਰਾ ਸਰੀਰ ਧਾਰਦਾ ਹੈ ਮਨੁੱਖ ਦਾ, ਉਹ ਇੱਕੋ ਚੀਜ਼ ਹੈ ਜਿਹੜੀ ਨਾਲ ਆ ਜਾਂਦੀ ਹੈ, ਉਹ ਹੈ ਤੁਹਾਡੀ ਕੀਤੀ ਹੋਈ ਕਮਾਈ ਇਹਨੂੰ ਨਾ ਤਾਂ ਜਮਦੂਤ ਲੁੱਟ ਸਕਦੇ ਨੇ। ਨਾ ਇਹ ਕਿਤੇ ਖਰਚ ਹੁੰਦੀ ਹੈ, ਪੂਰੀ-ਪੂਰੀ ਦੂਜੇ ਜਨਮ ਵਿੱਚ ਨਾਲ ਆ ਜਾਂਦੀ ਹੈ। ਜੇ ਕਾਮਨਾ ਸਹਿਤ ਕੀਤੀ ਹੋਵੇ ਤਾਂ ਫੇਰ ਉਹਦਾ ਇਵਜ਼ਾਨਾ ਸਵਰਗ ਮਿਲ ਜਾਇਆ ਕਰਦਾ ਹੈ। ਫੇਰ ਜਿਹੜਾ ਨਾਮ ਦਾ ਧਨ ਜੇ ਇੱਛਿਆ ਵਾਸਤੇ ਲਾਇਆ ਹੈ ਤਾਂ ਉਹ ਖਤਮ ਹੋ ਜਾਂਦਾ ਹੈ। 'ਨਾਮ' ਜਿਹੜਾ ਹੈ ਉਹ ਨਾਲ ਆਉਂਦਾ ਹੈ, ਜਿਹੜੀ ਅਵਸਥਾ ਵਿੱਚ ਪਹਿਲਾ ਸਰੀਰ ਛੱਡਿਆ ਹੈ, ਦੂਜੇ ਦੇ ਵਿੱਚ ਉਸ ਤੋਂ ਅੱਗੇ ਲਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅੱਗੇ ਤਰੱਕੀ ਹੋ ਜਾਂਦੀ ਹੈ, ਸਵਾਸ ਤੋਂ ਪਾਸੇ ਹਟ ਕੇ ਧੁਨ ਦੇ ਵਿੱਚ ਧਿਆਨ ਆ ਜਾਂਦਾ ਹੈ, ਅਨਹਤ ਸ਼ਬਦ ਜਾਗ ਪੈਂਦਾ ਹੈ, ਲਾਈਟ ਆ ਜਾਂਦੀ ਹੈ, ਆਗਿਆ ਚੱਕਰ 'ਚ ਆਪੇ ਹੀ ਨਾਮ ਸੁਣਦਾ ਹੈ। ਸਿਰਫ ਧਿਆਨ ਦੇਣ ਦੀ ਲੋੜ ਹੈ, ਜਦੋਂ ਧਿਆਨ ਦਿੱਤਾ ਤਾਂ ਸਾਰੇ ਸਰੀਰ ਦੇ ਵਿਚੋਂ ਦੀ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਆ ਰਹੀ ਹੈ। ਕਿਸੇ ਅੰਗ 'ਤੇ ਵੀ ਧਿਆਨ ਦੇ ਦਿਤਾ, ਪੈਰ 'ਤੇ ਵੀ ਧਿਆਨ ਦੇ ਦਿੱਤਾ, ਉਥੇ ਵੀ ਵਾਹਿਗੁਰੂ-ਵਾਹਿਗੁਰੂ, ਗੋਡੇ 'ਤੇ ਸੁਰਤ ਚਲੀ ਗਈ ਉਥੇ ਵੀ ਵਾਹਿਗੁਰੂ-ਵਾਹਿਗੁਰੂ ਸੁਣਦਾ। ਸੀਸ ਦੇ ਉਤੇ ਜੂੜੇ ਵਾਲੇ ਥਾਂ ਚਲੀ ਗਈ ਉਥੇ ਵੀ ਵਾਹਿਗੁਰੂ-ਵਾਹਿਗੁਰੂ, ਜਿਥੇ ਵੀ ਦੇਖਦਾ ਹੈ ਉਥੇ ਹੀ ਵਾਹਿਗੁਰੂ-ਵਾਹਿਗੁਰੂ ਸੁਣਦਾ ਹੈ। ਇੱਕ ਵਾਰੀ ਐਸਾ ਹੁੰਦਾ ਹੈ ਕਿ ਸਾਢੇ ਤਿੰਨ ਕਰੋੜ ਰੋਮ ਆਦਮੀ ਦੇ ਸਰੀਰ ਦਾ, ਕਿਸੇ ਵੀ ਰੋਮ ਵਲ ਸੂਖਸ਼ਮ ਧਿਆਨ ਚਲਿਆ ਜਾਵੇ, ਉਥੋਂ ਆਵਾਜ਼ ਆਏਗੀ ਵਾਹਿਗੁਰੂ-ਵਾਹਿਗੁਰੂ।

ਇਸ ਤਰ੍ਹਾਂ ਦੇ ਨਾਲ ਇਹਨੂੰ ਅਧਿਆਤਮੀ ਕਰਮ ਕਹਿੰਦੇ ਨੇ। ਐਹੋ ਜਿਹੇ ਜਿਹੜੇ ਪ੍ਰੇਮੀ ਹੁੰਦੇ ਨੇ -

***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ ॥***
***ਤਿਨ ਕੀ ਸੇਵਾ ਧਰਮ ਰਾਇ***
***ਕਰੈ ਧੰਨੁ ਸਵਾਰਣਹਾਰੁ ॥ ਅੰਗ - ੩੯***

ਤੇ ਨਾਲ ਧੰਨ-ਧੰਨ ਕਹਿੰਦਾ ਹੈ, ਧੰਨ ਹੋ ਤੁਸੀਂ, ਧੰਨ ਹੋ ਤੁਸੀਂ, ਜਿਨ੍ਹਾਂ ਨੇ ਤੁਹਾਨੂੰ ਪ੍ਰਮੇਸ਼ਰ ਦੇ ਨਾਮ 'ਤੇ ਪਾ ਦਿੱਤਾ ਉਹ ਵੀ ਧੰਨ। ਜਿਨ੍ਹਾਂ ਨੇ ਤੁਹਾਨੂੰ ਸੰਵਾਰ ਦਿੱਤਾ, ਮਾਨਸ ਜਨਮ ਦਾ ਲਾਹਾ ਦੇ ਦਿੱਤਾ, ਉਹ ਵੀ ਧੰਨ, ਤੁਸੀਂ ਵੀ ਧੰਨ, ਫੇਰ ਜਿਹੜੇ ਉਨ੍ਹਾਂ ਤੋਂ ਵੀ ਅੱਗੇ ਸੇਵਾ ਕਰਦੇ ਨੇ, ਉਹਦੇ ਬਾਰੇ ਮਹਾਰਾਜ ਦਾ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੇ।***

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧***

ਹੁਣ ਤੁਸੀਂ ਇੱਥੇ ਬੈਠੇ ਓਂ ਗੁਰੂ ਦਰਬਾਰ 'ਚ। ਇੱਕ ਗੱਲ ਯਾਦ ਰੱਖਿਓ। ਇਕੱਲੇ-ਇਕੱਲੇ ਦਾ ਹਿਸਾਬ-ਕਿਤਾਬ ਉਥੇ ਚਲ ਰਿਹਾ ਹੈ, ਹੁਣ ਉਹ ਲਿਖ ਕੀ ਰਹੇ ਨੇ ਕਿ ਉਥੇ ਸੋਭਾ ਹੋ ਰਹੀ ਹੈ, ਸਤਿਸੰਗ 'ਚ ਬੈਠੇ ਨੇ ਮਨ ਚਿੱਤ ਲਾ ਕੇ। ਗੁਰੂ ਨਾਨਕ ਦੇ ਦਰਬਾਰ ਵਿੱਚ ਜਿਹੜਾ ਸਾਰਿਆਂ ਤੋਂ ਉੱਚਾ ਦਰਬਾਰ ਹੈ ਉਹਦੇ 'ਚ ਬੈਠੇ ਲਾਹਾ ਖੱਟ ਰਹੇ ਨੇ, ਹੁਣ ਉਥੇ ਸੋਭਾ ਹੋਣੀ ਸ਼ੁਰੂ ਹੋਈ-ਹੋਈ ਹੈ। ਸੋ ਸਾਨੂੰ ਤਾਂ ਪਤਾ ਨਹੀਂ ਹੈ, ਮਹਾਂਪੁਰਸ਼ ਜਾਣਦੇ ਨੇ ਪਿਆਰਿਓ ਉਥੇ ਸੋਭਾ ਹੋ ਰਹੀ ਹੈ। ਫਿਟਕਾਰ-ਫਿਟਕਾਰ ਵੀ ਉਥੇ ਹੁੰਦੀ ਹੈ, ਸੋਭਾ ਵੀ ਹੁੰਦੀ ਹੈ -

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥ਅੰਗ - ੨੮੩***

ਬੇਅੰਤ ਸਾਖੀਆਂ ਨੇ ਬਹੁਤ ਵਾਰੀ ਮੈਂ ਸੁਣਾਈਆਂ ਨੇ। ਇੱਥੋਂ ਚਲੇ ਜਾਂਦੇ ਨੇ, ਭਾਗ ਸਿੰਘ ਦੀ ਮਾਤਾ ਚਲੀ ਗਈ, ਗਲਤੀ ਦੇ ਨਾਲ ਉਹਨੂੰ ਲੈ ਗਿਆ। ਉਹਦੀ ਬੜੀ ਹੀ ਸੇਵਾ ਕਰੀ, ਉਹ ਕਹਿੰਦੇ ਇਹ ਬੀਬੀ ਨਹੀਂ ਸੀ ਇੱਥੈ ਲਿਆਉਣੀ ਇਹ ਤਾਂ ਗੁਰੂ ਦੀ ਦਰਗਾਹ ਵਿੱਚ ਜਾਣੀ ਹੈ, ਧਰਮਰਾਜ ਦੇ ਨਹੀਂ ਜਾਣਾ ਅਸੀਂ। ਅਸੀਂ ਲੋਕ ਆਪਣੇ ਗੁਰੂ ਨਾਨਕ ਸਾਹਿਬ ਦੀ ਦਰਗਾਹ 'ਚ ਜਾਂਦੇ ਹਾਂ। ਜੇ ਤਾਂ ਉਜਲਾ ਮੁੱਖ ਦਿਖਾਉਣਾ ਹੈ ਉਥੇ ਤਾਂ, ਤਾਂ ਭਜਨ ਕਰੋ। ਜੇ ਨੀਵੀਂ ਪਾ ਕੇ ਖੜ੍ਹਨਾ ਹੈ ਉਥੇ ਜਾ ਕੇ ਫੇਰ ਲਾਹਨਤਾਂ ਪੈਂਦੀਆਂ ਨੇ। ਬਾਕੀ ਇਹ ਹੈ ਜਿਹੜਾ ਪ੍ਰਮੇਸ਼ਰ ਵਲ ਪਿੱਠ ਦਿੰਦਾ ਹੈ, ਏਸ ਸ਼ਬਦ ਦਾ ਜੋ ਭਾਵ ਹੈ ਉਹ ਇਹ ਹੈ ਕਿ ਪਿਆਰਿਓ! ਜੇ ਤਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ, ਫੇਰ ਤਾਂ ਜਿਹੋ ਜਿਹਾ ਬੀਜੇਂਗਾ ਉਹੋ ਜਿਹਾ ਫਲ ਵੀ ਤੈਨੂੰ ਮਿਲੇਗਾ। ਜਿਹੋ ਜਿਹੇ ਕਰਮ ਕਰੇਂਗਾ ਉਹੋ ਜਿਹਾ ਫਲ ਤੈਨੂੰ ਪ੍ਰਾਪਤ ਹੋਏਗਾ।

***ਧਾਰਨਾ - ਜਿਵੇਂ ਵੇਲਣਾ ਗੰਨੇ ਨੂੰ ਪੀੜਦਾ***
***ਪਾਪੀ ਇਵੇਂ ਪੀੜ ਹੋਣਗੇ।***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***

*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*
*ਅੰਗ - ੩੧੫*

ਮਹਾਰਾਜ ਕਹਿੰਦੇ, ਤਿਲ ਪੀੜਦੇ ਦੇਖੇ ਨੇ ਕਦੇ, ਘਾਣੀ 'ਚ ਕਿਵੇਂ ਪੀੜ ਦਿੰਦੇ ਨੇ, ਤੇਲ ਇੱਕ ਪਾਸੇ ਨੂੰ ਨਿਕਲਦਾ ਹੈ, ਫੋਕਟ ਇੱਕ ਪਾਸੇ –

*ਦਰਿ ਲਏ ਲੇਖਾ ਪੀੜਿ ਛੁਟੈ*
*ਨਾਨਕਾ ਜਿਉ ਤੇਲੁ ॥ ਅੰਗ - ੪੭੩*

ਸਰ੍ਹੋਂ ਪੀੜਦੀ ਦੇਖੀ ਹੈ ਕਦੇ ਜਦੋਂ ਖਲ ਬਣਦੀ ਹੈ। ਕਹਿੰਦੇ ਇਸ ਤਰ੍ਹਾਂ ਪਿਆਰਿਆ! ਪੀੜ ਦੇਣਗੇ, ਸਮਝ ਜਾ ਸਾਡੀ ਗੱਲ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*
*ਅੰਗ - ੧੩੪*

ਇਹ ਤਾਂ ਲੇਖੇ ਦੇਣੇ ਪੈਣੇ ਨੇ ਕੀਤੇ ਹੋਏ ਕਰਮਾਂ ਦੇ।

*ਭੋਗੇ ਬਿਨ ਭਾਗਹਿ ਨਹੀ ਕਰਮਗਤੀ ਬਲਵਾਨ।*

ਹੁਣ ਇਹ ਸਾਰੇ ਬਚਨ ਸੁਣ ਕੇ ਮਹਾਰਾਜ ਨੇ ਕਿਹਾ ਕਿ ਪਿਆਰਿਓ! ਜੇ ਤੁਸੀਂ ਗੁਰੂ ਦੇ ਚਰਨਾਂ ਦਾ ਆਸਰਾ ਲੈ ਲਵੋਂ ਨਾ। ਚਾਹੇ ਕਿੱਡਾ ਹੀ ਪਾਪੀ ਕਿਉਂ ਨਾ ਹੋਵੇ ਉਹ ਬਿਖੜਾ ਜਿਹੜਾ ਭਵਜਲ ਹੈ ਉਹਨੂੰ ਤਰ ਜਾਏਗਾ। ਗੁਰੂ ਦੇ ਚਰਨਾਂ ਦਾ ਆਸਰਾ ਲੈ ਲਓ –

*ਧਾਰਨਾ – ਜਿਹਨੂੰ ਆਸਰਾ ਗੁਰਾਂ ਦਾ ਮਿਲਿਆ,*
*ਭਵਜਲ ਬਿਖੜਾ ਤਰ ਜਾਵੇਂਗਾ।*
*ਨਾਨਕ ਪ੍ਰਭ ਸਰਣਾਗਤੀ*
*ਚਰਣ ਬੋਹਿਥ ਪ੍ਰਭ ਦੇਤੁ ॥ ਅੰਗ - ੧੩੪*

ਜਹਾਜ਼ ਨੇ ਗੁਰੂ ਦੇ ਚਰਨ, ਪ੍ਰਭੂ ਦੇ ਚਰਨ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਜਿਹਨੂੰ ਇਸ ਨਾਮ ਦਾ ਆਸਰਾ ਮਿਲ ਗਿਆ ਮਹਾਰਾਜ ਕਹਿੰਦੇ –

*ਸੇ ਭਾਦੁਇ ਨਰਕਿ ਨ ਪਾਈਅਹਿ*
*ਗੁਰੁ ਰਖਣ ਵਾਲਾ ਹੇਤੁ ॥ ਅੰਗ - ੧੩੪*

ਜਿਹੜਾ ਗੁਰੂ ਦਾ ਪਿਆਰ ਹੈ ਉਹ ਡੁਬਦਿਆਂ ਨੂੰ ਰੱਖ ਲਏਗਾ, ਬਚਾ ਲਏਗਾ। ਸੋ ਇਹ ਸਾਰੇ ਬਚਨ ਜਿੰਨੇ ਵੀ ਹੋਏ, ਭਾਦੋਂ ਦੇ ਮਹੀਨੇ ਦੇ ਬਚਨ ਇਹ ਸਾਰੇ ਬੋਹੜੂ ਉਤੇ ਹੋਏ, ਉਹਨੇ ਕਿਹਾ ਕਿ ਪਾਪ ਮੈਂ ਕਰਦਾ ਹਾਂ, ਲੋਕਾਂ ਦੇ ਖਰੇ ਸੋਨੇ ਵਿੱਚ ਖੋਟ ਮੈਂ ਪਾਉਂਦਾ ਹਾਂ, ਝੂਠ ਮੈਂ ਬੋਲਦਾ ਹਾਂ, ਕਿਸੇ ਨੂੰ ਮੈਂ ਛੱਡਦਾ ਨਹੀਂ।

ਇੱਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਮਾਤਾ ਜੀ ਵਾਸਤੇ ਗਹਿਣੇ ਬਣਾਏ। ਅਸੀਂ ਤਾਂ ਰੌਲਾ ਪਾ ਲੈਂਦੇ ਹਾਂ ਨਾ ਕਿ ਗਹਿਣੇ ਲਾਹੋ, ਗਹਿਣੇ ਸਿੱਖ ਪਾਉਂਦੇ ਹੀ ਨਹੀਂ। ਐਸੀ ਬਾਤ ਨਹੀਂ ਹੈ, ਮੇਮਾਂ ਵਗੈਰਾਂ ਨੂੰ ਦੇਖ ਕੇ ਸਾਡੇ ਕਹਿਣ ਲੱਗੇ ਗਏ ਸੀ। ਉਹ ਨਹੀਂ ਪਾਉਂਦੀਆਂ, ਹੁਣ ਉਹ ਵੀ ਪਾਉਣ ਲੱਗ ਗਈਆਂ। ਇੱਥੇ ਸੋਨਾ ਬਹੁਤ ਹੁੰਦਾ ਸੀ ਭਾਰਤ ਵਿੱਚ, ਸਾਰੀ ਦੁਨੀਆਂ ਨਾਲੋਂ ਜ਼ਿਆਦਾ ਹੁੰਦਾ ਸੀ। ਅੰਨ੍ਹੇਵਾਹ ਸੋਨੇ ਦੇ ਨਾਲ ਭਰੀਆਂ ਸੀ ਦੁਕਾਨਾਂ, ਹੀਰੇ ਤੇ ਸੋਨਾ। ਇੱਥੇ ਛੇਵੀਂ ਸਦੀ ਦੇ ਵਿੱਚ ਆਇਆ ਸੀ ਇੱਕ ਐਲਬਰੋਨੀ ਉਹਨੇ ਟਰਕੀ ਦੇ ਵਿੱਚ ਕਿਤਾਬ ਲਿਖ ਕੇ ਦਿੱਤੀ ਕਿ ਇੰਡੀਆ ਦੇ ਵਿੱਚ ਐਨਾ ਸੋਨਾ ਚਾਂਦੀ ਹੈ ਨਾ, ਲੋਕ ਇਮਾਨਦਾਰ ਨੇ, ਨਾ ਤਾਂ ਉਥੇ ਚੋਰੀ ਹੁੰਦੀ ਹੈ, ਨਾ ਉਥੇ ਵਿਭਚਾਰ ਹੈ, ਨਾ ਉਥੇ ਸ਼ਰਾਬੀ ਨੇ। ਨਾ ਉਥੇ ਵੇਸਵਾਵਾਂ ਨੇ। ਉਹ ਤਾਂ ਦੇਸ਼ ਜਿਹੜਾ ਹੈ ਉਹ ਬਹਿਸ਼ਤ ਹੈ। ਉਥੇ ਸੇਠ ਲੋਕਾਂ ਦੇ ਕੋਲ ਐਨਾ ਸੋਨਾ ਹੈ, ਉਨ੍ਹਾਂ ਦੀਆਂ ਦੁਕਾਨਾਂ ਐਨੇ ਹੀਰੇ ਨੇ ਕਿ ਜਿਵੇਂ ਕਣਕ ਦਾ ਢੇਰ ਲਾਇਆ ਹੁੰਦਾ ਹੈ, ਐਉਂ ਹੀਰਿਆਂ ਦੇ ਢੇਰ ਲੱਗੇ ਪਏ ਨੇ। ਫੇਰ ਇਹ ਹੈ ਕਿ ਜਦੋਂ ਰੋਟੀ ਖਾਣ ਘਰ ਨੂੰ ਜਾਂਦੇ ਨੇ, ਕੋਈ ਪਹਿਰੇਦਾਰ ਨਹੀਂ ਹੁੰਦਾ, ਸੋਨਾ, ਚਾਂਦੀ ਬਾਹਰ ਖੁੱਲ੍ਹਾ ਹੀ ਪਿਆ ਹੈ। ਕਹਿੰਦੇ ਕੋਈ ਨਹੀਂ ਚੁੱਕਦਾ ਉਥੇ, ਲੱਖਾਂ ਰੁਪਏ ਦੇ ਲਾਲ ਨੇ ਤਾਂ ਵੀ ਨਹੀਂ ਕੋਈ ਚੁੱਕਦਾ। ਕਿਉਂਕਿ ਲੋਕ ਰੱਜੇ ਹੋਏ ਨੇ। 1400 ਸਾਲ ਦੀ ਗੱਲ ਇਹ, ਬਹੁਤਾ ਸਮਾਂ ਨਹੀਂ ਹੋਇਆ। ਸਾਡੇ ਬਜ਼ੁਰਗ ਕਿੰਨੇ ਇਨ੍ਹਾਂ ਨੂੰ ਜੰਗਲੀ ਕਹਿ ਦਿੰਦੇ ਨੇ, ਇੱਥੇ ਤਾਂ ਬੇਅੰਤ ਸੋਨਾ ਸੀ। ਬਹੁਤੇ ਰਾਜਿਆਂ ਦੇ ਹਾਥੀਆਂ ਦੇ ਸੰਗਲ ਜਿਹੜੇ ਪਾਏ ਹੁੰਦੇ ਉਹ ਲੋਹਾ ਨਹੀਂ ਸੀ, ਸੋਨੇ ਦੇ ਹੁੰਦੇ। ਰਾਵਣ ਨੇ ਸਾਰੇ ਹਾਥੀਆਂ ਦੇ ਸੋਨੇ ਦੇ ਸੰਗਲ ਪਾਏ ਹੋਏ ਸੀ। ਕੰਧਾਂ ਦੇ ਉਤੇ ਸੋਨਾ ਚਾੜ੍ਹਿਆ ਪਿਆ ਸੀ ਸਾਰੀਆਂ ਦੇ ਉਤੇ।

*ਸਰਬ ਸੋੁਇਨ ਕੀ ਲੰਕਾ ਹੋਤੀ*
*ਰਾਵਨ ਸੇ ਅਧਿਕਾਈ ॥*
*ਕਹਾ ਭਇਓ ਦਰਿ ਬਾਂਧੇ ਹਾਥੀ*
*ਖਿਨ ਮਹਿ ਭਈ ਪਰਾਈ ॥ ਅੰਗ- ੬੯੩*

ਸੋ ਇਸ ਤਰ੍ਹਾਂ ਮਹਾਰਾਜ ਨੇ ਬੁਲਾਇਆ, ਸੁਨਿਆਰ ਕਹਿਣ ਲੱਗੇ, ਲੈ ਬਈ ਨਾਲੇ ਸੀਗਾ ਸਿੱਖ, ਲੈ ਈਮਾਨਦਾਰੀ ਨਾਲ ਬਣਾਈਂ। ਮਹਾਰਾਜ ਨੇ ਇੱਕ ਚੀਜ਼ ਦਿਖਾਉਣੀ ਸੀ, ਮਾਤਾ ਜੀ ਨੇ ਕਿਹਾ ਬਹੁਤ ਸੋਹਣੇ ਬਣਾਏ ਨੇ। ਮਹਾਰਾਜ ਕਹਿੰਦੇ, ਖੋਟ ਬੜੀ ਪਾਈ ਹੈ ਇਹਨੇ ਵਿਚ। ਬੁਲਾਓ ਉਹਨੂੰ। ਕਹਿੰਦੇ, ਲੈ ਬਈ ਸਿੱਖਾ ਸਹੀ-ਸਹੀ ਗੱਲ ਕਰੀਂ, ਖੋਟ ਕਿੰਨੀ ਪਾਈ ਹੈ। ਕਹਿੰਦਾ ਮਹਾਰਾਜ! ਖੋਟ ਤਾਂ ਮੇਰੇ ਕੋਲੋਂ ਕੁਛ ਜ਼ਿਆਦਾ ਹੀ ਪੈ ਗਈ। ਮਹਾਰਾਜ ਜੀ ਨੇ ਕਿਹਾ ਕਿ ਤੂੰ ਤਾਂ ਕਹਿੰਦਾ ਸੀ ਕਿ ਮੈਂ ਖੋਟ ਨਹੀਂ ਪਾਵਾਂਗਾ।

ਹੱਕ ਦੀ ਕਮਾਈ ਨੂੰ ਗੁਰੂ ਮਹਾਰਾਜ ਨੇ ਪ੍ਰੋੜ੍ਹਤਾ ਦਿਤੀ ਹੈ –

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ- ੧੨੪੫*

ਉਹਨੇ ਕਿਹਾ ਕਿ ਇਹ ਤਾਂ ਸਾਰੇ ਬਚਨ ਮੇਰੇ 'ਤੇ ਹੀ ਆ ਗਏ, ਮੈਂ ਬੇਈਮਾਨੀਆਂ ਕਰਦਾਂ, ਠੱਗੀਆਂ ਕਰਦਾਂ ਹਾਂ, ਦੂਸਰਿਆਂ ਦੀ ਜੇਬ ਕੁਤਰਦਾ ਹਾਂ। ਮੇਰਾ ਹਾਲ ਕੀ ਹੋਏਗਾ? ਉਸ ਵੇਲੇ ਅੱਖਾਂ 'ਚੋਂ ਐਨਾ ਜਲ ਜਾ ਰਿਹਾ ਹੈ, ਆਪਣੇ ਆਪ ਹੀ। ਅੱਖਾਂ 'ਚੋਂ ਰੁਮਾਲ ਕੱਢਦਾ ਹੈ, ਪੂੰਝਦਾ ਹੈ; ਤੇ ਬਾਣੀ ਤਾਂ ਉਹਨੂੰ ਫੇਰ ਤੀਰ ਹੋ ਕੇ ਲੱਗੀ –

*ਧਾਰਨਾ- ਪੈ ਗਏ ਛੇਕ ਤੇ ਕਲੇਜਾ ਵਿੰਨ੍ਹ ਸੁਟਿਆ,*
*ਸ਼ਬਦਾਂ ਦੇ ਬਾਣ ਮਾਰ ਕੇ।*

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ ਪਰਿਆ***
***ਪਰਾ ਕਰੇਜੇ ਛੇਕੁ॥ ਅੰਗ - ੧੩੭੪***

ਛੇਕ ਪਾ ਦਿੱਤੇ, ਧੁਰ ਅੰਦਰੋਂ ਹਿੱਲ ਗਿਆ ਕਿ ਆਹ ਮੇਰਾ ਹਾਲ ਹੋਏਗਾ, ਘਾਣੀ 'ਚ ਮੈਂ ਪੀੜਾਂਗਾ। ਸਾਮ੍ਹਣੇ ਨਜ਼ਰ ਆ ਰਿਹਾ ਹੈ ਕਿ ਬੋਹੜੂ ਪੀੜਿਆ ਜਾ ਰਿਹਾ ਹੈ। ਉਹ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹੈ, ਉਹ ਚੁੱਕ ਕੇ ਫੇਰ ਸੁੱਟ ਦਿੰਦੇ ਨੇ। ਦੇਖਿਆ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ***
***ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫***

ਮਧਾਣੀਆਂ ਦੇ ਵਿੱਚ ਰਿੜਕੀ ਜਾ ਰਹੀ ਹੈ ਮੇਰੀ ਜਿੰਦ। ਦੇਖਿਆ ਕਿ ਮੈਂ ਰੋ ਰਿਹਾ ਹਾਂ, ਪ੍ਰਤੱਖ ਹੋ ਗਿਆ। ਵਿੰਨਿਆ ਕਲੇਜਾ ਕਿ ਧਿਰਕਾਰ ਹੈ ਇਹੋ ਜਿਹੇ ਜੀਵਨ ਨੂੰ। ਐਨੇ ਧੋਖੇ, ਐਨੇ ਵਲ ਛਲ; ਤੂੰ ਤਾਂ ਭੁੱਲ ਕੇ ਵੀ ਪ੍ਰਮੇਸ਼ਰ ਦਾ ਨਾਮ ਨਹੀਂ ਸੀ ਲੈਂਦਾ ਪਿਆਰਿਆ! ਤੂੰ ਤਾਂ ਆਇਆ ਹੀ ਵਲ ਛਲ ਕਰਨ ਸੀ। ਭੋਲੇ-ਭਾਲੇ ਸਿੱਖ ਮੇਰੇ ਕੋਲ ਆਉਣਗੇ, ਮੈਂ ਇਨ੍ਹਾਂ ਨਾਲ ਠੱਗੀ ਮਾਰਾਂਗਾ। ਰੋਈ ਜਾਂਦਾ ਹੈ, ਭਾਗ ਜਾਗ ਪਏ। ਦੀਵਾਨ ਦੀ ਸਮਾਪਤੀ ਹੋ ਗਈ। ਮਹਾਰਾਜ ਕਹਿੰਦੇ ਆਹ ਪ੍ਰੇਮੀ ਨੂੰ ਲਿਆਓ ਕਿ ਕੀ ਗੱਲ ਐਨਾ ਵੈਰਾਗ ਕਰ ਰਿਹਾ ਹੈ। ਮਹਾਰਾਜ ਜੀ ਦੇ ਚਰਨਾਂ 'ਤੇ ਆ ਕੇ ਇਹਨੇ ਨਮਸ਼ਕਾਰ ਕਰੀ। ਹੱਥ ਬੰਨ੍ਹੀਂ ਖੜ੍ਹਾ ਹੈ। ਕਹਿੰਦੇ, ਕੀ ਗੱਲ ਪ੍ਰੇਮੀਆਂ? ਐਨੀ ਕਿਹੜੀ ਗੱਲ ਹੋ ਗਈ ਤੇਰੇ ਅੰਦਰ ਇੱਕ ਦਮ ਐਨਾ ਬੈਰਾਗ ਉਠ ਖੜ੍ਹਿਆ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਪ੍ਰੇਮੀ ਨਹੀਂ, ਮੈਂ ਤਾਂ ਠੱਗ ਹਾਂ। ਮੈਂ ਤੇਰਾ ਸ਼ਰਧਾਲੂ ਹੋਣ ਵਾਸਤੇ ਨਹੀਂ ਸੀ ਆਇਆ, ਮੈਂ ਤਾਂ ਠੱਗੀਆਂ ਮਾਰਨ ਵਾਸਤੇ ਆਇਆ ਸੀ, ਮੇਰਾ ਕੰਮ ਹੈ ਗਹਿਣੇ ਬਣਾਉਣਾ, ਮੈਂ ਕਿਸੇ ਨੂੰ ਨਹੀਂ ਛੱਡਦਾ, ਹਰੇਕ ਦੇ ਗਹਿਣਿਆਂ ਵਿੱਚ ਖੋਟ ਪਾ ਕੇ ਸੋਨਾ ਕੱਢ ਲੈਂਦਾ ਹਾਂ, ਮੇਰੇ ਕੋਲ ਬਹੁਤ ਸੋਹਣੇ ਮਹਿਲ ਬਣ ਗਏ ਤੇ ਮੈਨੂੰ ਤਾਂ ਅੱਜ ਦੁਨੀਆਂ 'ਚ ਆ ਕੇ ਪਹਿਲੀ ਵਾਰ ਪਤਾ ਲੱਗਿਆ ਕਿ ਆਹ ਹਾਲ ਹੋਏਗਾ ਪ੍ਰਮੇਸ਼ਰ ਨੂੰ ਭੁੱਲ ਕੇ। ਮਹਾਰਾਜ! ਤੁਸੀਂ ਬਚਨ ਕਰੇ ਨੇ ਪਰ ਸੱਚੇ ਪਾਤਸ਼ਾਹ! ਮੈਨੂੰ ਨਾਲ ਦੀ ਨਾਲ ਪ੍ਰਤੱਖ ਰੂਪ ਵਿੱਚ ਦਿਖਾਈ ਗਏ ਓਂ ਕਿ ਆਹ ਹਾਲ ਹੋਣਾ ਹੈ ਤੇਰਾ ਪਿਆਰਿਆ। ਤੁਸੀਂ ਸਮਰੱਥ ਪੁਰਸ਼ ਓਂ, ਹੁਣ ਮੈਨੂੰ ਰੱਖ ਲਓ। ਮਹਾਰਾਜ! ਕਹਿੰਦੇ ਦੇਖ ਪਿਆਰਿਆ! ਸੋਨੇ ਦੇ ਗਹਿਣੇ ਬਣਾਉਂਦਾ ਹੈਂ ਲਾਹਾ ਲੈਣ ਵਾਸਤੇ? ਪਰ ਤੈਨੂੰ ਨਹੀਂ ਪਤਾ ਕਿ ਇਹ ਜੀਵ ਜਿਹੜਾ ਹੈ ਇਹ ਕੀ ਕੰਮ ਕਰਨ ਆਇਆ ਹੈ ਸੰਸਾਰ 'ਤੇ। ਤੂੰ ਲਾਹਾ ਲੈਂਦਾ ਹੈਂ ਬੇਈਮਾਨੀਆਂ ਕਰਕੇ, ਅਸੀਂ ਜਿਹੜਾ ਲਾਹਾ ਕਹਿੰਦੇ ਹਾਂ ਉਹ ਸਤਿ ਦਾ ਲਾਹਾ ਹੁੰਦਾ ਹੈ -

***ਧਾਰਨਾ - ਲਾਹਾ ਲੈਣ ਨੂੰ ਜਗਤ ਵਿੱਚ ਆਇਆ***
***ਘਾਟਾ ਪਾ ਕੇ ਤੁਰ ਚੱਲਿਆ।***

ਲਾਹਾ ਲੈਣਾ ਸੀ ਨਾਮ ਦਾ, ਕਿਰਤ ਵੀ ਕਰਨੀ ਸੀ, ਬੱਚੇ ਵੀ ਪਾਲਣੇ ਸੀ, ਕਾਰੋਬਾਰ ਵੀ ਕਰਨੇ ਸੀ, ਕੀ ਸੀਗਾ ਅੰਮ੍ਰਿਤ ਵੇਲੇ ਜਾਗਣਾ, ਜਾਗ ਕੇ ਵਾਹਿਗੁਰੂ-ਵਾਹਿਗੁਰੂ ਕਰਕੇ, ਗੁਰੂ ਵਾਲਾ ਬਣ ਕੇ ਮੰਤਰ ਲੈ ਕੇ ਤੂੰ ਜਾਪ ਜਪਣਾ ਸੀ। ਕਿੰਨਾ ਵੱਡਾ ਤੂੰ ਲਾਹਾ ਲੈ ਜਾਣਾ ਸੀ -

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥***
***ਅਵਰ ਤਿਆਗਿ ਬਿਖਿਆ ਜੰਜਾਲ ॥***
***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩***

ਇਥੋਂ ਤੂੰ ਧਨੀ ਹੋ ਕੇ ਜਾਣਾ ਸੀ, ਦਰਗਾਹ ਦੇ ਵਿੱਚ ਤੈਨੂੰ ਧੰਨ-ਧੰਨ ਕਹਿਣਾ ਸੀ, ਤੇਰਾ ਮੁਖ ਉਜਲਾ ਹੋਣਾ ਸੀ। ਮਹਾਰਾਜ ਕਹਿੰਦੇ, ਕਰੀਏ ਕੀ ਵਪਾਰੀ ਥੋੜ੍ਹੇ ਹੀ ਨੇ, ਐਉਂ ਪੜ੍ਹ ਲਓ -

***ਧਾਰਨਾ - ਵਿਰਲੇ-ਵਿਰਲੇ ਨੇ ਵਪਾਰੀ***
***ਸੱਚੇ ਨਾਮ ਦੇ।***

ਜਿਨ੍ਹਾਂ ਨੇ ਇੱਥੇ ਆ ਕੇ ਨਾਮ ਜਪਿਆ, ਰਹਿਤਨਾਮੇ ਦੇ ਮੁਤਾਬਿਕ ਜੀਵਨ ਬਤੀਤ ਕੀਤਾ। ਕੀ ਹੈ ਰਹਿਤਨਾਮਾ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***
***ਅੰਗ - ੩੦੫***

ਇਹ ਰਹਿਤਨਾਮਾ ਹੈ ਸਾਡਾ, ਜਿਨ੍ਹਾਂ ਨੇ ਇਹ ਰਹਿਤ ਦੇ ਉਪਰ ਚੱਲ ਕੇ ਆਪਣਾ ਜੀਵਨ ਬਤੀਤ ਕਰਿਆ ਹੈ ਮਹਾਰਾਜ ਕਹਿੰਦੇ ਉਨ੍ਹਾਂ ਦੀ ਦਰਗਾਹ ਵਿੱਚ ਧੰਨ-ਧੰਨ ਹੋ ਰਹੀ ਹੈ। ਜਦੋਂ ਉਹ ਦੂਜੇ ਮੰਡਲਾਂ ਦੇ ਵਿਚੋਂ ਲੰਘਦੇ ਨੇ, ਸਵਰਗਾਂ ਦੇ ਵਿਚੋਂ ਲੰਘਦੇ ਨੇ, ਉਸ ਥਾਂ ਦੇ ਉਤੋਂ ਫੁੱਲ ਸੁੱਟੇ ਜਾ ਰਹੇ ਹੁੰਦੇ। ਜੈ-ਜੈਕਾਰ ਦੀ ਧੁਨ ਉਠਦੀ ਹੈ। ਨਰਸਿੰਗੇ ਵਜਦੇ, ਸੰਖ ਵਜਦੇ ਨੇ, ਨਗਾਰੇ ਵਜਦੇ ਨੇ, ਬਈ ਜਾ ਰਿਹਾ ਹੈ ਕੋਈ ਖੱਟ ਕੇ, ਵਪਾਰੀ ਜਾ ਰਿਹਾ ਹੈ ਤੇ ਦੇਖੋ ਕਿੰਨੀ ਇਜ਼ਤ ਹੈ ਕਿੰਨਾ ਮਾਣ ਹੈ, ਦੁਨੀਆਂ ਤਾਂ ਛੱਡ ਦਿੱਤੀ। ਮਹਾਰਾਜ ਕਹਿੰਦੇ, ਇਨ੍ਹਾਂ 'ਚ ਨਾ ਚਿੱਤ ਲਾ।

***ਫਰੀਦਾ ਕੋਠੇ ਮੰਡਪ ਮਾੜੀਆ***

*ਏਤੁ ਨ ਲਾਏ ਚਿਤੁ ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥*
*ਅੰਗ - ੧੩੮੦*

ਚਿੱਤ ਲਾਉਣਾ ਹੈ ਤਾਂ ਉਹਦੇ ਨਾਲ ਲਾ ਜਿਹੜਾ ਤੇਰੇ ਨਾਲ ਜਾਦਾ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ਅੰਗ-੨੬੪*

ਵਪਾਰੀ ਬਣ ਜਾ ਨਾਮ ਦਾ ਅੰਮ੍ਰਿਤ ਵੇਲੇ ਦੁਕਾਨ ਖੁਲ੍ਹਦੀ ਹੈ, ਬੀਜ ਲੈ ਜਿੰਨਾਂ ਬੀਜਣਾ ਹੈ -

*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥*
*ਅੰਗ - ੭੩੪*

ਮੁੱਕਦਾ ਹੀ ਨਹੀਂ, ਕਿੰਨਾਂ ਹੀ ਖਰਚ ਲੈ ਦੁਨੀਆਂ ਦੇ ਸਾਰੇ ਸੁੱਖ ਆ ਜਾਣਗੇ, ਰਿੱਧੀਆਂ-ਸਿਧੀਆਂ ਨਉ ਨਿਧੀਆਂ ਆ ਜਾਣਗੀਆਂ। ਸਾਰੇ ਵਿਘਨ ਦੂਰ ਹੋ ਜਾਣਗੇ। ਕਲੇਸ਼ ਦੂਰ ਹੋ ਜਾਣਗੇ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਅੰਗ - ੨੬੨*

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੂੰ ਦਸ ਰਿਹਾ ਹੈ, ਨਾਲੇ ਰੋ ਰਿਹਾ ਹੈ ਕਿ ਪਾਤਸ਼ਾਹ! ਮੈਂ ਕੀ ਕਰਾਂ। ਮੇਰੀ ਕਿਰਤ ਬੜੀ ਮਾੜੀ ਸੀ, ਮੈਂ ਤਾਂ ਧੋਖੇਬਾਜ਼ ਹਾਂ। ਮੈਂ ਇੱਥੇ ਤੇਰੇ ਪਿਆਰ ਕਰਕੇ ਨਹੀਂ ਆਇਆ, ਮੈਂ ਤਾਂ ਨਾ ਤੇਰਾ ਸਤਿਸੰਗ ਸੁਣਨ ਵਾਸਤੇ ਆਇਆ ਹਾਂ। ਮੈਂ ਤਾਂ ਐਵੇਂ ਹੀ ਆਇਆ ਸੀ ਕਿ ਆਹ ਸਿੱਖ ਭੋਲੇ ਕਹਿਣਗੇ ਬੋਹੜੂ ਵੀ ਨਾਲ ਜਾਂਦਾ ਹੈ ਸਾਡੇ ਕਿ ਇਹ ਤਾਂ ਭਲਾ ਲੋਕ ਹੈ, ਇਨ੍ਹਾਂ ਨੂੰ ਮੇਰੀ ਅੰਦਰਲੀ ਬੇਈਮਾਨੀ ਦਾ ਕੀ ਪਤਾ ਕਿ ਮੈਂ ਕੀ ਕਰਨਾ ਸੀ। ਹੁਣ ਪਾਤਸ਼ਾਹ! ਤੇਰੇ ਕੋਲ ਕਿਹੜੀ ਗੱਲ ਦੀ ਲੁਕ ਹੈ, ਤੂੰ ਤਾਂ ਸਾਰੇ ਹੀ ਬਾਣ ਮੇਰੇ ਮਾਰੇ। ਜਿੰਨੇ ਤੂੰ ਬਚਨ ਕੀਤੇ ਨੇ -

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*ਅੰਗ - ੧੩੪*

ਇਹ ਤਾਂ ਮੇਰੇ ਵਾਸਤੇ ਹੀ ਸਭ ਬਚਨ ਕੀਤੇ ਨੇ। ਕ੍ਰਿਪਾ ਕਰ, ਮੈਰਾ ਸਭ ਕੁਛ ਖੋਹ ਲਿਆ, ਹੁਣ ਮੇਰੇ ਉਪਰ ਕ੍ਰਿਪਾ ਕਰ, ਜਿਹੜੀ ਮੇਰੀ ਬਾਕੀ ਜ਼ਿੰਦਗੀ ਰਹਿੰਦੀ ਹੈ ਉਹਨੂੰ ਲੇਖੇ 'ਚ ਲਾ ਲੈ। ਬੈਰਾਗ ਤੋਂ ਬਿਨਾਂ ਮਾਇਆ ਨਹੀਂ ਛੁਟਦੀ, ਬੈਰਾਗ ਤੋਂ ਬਗੈਰ ਜੀਵਨ 'ਚ ਪਰਿਵਰਤਨ ਨਹੀਂ ਆਉਂਦਾ। ਉਸ ਵੇਲੇ ਮਹਾਰਾਜ ਜੀ ਨੇ ਉੱਤਮ ਅਧਿਕਾਰੀ ਦੇਖ ਕੇ ਨਾਮ ਸਿਮਰਨ ਦੀ ਦਾਤ ਦਿਤੀ। ਆਪ ਨੇ ਕਿਹਾ ਕਿ ਆਹ ਤੂੰ ਵਾਹਿਗੁਰੂ-ਵਾਹਿਗੁਰੂ ਜਪੀਂ। ਸੇਵਾ ਚਲ ਰਹੀ ਹੈ ਟੋਕਰੀ ਲੈ ਲਈਂ, ਦਿਨ ਰਾਤ, ਸਵੇਰ ਤੋਂ ਲਗ ਜਾਈ ਰਾਤ ਤੱਕ ਸੇਵਾ ਕਰੀਂ। ਮਿੱਠਾ ਬੋਲੀਂ, ਠੱਗੀ ਨਾ ਕਰੀਂ, ਧੋਖਾ ਨਾ ਕਿਸੇ ਨੂੰ ਦੇਈਂ, ਫਰੇਬ ਨਾ ਕਰੀਂ, ਅਤਿੱਥੀ ਨੂੰ ਪ੍ਰਸ਼ਾਦਾ ਛਕਾਈਂ, ਗੁਰਭਾਈ ਨੂੰ ਆਪਣਾ ਸਕਾ ਭਰਾ ਜਾਣ ਕੇ ਪਿਆਰ ਕਰੀਂ। ਸਤਿਸੰਗ ਕਰੀਂ, ਨਾਮ ਜਪੀਂ, ਅੰਮ੍ਰਿਤ ਵੇਲੇ ਜਾਗੀਂ। ਸਾਰੀਆਂ ਰਹਿਤਾਂ ਦਸ ਦਿੱਤੀਆਂ। ਉਸ ਵੇਲੇ ਜਦੋਂ ਸਾਰਾ ਜੱਥਾ ਵਾਪਸ ਚੱਲਿਆ ਤਾਂ ਭਾਈ ਬੋਹੜੂ, ਸਾਰੇ ਹੈਰਾਨ ਸੀ ਕਿ ਗੁਰੂ ਮਹਾਰਾਜ ਨੇ ਕ੍ਰਿਪਾ ਕਰ ਦਿੱਤੀ, ਕੀ ਗੱਲ ਬਾਤ ਇਹਦੀ ਹੋਈ ਹੈ, ਬੋਹੜੂ ਤਾਂ ਇੱਕ ਦਮ ਬਦਲ ਗਿਆ, ਉਹ ਬੋਹੜੂ ਤਾਂ ਰਿਹਾ ਹੀ ਨਹੀਂ ਜਿਹੜਾ ਪਹਿਲਾਂ ਸੀ। ਪਹਿਲਾਂ ਬਹੁਤ ਚਲਾਕ ਬੋਹੜੂ ਸੀ, ਗੱਲਬਾਤ ਬਹੁਤ ਚਲਾਕੀ ਨਾਲ ਕਰਦਾ ਸੀ, ਹਰ ਵਕਤ ਬੋਲਦਾ ਰਹਿੰਦਾ ਸੀ। ਇਹਦਾ ਬੋਲ ਕਿੱਥੇ ਚਲਿਆ ਗਿਆ? ਇਹਦੀ ਅੱਖਾਂ ਦੀ ਚਲਾਕੀ ਕਿੱਥੇ ਚਲੀ ਗਈ, ਇਹਦੇ ਤਾਂ ਨੈਣ ਮਿੱਠੇ ਨੈਣ ਹੋ ਗਏ। ਅੰਮ੍ਰਿਤ ਝਰਦਾ ਹੈ ਇਹਦੇ ਨੈਣਾਂ 'ਚੋਂ। ਬਦਲ ਗਿਆ ਇਹ। ਉਹ ਕਹਿਣ ਲੱਗਿਆ, ਪ੍ਰੇਮੀਓਂ! ਤੁਸੀਂ ਜਾਓ, ਮੈਂ ਨਹੀਂ ਹੁਣ ਜਾਣਾ, ਮੈਂ ਜਿੱਥੇ ਆਉਣਾ ਸੀ ਆ ਗਿਆ। ਕਹਿੰਦੇ, ਬੋਹੜੂ ਤੇਰੀ ਦੁਕਾਨ? ਕਹਿੰਦਾ, ਜੇ ਤੁਸੀਂ ਕੁਛ ਕਰ ਸਕਦੇ ਓਂ ਨਾ ਤਾਂ ਮੇਰੇ ਲਈ, ਤਾਂ ਉਥੇ ਗਹਿਣੇ ਪਏ ਨੇ ਜਿਨ੍ਹਾਂ ਨੇ ਮੈਨੂੰ ਬਣਾਉਣ ਵਾਸਤੇ ਦਿੱਤੇ ਨੇ, ਹਰੇਕ ਦੇ ਉੱਤੇ ਪਰਚੀ ਲੱਗੀ ਹੋਈ ਹੈ। ਉਹ ਤੁਸੀਂ ਦੇ ਦੇਣਾ, ਘਾਟੇ ਵਾਧੇ ਮੈਂ ਆਪਣੇ ਆਪ ਆ ਕੇ ਪੂਰੇ ਕਰ ਲਵਾਂਗਾ। ਮੈਂ ਹਾਲੇ ਨਹੀਂ ਆਉਣਾ। ਹੈਰਾਨ ਹੋ ਗਿਆ ਜੱਥਾ ਕਿ ਹੈਂ! ਇਹਨੂੰ ਖਬਰੇ ਕਿਹੜਾ ਬਾਣ ਲੱਗਿਆ, ਜਿਹਦੇ ਕਰਕੇ ਇਹ ਇਕ ਦਮ ਹੀ ਬਦਲ ਗਿਆ। ਜੱਥਾ ਚਲਿਆ ਜਾਂਦਾ ਹੈ ਮਦਦ ਕਰੀ ਉਨ੍ਹਾਂ ਨੇ, ਗਹਿਣੇ ਮੋੜ ਦਿੱਤੇ, ਆਪਣੇ-ਆਪਣੇ ਲੈ ਲਏ ਸਾਰਿਆਂ ਨੇ, ਦੁਕਾਨ ਨੂੰ ਤਾਲਾ ਲਾ ਦਿੱਤਾ। ਘਰਵਾਲਿਆਂ ਨੂੰ ਦਸ ਦਿੱਤਾ ਕਿ ਉਹ ਤਾਂ ਗੁਰੂ ਦੇ ਰਹਿ ਗਿਆ। ਕੋਈ ਸੇਵਾ ਹੋਵੇ ਸਾਨੂੰ ਦੱਸੋ, ਲੋੜ ਹੋਵੇ ਸਾਨੂੰ ਦੱਸੋ। ਉਨ੍ਹਾਂ ਨੇ ਕਿਹਾ ਕਿ ਉਹਨੇ ਬਥੇਰੀ ਕਮਾਈ ਕੀਤੀ ਹੈ, ਸਾਡੇ ਤੋਂ ਕਿੰਨਾ ਹੀ ਵਰਤੀਏ ਤਾਂ ਵੀ ਨਹੀਂ ਮੁੱਕਦੀ। ਚੰਗਾ ਹੈ ਗੁਰੂ ਦੀ ਸੇਵਾ 'ਚ ਰਹਿ ਪਿਆ। ਉਥੇ ਫੇਰ ਦਿਨ ਰਾਤ ਇੱਕ ਕਰ ਦਿੱਤਾ ਉਹਨੇ ਤੇ ਮਹਾਰਾਜ ਜੀ ਨੇ ਜਿਹੜਾ ਨਾਮ ਦਿੱਤਾ ਉਹਦਾ ਪ੍ਰਤਾਪ ਇਹ ਹੋ ਗਿਆ ਕਿ ਜਨਮਾਂ-ਜਨਮਾਂਤਰਾਂ ਦੀ ਜਿਹੜੀ ਮੈਲ ਲੱਗੀ ਹੋਈ ਸੀ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ*
*ਨ ਹੋਵਈ ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

*ਧਾਰਨਾ - ਅੰਮ੍ਰਿਤ ਨਾਮ ਰਿਦੇ ਮਹਿ ਦੀਨਾ,*
*ਜਨਮ ਜਨਮ ਕੀ ਮੈਲ ਗਈ।*

*ਗੁਰਿ ਪੂਰੈ ਮੇਰੀ ਰਾਖਿ ਲਈ ॥*
*ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ*
*ਜਨਮ ਜਨਮ ਕੀ ਮੈਲੁ ਗਈ ॥ ਅੰਗ - ੮੨੩*

ਨਾਮ ਦਾ ਕੰਮ ਹੈ -

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪***

ਸੋ ਨਾਮ ਜਪਦੇ-ਜਪਦੇ ਹੌਲੀ-ਹੌਲੀ ਸੁਰਤ ਸਾਰੀਆਂ ਮੰਜ਼ਲਾਂ ਨੂੰ ਤਹਿ ਕਰ ਗਈ। ਇੱਕ ਤਾਂ ਸਵਾਸ ਦੇ ਨਾਲ ਚੱਕਰਾਂ ਨੂੰ ਵੇਧਣਾ ਪੈਂਦਾ ਹੈ। ਇੱਕ ਸੁਰਤ ਦੇ ਨਾਲ ਸਹਿਜ ਨਾਲ ਹੀ ਚੜ੍ਹਾਈ ਹੋ ਜਾਂਦੀ ਹੈ। ਮੂਲਧਾਰ ਚੱਕਰ, ਫੇਰ ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ ਹਿਰਦੇ ਦਾ, ਵਿਸ਼ੁਧ ਚੱਕਰ ਕੰਠ ਦਾ, ਆਗਿਆ ਚੱਕਰ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ। ਰੀੜ੍ਹ ਦੀ ਹੱਡੀ ਦੇ ਵਿੱਚ ਨੇ ਇਹ ਸੁਖਮਨਾ ਨਾੜੀ 'ਚ। ਇਹ ਚਲਦੇ-ਚਲਦੇ ਤ੍ਰਿਕੁਟੀ ਨੂੰ ਲੰਘ ਕੇ ਸਹੰਸਰਾਰ ਦਲ 'ਚੀਂ ਹੁੰਦੇ ਹੋਏ ਸੁਰਤ ਦਸਵੇਂ ਦੁਆਰ 'ਚ ਪ੍ਰਵੇਸ਼ ਕਰ ਗਈ। ਯੋਗੀਆਂ ਦੇ ਸਵਾਸ ਕਰਦੇ ਨੇ, ਸਾਡੀ ਸੁਰਤ ਕਰਦੀ ਹੈ, ਤੇ ਨਿਰਮਲ ਹੋ ਗਿਆ, ਜਿਹੜੇ ਕਪਾਟ ਲੱਗੇ ਹੋਏ ਉਹ ਖੁਲ੍ਹ ਗਏ, ਐਉਂ ਪੜ੍ਹ ਲਓ -

***ਧਾਰਨਾ - ਵਾਹਵਾ ਵਾਹਵਾ***
***ਬਜਰ ਕਪਾਟ ਖੁੱਲ੍ਹ ਗਏ,***
***ਮਨ ਚੜ੍ਹਿਆ ਦਸਵੇਂ ਦੁਆਰੇ।***

***ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ***
***ਦਸਵਾ ਦੁਆਰੁ ਪਾਇਆ ॥***
***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ***
***ਸਬਦਿ ਜਗਤੁ ਥੰਮ੍ਹਿ ਰਹਾਇਆ ॥ ਅੰਗ - ੪੪੧***

ਉਹ ਕਿਹੜਾ ਸ਼ਬਦ ਉਪਜਦਾ ਹੈ ਜਿਹੜੇ ਸ਼ਬਦ ਨੇ ਆਹ ਸੰਸਾਰ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ। ਜਿਹੜੇ ਸ਼ਬਦ ਦੇ ਨਾਲ ਸੰਸਾਰ ਦੀ ਉਤਪਤੀ ਹੋਈ ਹੈ -

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩***

ਉਸ ਸ਼ਬਦ ਦੀ ਧੁਨ ਉਥੇ ਸੁਣਦੀ ਹੈ।

ਉਥੇ ਦਾ ਅੰਮ੍ਰਿਤ ਭੋਜਨ, ਜਿਹਨੂੰ ਖਾ ਕੇ ਫੇਰ ਮਰਨਾ ਨਹੀਂ ਹੁੰਦਾ, ਸੱਚਾ ਅੰਮ੍ਰਿਤ ਮਿਲ ਜਾਂਦਾ ਹੈ ਉਥੇ। ਪਹਿਲਾ ਅੰਮ੍ਰਿਤ ਸਾਡਾ ਹੈਗਾ, ਧਰਮ ਦੇ ਵਿੱਚ ਪ੍ਰਵੇਸ਼ ਕਰਨ ਦਾ, ਜੋ ਪੰਜ ਪਿਆਰੇ ਦਿੰਦੇ ਨੇ। ਇਹਨੂੰ ਨਾਮ ਅੰਮ੍ਰਿਤ ਕਹਿੰਦੇ ਨੇ, ਮੰਤ੍ਰ ਅੰਮ੍ਰਿਤ। ਇਸ ਤੋਂ ਪਹਿਲਾਂ ਜਦੋਂ ਅਸੀਂ ਪੈਦਾ ਹੋਏ, ਸੁਚੱਜੇ ਮਾਂ ਬਾਪ ਨੇ ਕਿਸੇ ਚੰਗੇ ਪੁਰਸ਼ ਨੂੰ ਬੁਲਾ ਕੇ ਕਿਹਾ ਕਿ ਭਾਈ! ਗੁੜ੍ਹਤੀ ਦੇ ਦੇ, ਉਹਨੇ ਕਿਰਪਾਨ ਪਾਣੀ 'ਚ ਫੇਰੀ, ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਿਆ, ਇੱਕ ਕਤਰਾ ਮੂੰਹ ਵਿੱਚ ਪਾਇਆ। ਉਹਨੂੰ ਜਨਮ ਸੰਸਕਾਰ ਅੰਮ੍ਰਿਤ ਕਹਿੰਦੇ ਨੇ। ਤੀਸਰਾ ਅੰਮ੍ਰਿਤ ਆਰਫਾਂ ਤੋਂ ਮਿਲਦਾ ਹੈ, ਬ੍ਰਹਮਗਿਆਨੀਆਂ ਤੋਂ ਮਿਲਦਾ, ਗੁਰੂਆਂ ਤੋਂ ਮਿਲਦਾ ਹੈ ਪੂਰਿਆਂ ਤੋਂ; ਉਹ ਅੰਮ੍ਰਿਤ ਹੈ ਬ੍ਰਹਮਗਿਆਨ ਅੰਮ੍ਰਿਤ। ਜਦੋਂ ਪ੍ਰਮੇਸ਼ਰ ਸਾਰੇ ਇੱਕ ਦ੍ਰਿਸ਼ਟੀ ਦੇ ਨਾਲ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ, ਉਹ ਇੱਥੇ ਹੈ -

***ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ***
***ਦਸਵਾ ਦੁਆਰੁ ਪਾਇਆ ॥***
***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ***
***ਸਬਦਿ ਜਗਤੁ ਥੰਮ੍ਹਿ ਰਹਾਇਆ ॥ ਅੰਗ - ੪੪੧***

ਨਿਸ਼ਾਨੀ ਕੀ ਹੈ?

***ਤਹ ਅਨੇਕ ਵਾਜੇ ਸਦਾ ਅਨਦੁ ਹੈ***
***ਸਚੇ ਰਹਿਆ ਸਮਾਏ ॥ ਅੰਗ - ੪੪੧***

ਅਨੇਕ ਕਿਸਮ ਦੇ ਵਾਜੇ ਉਥੇ ਵਜਦੇ ਨੇ। ਉਸ ਥਾਂ ਦੇ ਉਤੇ ਹਰ ਵਕਤ ਵਾਹਿਗੁਰੂ ਦੇ ਵਿੱਚ ਲੀਨ ਰਹਿੰਦਾ ਹੈ।

***ਇਉ ਕਹੈ ਨਾਨਕੁ ਸਤਿਗੁਰਿ ਮਿਲਿਐ***
***ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥***
***ਅੰਗ - ੪੪੧***

ਛੁਟਕਾਰਾ ਹੋ ਗਿਆ, ਆਪਣੇ ਘਰ 'ਚ ਵਾਸਾ ਪਾ ਲਿਆ।

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪***

ਸੋ ਇਹ ਅਵਸਥਾ ਗੁਰਸਿਖ ਦੀ ਹੁੰਦੀ ਹੈ ਜਿਥੇ ਗੁਰੂ ਤੇ ਸਿੱਖ ਅਭੇਦ ਹੋ ਜਾਂਦੇ ਨੇ, ਆਪਸ ਵਿੱਚ ਮਿਲ ਜਾਂਦੇ ਨੇ, ਦੋ ਨਹੀਂ ਰਹਿੰਦੇ, ਇੱਕੋ ਹੀ ਦ੍ਰਿਸ਼ਟੀ ਆਉਂਦਾ ਹੈ, ਐਉਂ ਕਹਿ ਲਓ ਇਹੀ ਪ੍ਰਮੇਸ਼ਰ ਹੋ ਜਾਂਦਾ ਹੈ। ਸੋ ਇਹਦੀ ਅਵਸਥਾ ਐਡੀ ਹੋਣ 'ਤੇ ਗੁਰੂ ਮਹਾਰਾਜ ਨੇ ਕਿਹਾ ਭਾਈ ਬੋਹੜੂ! ਬੰਦਗੀ ਕਰੀ ਤੂੰ ਤੇ ਤੇਰੇ ਸਾਰੇ ਪਾਪ ਕਟ ਗਏ, ਨਾਮ ਦੀ ਤੈਨੂੰ ਸੋਝੀ ਪੈ ਗਈ, ਹੁਣ ਤੂੰ ਜਨਮ ਦਾ ਲਾਹਾ ਪੂਰੀ ਤਰ੍ਹਾਂ ਖੱਟ ਲਿਆ ਪਿਆਰਿਆ! ਤੇਰੀ ਸੇਵਾ ਥਾਂਇ ਪਈ। ਹੁਣ ਤੂੰ ਘਰ ਜਾਹ, ਉਥੇ ਆਪ ਵੀ ਨਾਮ ਜਪ ਤੇ ਸੰਸਾਰ ਨੂੰ ਵੀ ਨਾਮ ਜਪਾ। ਕਿਉਂਕਿ ਸਤਿਗੁਰਾਂ ਨੇ ਇਹ ਗੱਲ ਕਹੀ ਹੈ-

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***
***ਅੰਗ - ੩੦੬***

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਭਾਦੁਇ ਦਾ ਮਹਾਤਮ ਸੁਣਿਆ ਹੈ। ਅੰਮ੍ਰਿਤ ਵੇਲੇ ਉਠਿਆ ਕਰੋ, ਨਾਮ ਜਪਿਆ ਕਰੋ, ਵੇਲਾ ਸੰਭਾਲ ਲਓ, ਫੇਰ ਇਹ ਹੱਥ ਨਹੀਂ ਆਉਣਾ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਸਮਾਪਤੀ ਹੈ।

ਅਨੰਦ ਸਾਹਿਬ
ਗੁਰ ਸਤੋਤਰ
ਅਰਦਾਸ
ਹੁਕਮਨਾਮਾ
(************)

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ,***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ ਪੰਨਾ - ੨੮)*

"ਮੇਰੇ ਯਾਦ ਨਹੀਂ ਰਿਹਾ। ਭੁੱਖ ਹੀ ਐਨੀ ਲੱਗੀ ਹੋਈ ਸੀ।"

"ਫਿਰ ਸਤਿ-ਵਾਦੀ ਤਾਂ ਨਾ ਹੋਇਆ।"

"ਹੁਣ ਤਾਂ ਮੁਆਫ ਕਰ ਦਿਉ। ਅੱਗੇ ਨੂੰ ਸਤਿਵਾਦੀ ਰਹਾਂਗਾ।"

"ਚੰਗਾ, ਤੇਰੀ ਮਰਜ਼ੀ।"

ਜਾਂਦੇ-ਜਾਂਦੇ ਆਪ ਕਹਿਣ ਲੱਗੇ, "ਅਰਜਨ! ਇਹ ਸਾਡੇ ਕੋਲ ਵਿਜੰਤੀ ਮਾਲਾ ਹੈ। ਅਸੀਂ ਸੌਚ ਵਾਸਤੇ ਜਾਣਾ ਹੈ, ਤੈਨੂੰ ਇਹ ਸੰਭਾਲਦੇ ਹਾਂ, ਤੂੰ ਇਹਦਾ ਪੂਰਾ ਧਿਆਨ ਰੱਖੀਂ। ਪ੍ਰਾਣ ਚਲੇ ਜਾਣ ਪਰ ਇਹ ਨਾ ਗੁਆਚ ਜਾਵੇ।" ਕਹਿੰਦਾ, "ਠੀਕ ਹੈ ਮਹਾਰਾਜ! ਮੈਂ ਬਚਨ ਦਿੰਦਾ ਹਾਂ ਕਿ ਪ੍ਰਾਣਾਂ ਨਾਲ ਵੀ ਇਹਦੀ ਰਾਖੀ ਕਰਾਂਗਾ।" ਭਗਵਾਨ ਬਹੁਤ ਦੇਰ ਆਏ ਹੀ ਨਾ ਤੇ ਇਹ ਸੋਚਦਾ ਹੈ ਕਿ ਮੈਂ ਇਸ਼ਨਾਨ ਕਰ ਲਵਾਂ ਪਹਿਲਾਂ-ਪਹਿਲਾਂ - ਫਿਰ ਉਨ੍ਹਾਂ ਦਾ ਇਸ਼ਨਾਨ ਕਰਾਉਣਾ ਹੈ। ਉਹ ਮਾਲਾ ਰੱਖ ਕੇ ਇਸ਼ਨਾਨ ਕਰਨ ਲੱਗ ਗਿਆ ਤੇ ਧਨੁਖ ਬਾਣ ਵੀ ਰੱਖ ਦਿਤਾ। ਅਚਾਨਕ ਉਥੇ ਸ਼ੇਰ ਆ ਗਿਆ। ਹੁਣ ਇਹ ਪਾਣੀ ਵਿਚ ਹੈ, ਡਰਦਾ ਹੈ ਕਿ ਕੋਈ ਚੀਜ਼ ਇੱਟ-ਪੱਥਰ ਵਗੈਰਾ ਕੁਛ ਕੋਲ ਨਹੀਂ; ਇਕੱਲੀ ਮਾਲਾ ਹੀ ਕੋਲ ਪਈ ਸੀ, ਉਹ ਹੀ ਉਹਦੇ ਮਾਰੀ ਵਗਾਹ ਕੇ, ਜੋ ਉਹਦੇ ਮੂੰਹ ਵਿਚ ਲੱਗੀ, ਤੇ ਉਹ ਉਵੇਂ ਹੀ ਲੈ ਕੇ ਤੁਰ ਗਿਆ ਤੇ ਜਦ ਧਨੁਖ ਬਾਣ ਲੈ ਕੇ ਉਹਦੇ ਮਗਰ ਗਿਆ ਤਾਂ ਉਹ ਲੱਭਿਆ ਨਾ।

ਐਨੇ ਨੂੰ ਭਗਵਾਨ ਆ ਗਏ, ਕਹਿੰਦੇ, "ਸਾਡੀ ਮਾਲਾ ਕਿਥੇ ਹੈ?" ਚੁੱਪ, ਨੀਵੀਂ ਪਾਈ ਬੈਠਾ ਹੈ। ਕਹਿੰਦੇ, "ਤੂੰ ਸਤਿ-ਪ੍ਰਤੱਗੀ ਹੈਂ?" ਤੂੰ ਕਿਹਾ ਸੀ ਕਿ ਪ੍ਰਾਣ ਚਲੇ ਜਾਣ, ਮੈਂ ਮਾਲਾ ਦੀ ਰਾਖੀ ਕਰਾਂਗਾ ਪਰ ਪ੍ਰਾਣ ਤਾਂ ਤੇਰੇ ਕਾਇਮ ਨੇ - ਮਾਲਾ ਹੈ ਨਹੀਂ ਸਾਡੀ।" ਕਹਿੰਦਾ, "ਮਹਾਰਾਜ! ਕੋਈ ਅਜਿਹਾ ਵੀ ਹੁੰਦਾ ਹੈ ਜਿਹੜਾ ਪ੍ਰਾਣ ਦੇ ਕੇ ਵੀ ਰਾਖੀ ਕਰੇ?" ਕਹਿੰਦੇ, "ਹਾਂ, ਚੱਲ ਤੈਨੂੰ ਦਿਖਾਈਏ।" ਇਕ ਥਾਂ ਚਲੇ ਗਏ ਤੇ ਜਾ ਕੇ ਕਹਿਣ ਲੱਗੇ, "ਪ੍ਰੇਮੀਆਂ! ਅਸੀਂ ਪ੍ਰਸ਼ਾਦਾ ਛਕਣਾ ਹੈ - ਦੋ ਜਣਿਆ ਨੇ।" ਉਸ ਦੀਆਂ ਦੋ ਇਸਤਰੀਆਂ ਸਨ। ਉਸ ਨੇ ਪ੍ਰਸ਼ਾਦਾ ਤਿਆਰ ਕਰਾਇਆ। ਭਗਵਾਨ ਕਹਿਣ ਲੱਗੇ -

"ਸਾਡੇ ਨਾਲ ਆ ਕੇ ਪ੍ਰਸ਼ਾਦਾ ਛਕ।"

"ਮਹਾਰਾਜ! ਤੁਸੀਂ ਛਕ ਲਉ।"

"ਅਸੀਂ ਨਹੀਂ ਛੱਕਣਾ, ਜਦ ਤਕ ਤੂੰ ਨਹੀਂ ਆਉਂਦਾ।"

"ਅੱਛਾ ਮਹਾਰਾਜ! ਮੈਂ ਉਪਰ ਜਾ ਆਵਾਂ - ਚੁਬਾਰੇ ਵਿਚ।"

ਉਪਰ ਗਿਆ, ਜਾ ਕੇ ਹੀਰਾ ਚੱਟ ਕੇ ਮਰ ਗਿਆ - ਵਾਪਸ ਨਾ ਆਇਆ। ਕ੍ਰਿਸ਼ਨ ਮਹਾਰਾਜ ਨੇ ਇਸਤ੍ਰੀਆਂ ਨੂੰ ਕਿਹਾ ਕਿ ਉਹ ਤਾਂ ਵਾਪਸ ਨਹੀਂ ਆਇਆ। ਕਹਿਣ ਲੱਗਿਆ ਕਿ ਮਹਾਰਾਜ! ਦੇਖ ਆਉਂਦੇ ਹਾਂ। ਉਪਰ ਗਈਆਂ ਤਾਂ ਦੇਖਿਆ ਕਿ ਉਹ ਤਾਂ ਮਰਿਆ ਪਿਆ ਹੈ। ਕਹਿਣ ਲੱਗੀਆਂ -

"ਜੀ, ਉਹ ਤਾਂ ਪ੍ਰਾਣ ਛੱਡ ਗਿਆ।"

"ਉਹਨੇ ਪ੍ਰਾਣ ਕਿਉਂ ਛੱਡ ਦਿਤੇ?"

"ਮਹਾਰਾਜ! ਤੁਸੀਂ ਸਮਰੱਥ ਪੁਰਸ਼ ਹੋ, ਇਸ ਤੋਂ ਹੀ ਪੁੱਛ ਲਉ।"

ਕ੍ਰਿਸ਼ਨ ਮਹਾਰਾਜ ਆਪ ਵੀ ਉਪਰ ਚਲੇ ਗਏ, ਛਿੱਟਾ ਮਾਰਿਆ ਜਲ ਦਾ ਤੇ ਜਿਉਂਦਾ ਕਰ ਦਿਤਾ। ਕਹਿੰਦੇ, "ਭਗਤ ਜੀ! ਤੁਸੀਂ ਪ੍ਰਾਣ ਕਿਉਂ ਛੱਡੇ?"

"ਮਹਾਰਾਜ! ਮੇਰੀ ਬੇਨਤੀ ਬਹੁਤ ਪਿਆਰ ਦੇ ਨਾਲ ਸਰਵਣ ਕਰਿਓ। ਉਹ ਇਹ ਹੈ ਕਿ ਮੈਂ ਇਨ੍ਹਾਂ ਇਸਤਰੀਆਂ ਦੇ ਹੱਥ ਦਾ ਪ੍ਰਸ਼ਾਦਾ ਨਾ ਛਕਣ ਦਾ ਪ੍ਰਣ ਕੀਤਾ ਹੋਇਆ ਸੀ ਕਿ ਮੈਂ ਇਨ੍ਹਾਂ ਦੇ ਹੱਥ ਦਾ ਪ੍ਰਸ਼ਾਦਾ ਨਹੀਂ ਛਕਣਾ।"

"ਕਿਉ?"

"ਇਹ ਭੰਗਣਾਂ ਨੇ।"

"ਫਿਰ ਤੁਸੀਂ ਸਾਡਾ ਹੀ ਕਰਮ ਧਰਮ ਭ੍ਰਿਸ਼ਟ ਕਰਨਾ ਸੀ?"

"ਨਹੀਂ ਮਹਾਰਾਜ! ਹਨ ਤਾਂ ਇਹ ਮੇਰੀਆਂ ਘਰਵਾਲੀਆਂ, ਪਰ ਮੇਰੇ ਵਾਸਤੇ ਭੰਗਣਾਂ ਨੇ।"

"ਉਹ ਕਿਵੇਂ?"

ਕਹਿਣ ਲੱਗਾ ਕਿ ਮਹਾਰਾਜ! ਮੇਰਾ ਬਹੁਤ ਛੋਟੀ ਉਮਰ ਵਿਚ ਵਿਆਹ ਹੋ ਗਿਆ ਸੀ। ਮੈਂ ਬਾਹਰ ਪਰਦੇਸ ਚਲਿਆ ਗਿਆ ਤੇ ਮੇਰੇ ਪਿਤਾ ਜੀ ਇਹਨੂੰ ਲੈ ਆਏ - ਜਿਹੜੀ ਵੱਡੀ ਹੈ। ਜਦ ਇਸਨੂੰ ਮੇਰੇ ਆਉਣ ਦਾ ਪਤਾ ਲੱਗਿਆ ਤਾਂ ਇਸ ਨੂੰ ਬਹੁਤ ਚਾਉ ਉਠਿਆ। ਪ੍ਰਸ਼ਾਦਾ ਤਿਆਰ ਕਰਨ ਵਾਸਤੇ ਚੌਂਕਾ ਲਿੱਪਣ ਲਈ ਗੋਹਾ ਲਿਆਉਣ ਗਈ ਬਾਹਰ ਗਈ। ਜਦ ਬਰਤਣ 'ਚ ਪਾ ਲਿਆ ਗੋਹਾ, ਤਾਂ ਚੁਕਾਉਣ ਵਾਲਾ ਕੋਈ ਹੈ ਨਹੀਂ ਸੀ। ਮੈਂ ਆ ਗਿਆ, ਮੈਨੂੰ ਕਹਿੰਦੀ, "ਭਾਈ! ਇਹ ਮੇਰੇ ਸਿਰ 'ਤੇ ਰਖਾ ਦੇ, ਤੇਰਾ ਬੜਾ ਪੁੰਨ ਹੋਏਗਾ।" ਤੇ ਜਦੋਂ ਇਹਦੇ ਸਿਰ ਤੇ ਰੱਖਣ ਲੱਗਿਆ ਤਾਂ ਕਹਿੰਦੀ, "ਦੇਖੀਂ! ਮੇਰੇ ਨਾਲ ਛੂਹੀਂ ਨਾ, ਮੈਂ ਪਰ-ਪੁਰਸ਼ ਨਾਲ ਛੂੰਹਦੀ ਨਹੀਂ ਹਾਂ ਤੇ ਤੇਰੇ ਵਾਸਤੇ ਭੰਗਣ ਹਾਂ - ਇਉਂ ਸਮਝੀਂ।" ਮੈਂ ਕਿਹਾ, ਮੇਰੇ ਵਾਸਤੇ ਤੂੰ ਭੰਗਣ ਹੈਂ। ਮੈਂ ਬਰਤਨ ਚੁੱਕ ਕੇ ਉਹਦੇ ਸਿਰ ਤੇ ਰੱਖ ਦਿਤਾ। ਜਦੋਂ ਘਰ ਆਏ, ਮੈਂ ਇਸ ਨੂੰ ਮਿਲਿਆ ਤੇ ਮੈਂ ਹੈਰਾਨ ਹੋ ਗਿਆ ਕਿ ਇਹ ਤਾਂ

ਉਹੀ ਹੈ। ਹੁਣ ਕਿਉਂਕਿ ਮੈਂ ਪ੍ਰਤੱਗਿਆ ਕਰ ਚੁੱਕਿਆ ਸੀ, ਮੈਂ ਇਹਨੂੰ ਕਿਹਾ, ਤੂੰ ਮੇਰੇ ਨੇੜੇ ਨਹੀਂ ਆਉਣਾ, ਤੇਰੇ ਹੱਥ ਦੀ ਪੱਕੀ ਹੋਈ ਰੋਟੀ ਨਹੀਂ ਖਾਣੀ ਕਿਉਂਕਿ ਮੈਂ ਪ੍ਰਤੱਗਿਆ ਕਰ ਚੁੱਕਿਆ ਹਾਂ।"

ਇਸਦੇ ਬਾਰੇ ਉਸਦੇ ਪਿਤਾ ਜੀ ਨੂੰ ਵੀ ਪਤਾ ਲੱਗਿਆ, ਤੇ ਇਸਨੇ ਆਪਣੀ ਛੋਟੀ ਭੈਣ ਲਿਆ ਦਿਤੀ। ਜਦੋਂ ਸ਼ਾਦੀ ਹੋਈ, ਉਸ ਵੇਲੇ ਮਾਤਾ ਜੀ ਕਹਿਣ ਲੱਗੀ, "ਬੇਟਾ! ਜਿਵੇਂ ਤੂੰ ਵੱਡੀ ਧੀ ਨੂੰ ਰਖਦਾ ਹੈਂ, ਉਵੇਂ ਜਿਵੇਂ ਇਹਨੂੰ ਰੱਖੀਂ।" ਮੈਂ ਕਿਹਾ, "ਮਾਤਾ! ਇਹ ਬਚਨ ਨ ਮੈਥੋਂ ਲੈ।" ਕਹਿੰਦੀ, "ਨਹੀਂ ਬਚਾ! ਦੋਹਾਂ ਨੂੰ ਇਕੋ ਸਮਾਨ ਸਮਝੀਂ।" ਜਦ ਮੇਰੇ ਪਿਛਿਓਂ ਹਟੀ ਹੀ ਨਾ ਤਾਂ ਮੈਂ ਕਹਿ ਦਿਤਾ, "ਜਾਹ ਮਾਤਾ! ਜਿਵੇਂ ਕਿਹਾ ਹੈ, ਉਵੇਂ ਹੀ ਹੋਵੇਗਾ। ਉਹਨੂੰ ਤਾਂ ਮੈਂ ਭੰਗਣ ਕਿਹਾ ਹੋਇਆ ਹੈ ਤੇ ਇਹਨੂੰ, ਤਾਂ ਹੀ ਬਰਾਬਰ ਰੱਖੂੰਗਾ ਜੇ ਇਹਨੂੰ ਭੀ ਭੰਗਣ ਕਹੂੰ।

ਸੋ ਮਹਾਰਾਜ! ਇਸ ਕਰਕੇ ਮੈਂ ਆਪਣਾ ਪ੍ਰਣ ਨਹੀਂ ਸੀ ਤੋੜਨਾ - ਮੇਰੀ ਪ੍ਰਤੱਗਿਆ ਸੀ। ਮੈਂ ਆਪਣੇ ਪ੍ਰਾਣ ਦੇਣੇ, ਪ੍ਰਤੱਗਿਆ ਤੋੜਨ ਨਾਲੋਂ ਚੰਗੇ ਸਮਝਦਾ ਸੀ। ਇਸ ਕਰਕੇ ਮੈਂ ਆਪਣੇ ਪ੍ਰਾਣ ਦੇ ਦਿਤੇ। ਕ੍ਰਿਸ਼ਨ ਮਹਰਾਜ ਕਹਿੰਦੇ, "ਠੀਕ ਹੈ, ਜਿਉਂਦੇ ਜਿਉਂਦੇ ਪ੍ਰਤੱਗਿਆ ਹੁੰਦੀ ਹੈ। ਹੁਣ ਤੂੰ ਮਰਨ ਤੋਂ ਬਾਅਦ ਜਿਉਂਦਾ ਹੋਇਆ ਹੈਂ, ਹੁਣ ਸਾਡਾ ਬਚਨ ਹੈ ਕਿ ਇਨ੍ਹਾਂ ਦੇ ਹੱਥੋਂ ਤੂੰ ਖਾਣਾ ਪੀਣਾ ਸ਼ੁਰੂ ਕਰ ਦੇ।"

ਕ੍ਰਿਸ਼ਨ ਮਹਾਰਾਜ ਕਹਿੰਦੇ, "ਕਿਉਂ ਅਰਜਨ! ਤੂੰ ਤਾਂ ਸਾਡੀ ਵਿਜੰਤੀ ਮਾਲਾ ਦੀ ਰਖਸ਼ਾ ਨਾ ਕਰ ਸਕਿਆ। ਇਹਨੇ ਦੇਖ ਲੈ, ਆਪਣਾ ਪ੍ਰਣ ਪਾਲਣ ਖਾਤਰ ਆਪਣੀ ਜਾਨ ਦੇ ਦਿਤੀ।" ਇਹਨੂੰ 'ਸਤਿ' ਕਹਿੰਦੇ ਨੇ ਸਾਧ ਸੰਗਤਿ ਜੀ - ਦੂਸਰਾ ਡੰਡਾ। ਮਿਸਾਲ ਇਕ ਨਹੀਂ ਹੈ, ਹੋਰ ਭੀ ਨੇ।

ਰਾਜੇ ਹਰੀਚੰਦ ਬਾਰੇ ਦੇਖ ਲਓ। ਸੁਪਨਾ ਹੀ ਆਇਆ ਸੀ - ਉਸਨੂੰ। ਸੁਪਨੇ ਵਿਚ ਹੀ ਦਾਨ ਕਰਿਆ ਸੀ ਰਾਜ, ਤੇ ਵਿਸ਼ਵਾਮਿਤਰ ਰਾਜ ਲੈਣ ਵਾਸਤੇ ਆ ਗਿਆ। ਰਾਜ ਦੇ ਦਿਤਾ, ਫਿਰ ਕਹਿੰਦਾ ਕਿ ਹੁਣ ਮੈਨੂੰ ਦੱਛਣਾ ਦੇਹ। ਸੋ ਦੱਛਣਾ ਦੇਣ ਵਾਸਤੇ ਆਪ ਵਿਕਣਾ ਪਿਆ। ਉਸਨੂੰ ਨਿਖਾਸ ਤੇ ਜਾ ਕੇ ਵਿਕਣਾ ਪਿਆ -

***ਅਉਗਣੁ ਜਾਣੈ ਤ ਪੁੰਨ ਕਰੇ***
***ਕਿਉ ਕਿਉ ਨੇਖਾਸਿ ਬਿਕਾਈ॥ ਅੰਗ - ੧੩੪੪***

ਕਹਿੰਦੇ, ਉਥੇ ਜਾ ਕੇ ਕਿਉਂ ਵਿਕਦਾ ਹੈ। ਸਤਿ ਦਾ ਪਾਲਣ ਕਰਨ ਵਾਸਤੇ ਕਿੰਨੀਆਂ ਤਕਲੀਫਾਂ...................ਘਰਵਾਲੀ ਕਿਤੇ ਹੈ, ਬੱਚਾ ਕਿਤੇ ਹੈ। ਬੱਚਾ ਮਰ ਜਾਂਦਾ ਹੈ, ਸਸਕਾਰ ਨਹੀਂ ਕਰਨ ਦਿੰਦੇ।

ਸੋ ਇਸਨੂੰ 'ਸਤਿ ਦਾ ਜੀਵਨ' ਕਹਿੰਦੇ ਨੇ। ਇਹ ਜੀਵਨ ਸਾਡੇ ਵਿਚੋਂ 100% ਨਿਕਲ ਗਿਆ ਹੈ। ਹੁਣ ਤਾਂ ਬੜਾ ਸੁਖਾਲਾ ਹੀ ਝੂਠ ਬੋਲਦੇ ਹਾਂ, ਹਰ ਗੱਲ ਤੇ ਝੂਠ ਬੋਲਣ ਦੀ ਕੋਸ਼ਿਸ਼ ਕਰਦੇ ਹਾਂ। ਇਕ ਪਾਸੇ ਅਸੀਂ ਝੂਠ ਬੋਲਦੇ ਹਾਂ ਤੇ ਇਕ ਪਾਸੇ ਕਹਿੰਦੇ ਹਾਂ ਕਿ ਸੇਵਾ ਦਾ ਫਲ ਲਗ ਜਾਵੇ। ਬਿਲਕੁਲ ਨਹੀਂ ਲੱਗਣਾ, ਸਾਧਸੰਗਤਿ ਜੀ! ਐਸਾ ਕਿਹਾ ਹੈ ਮਹਾਰਾਜ ਨੇ ਕਿ ਜੇ ਉਹ ਦਸ ਕਦਮਾਂ ਉਪਰ ਨੂੰ ਭਰਦਾ ਹੈ ਤਾਂ 20 ਕਦਮਾਂ ਪਿੱਛੇ ਨੂੰ ਜਾਂਦਾ ਹੈ, ਦਸ ਹੇਠਾਂ ਨੂੰ ਚਲਿਆ ਜਾਂਦਾ ਹੈ, ਸੇਵਾ ਥਾਂ ਨਹੀਂ ਪੈਂਦੀ, ਨਾਮ ਜਪਿਆ ਹੋਇਆ ਥਾਂ ਨਹੀਂ ਪੈਂਦਾ। ਸੋ ਇਸ ਤਰ੍ਹਾਂ 'ਸੱਚ' ਨੂੰ ਪਾਲਣਾ ਹੈ -

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥***
***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥***
***ਅੰਗ - ੪੬੮***

ਇਹਦੇ ਨਾਲ ਕੂੜ ਦੀ ਮੈਲ ਉਤਰ ਜਾਂਦੀ ਹੈ ਤੇ ਮਨ ਨਿਰਮਲ ਹੋ ਜਾਂਦਾ ਹੈ ਤੇ ਨਾਮ ਦਾ ਵਾਸਾ ਹੋ ਜਾਇਆ ਕਰਦਾ ਹੈ।

ਤੀਸਰਾ ਹੋਇਆ ਕਰਦਾ ਹੈ 'ਚੋਰੀ'। ਚੋਰੀ ਦੋ ਤਰ੍ਹਾਂ ਦੀ ਦੱਸੀ ਸੀ - ਇਕ ਤਾਂ ਉਹ ਹੈ ਕਿ ਕਿਸੇ ਦੀ ਚੀਜ਼, ਵਸਤੂ ਛੁਪਾ ਲੈਣੀ; ਇਕ ਹੁੰਦੀ ਹੈ - ਮਨ ਦੀ ਚੋਰੀ। ਉਹ ਗੱਲਾਂ ਕਰਨੀਆਂ ਕਿ ਕਿਸੇ ਨੂੰ ਪਤਾ ਨਾ ਲੱਗੇ। ਸੋ ਗੱਲਾਂ ਕਰੀ ਜਾਣੀਆਂ ਪਰ ਪਤਾ ਲਗਣ ਤੋਂ ਵੀ ਡਰਨਾ। ਇਹ ਮਨ ਦੀ ਚੋਰੀ ਹੋਇਆ ਕਰਦੀ ਹੈ। ਇਹਦੇ ਵਿਚ ਵੀ 'ਨਾਮ' ਨਹੀਂ ਚੱਲਿਆ ਕਰਦਾ।

ਚੌਥਾ ਹੋਇਆ ਕਰਦਾ ਹੈ, ਜਿਸ ਨੂੰ 'ਬ੍ਰਹਮਚਰੀਆ' ਆਖਦੇ ਨੇ। ਇਹਦੀ ਕਾਫੀ ਵਿਚਾਰ ਕਰੀ ਸੀ। ਪੰਜਵੀਂ ਚੀਜ਼ ਜੋ ਪਿਛਲੇ ਹਫਤੇ ਵਿਚਾਰ ਕਰੀ ਸੀ, ਉਹ ਹੈ 'ਧੀਰਜ'। ਧੀਰਜ ਨੂੰ ਮਹਾਰਾਜ ਜੀ ਨੇ ਬਹੁਤ ਸਲਾਹਿਆ - ਬਾਣੀ ਦੇ ਅੰਦਰ ਵੀ ਆਉਂਦਾ ਹੈ। ਧੀਰਜੀ ਪੁਰਸ਼ ਐਸਾ ਹੈ -

***ਆਪਦ ਸੰਪਦ ਆਤਪ ਸੀਤਾ॥***
***ਬਿਕਲ ਨ ਹੋਇ ਡੁਲਾਏ ਚੀਤਾ॥***
***ਪੰਨਾ - ੧੦੮ ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ***

ਚਾਹੇ ਧੁੱਪ ਹੈ, ਚਾਹੇ ਠੰਢ ਹੈ, ਚਾਹੇ ਬਿਪਤਾ ਆ ਗਈ, ਚਾਹੇ ਸੰਪਤ ਦਾ ਨਾਸ਼ ਹੁੰਦਾ ਹੈ - ਡਾਵਾਂਡੋਲ ਨਾ ਹੋਵੇ। ਜਿਹੋ ਜਿਹੇ ਹਾਲਾਤ ਆ ਜਾਣ, ਉਨ੍ਹਾਂ ਵਿਚ ਧੀਰਜ ਨਾਲ ਰਹੇ, ਉਸਨੂੰ ਧੀਰਜਵਾਨ ਪੁਰਸ਼ ਕਹਿੰਦੇ ਨੇ। ਇਸ ਲਈ ਬਾਣੀ ਅੰਦਰ ਐਸਾ ਫੁਰਮਾਨ ਆਉਂਦਾ ਹੈ -

***ਧਾਰਨਾ - ਰੁੱਖਾਂ ਵਰਗਾ ਜੇਰਾ,***
***ਪਿਆਰੇ ਲੋੜੀਂਦੈ ਦਰਵੇਸ਼ਾਂ ਨੂੰ - ੨, ੨.***

***ਫਰੀਦਾ ਸਾਹਿਬ ਦੀ ਕਰਿ ਚਾਕਰੀ***
***ਦਿਲ ਦੀ ਲਾਹਿ ਭਰਾਂਦਿ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥***
***ਅੰਗ - ੧੩੮੧***

ਦਰਖਤ ਦੇ ਕੋਈ ਟਾਹਣੇ ਵੱਢਦਾ ਹੈ, ਕੋਈ ਇੱਟਾਂ ਵੱਟੇ ਮਾਰਦਾ ਹੈ, ਉਹਨੇ ਛਾਂ ਵੀ ਦੇਣੀ ਹੈ ਤੇ ਫਲ ਤਾਂ ਦੇਣਾ ਹੀ ਦੇਣਾ ਹੈ। ਇਸੇ ਤਰ੍ਹਾਂ ਮਹਾਤਮਾ ਹੁੰਦੇ ਨੇ - ਕੋਈ ਨਿੰਦਿਆ ਕਰਦਾ ਹੈ, ਕੋਈ ਈਰਖਾ ਕਰਦਾ ਹੈ, ਕੋਈ ਅਪਮਾਨ ਕਰਦਾ ਹੈ; ਬੇਅੰਤ ਤਰ੍ਹਾਂ ਦੇ ਬੰਦੇ ਮਿਲਦੇ ਨੇ, ਲੇਕਿਨ ਕਿੱਡਾ ਵੱਡਾ ਜਿਗਰਾ ਹੁੰਦਾ ਹੈ ਉਨ੍ਹਾਂ ਦਾ।

ਪਿਛਲੀ ਵਾਰੀ ਬੇਨਤੀ ਕੀਤੀ ਸੀ ਕਿ ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਤਖਤ ਤੇ ਬਿਰਾਜਮਾਨ ਨੇ। ਦਾਤੂ ਜੀ ਨੇ ਆ ਕੇ ਜ਼ੋਰ ਨਾਲ ਲੱਤ ਮਾਰ ਕੇ ਥੱਲੇ ਸੁੱਟ ਦਿਤਾ। ਬ੍ਰਿਧ ਸਰੀਰ ਸੀ, ਕਿੰਨੀ ਕੁ ਸੱਟ ਲੱਗੀ ਹੋਣੀ ਹੈ। ਗਿਰ ਕੇ ਦੇਖੋਂ, ਕੀ ਮਨ ਵਿੱਚ ਖਿਆਲ ਆਉਣਗੇ ਸਾਡੇ, ਤੇ ਫੇਰ ਐਡੇ ਸਮਰੱਥ ਪੁਰਸ਼ - ਜੇ ਇਕ ਬਚਨ ਮੂੰਹ 'ਚੋਂ ਕਹਿ ਦੇਣ ਤਾਂ ਸ੍ਰਿਸ਼ਟੀ ਦਾ ਨਾਸ਼ ਕਰ ਦੇਣ। ਅਜਿਹੇ ਸਮਰਥ ਸਨ ਕਿ ਆਪ ਤੁਰੇ ਜਾਂਦੇ ਨੇ, ਇਕ ਹੱਡੀ ਨਾਲ ਪੈਰ ਲਗ ਗਿਆ - ਸਿੱਖਾਂ ਨੇ ਜਾ ਕੇ ਗੁਰੂ ਅੰਗਦ ਸਾਹਿਬ ਜੀ ਦਾ ਕਿ ਮਹਾਰਾਜ! ਹੱਡੀ ਨਾਲ ਪੈਰ ਕੀ ਲਗਣਾ ਸੀ ਬਾਬਾ ਅਮਰਦਾਸ ਜੀ ਦਾ, ਕਿ ਰੂਹ ਨਿਕਲ ਕੇ ਪਹਿਲਾਂ ਕਾਲੀ ਹੋਈ, ਫਿਰ ਚਿੱਟੀ ਹੋ ਕੇ ਉਸਤਤਿ ਕਰਦੀ ਹੋਈ ਚਲੀ ਗਈ। ਮਹਾਰਾਜ ਕਹਿੰਦੇ, ਬਾਬਾ ਅਮਰਦਾਸ! ਤੇਰੇ ਰੋਮ-ਰੋਮ ਅੰਦਰ ਪ੍ਰਭੂ ਦਾ ਨਿਵਾਸ ਪ੍ਰਗਟ ਰੂਪ ਵਿੱਚ ਹੋਗਿਆ ਹੈ ਹੁਣ ਜਦ ਤੂੰ ਖਡੂਰ ਸਾਹਿਬ ਤੋਂ ਓਧਰ ਗੋਇੰਦਵਾਲ ਨੂੰ ਜਾਵੇਂਗਾ, ਕਿੰਨੇ ਹੀ ਮਰੇ ਹੋਏ ਜੀਵ ਪ੍ਰਮੇਸ਼ਰ ਦੇ ਹੁਕਮ ਨਾਲ ਤੇਰੇ ਚਰਨਾਂ ਨਾਲ ਛੁਹਣਗੇ - ਕੀੜੇ ਮਕੌੜੇ ਆਦਿ, ਤੇ ਸਭ ਜਿਉਂਦੇ ਹੋ ਜਾਣਗੇ। ਭਾਈ! ਹੁਣ ਅਸੀਂ ਹੀ ਤੇਰੇ ਦਰਸ਼ਨ ਕਰਨ ਆ ਜਾਇਆ ਕਰਾਂਗੇ - ਤੂੰ ਨਾ ਆਈਂ।

ਸੋ ਐਡੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਆਪ ਥੱਲੇ ਗਿਰ ਗਏ। ਕੁਛ ਕਿਹਾ ਨਹੀਂ। ਚਰਨ ਫੜ ਲਗਏ। ਉਹ ਫਿੱਕਾ ਬੋਲਦੇ ਨੇ, ਮਾੜੀਆਂ ਗੱਲਾਂ ਕਹਿੰਦੇ ਨੇ, ਬਹੁਤ ਤਾਹਨੇ ਮਿਹਣੇ ਦਿੰਦੇ ਨੇ ਕਿ ਤੂੰ ਦਾਸ ਹੋ ਕੇ, ਤੇਰੀ ਹਿੰਮਤ ਕਿਵੇਂ ਪਈ ਗੱਦੀ ਉਤੇ ਬੈਠਣ ਦੀ - ਸਾਡੇ ਹੁੰਦੇ ਹੋਏ? ਅਸੀਂ ਗੁਰੂ-ਪੁੱਤਰ ਹਾਂ। ਆਪ ਦੇ ਅੰਦਰ ਕੋਈ ਕ੍ਰੋਧ ਨਹੀਂ ਜਾਗਦਾ, ਨਿੰਮ੍ਰਤਾ ਹੀ ਨਿੰਮ੍ਰਤਾ ਹੈ, ਧੀਰਜ ਹੱਦ ਤੋਂ ਜ਼ਿਆਦਾ ਹੈ, ਤੇ ਇਉਂ ਲਗਦਾ ਹੈ ਜਿਵੇਂ ਧੀਰਜ ਦਾ ਘਰ ਹੀ ਨੇ। ਆਪ ਨੇ ਫੁਰਮਾਨ ਕੀਤਾ ਕਿ -

***ਯਾਂ ਤੇ ਅਧਿਕ ਸਰੀਰ ਕਠੋਰਾ॥***
***ਤੁਮਰੋ ਚਰਨ ਮ੍ਰਿਦੁਲ ਨਹਿਂ ਥੋਰਾ॥***
***ਪੰਨਾ - ੧੪੬੨ (ਸ੍ਰੀ. ਗੁ. ਪ੍ਰ. ਸੂ. ਗ੍ਰੰਥ)***

ਹੇ ਗੁਰੂ ਸਾਹਿਬਜ਼ਾਇਓ! ਮੇਰਾ ਤਨ ਵੱਡੀ ਉਮਰ ਹੋਣ ਕਰਕੇ ਬੜਾ ਕਠੋਰ ਹੈ, ਤੁਹਾਡੇ ਚਰਨ ਕਿੰਨੇ ਨਰਮ ਨੇ, ਕਿੰਨੀਆਂ ਉਂਗਲੀਆਂ ਨਰਮ ਨੇ ਤੁਹਾਡੀਆਂ। ਤੇ ਇਹ ਬਜਰ ਸਰੀਰ ਨਾਲ ਲਗੀਆਂ ਨੇ, ਪਾਤਸ਼ਾਹੋ! ਕਿਤੇ ਐਸਾ ਤਾਂ ਨਹੀਂ ਹੋਇਆ ਕਿ ਤੁਹਾਡੇ ਚੋਟ ਲੱਗੀ ਹੋਵੇ?

***ਹੁਯੋ ਹੋਇਗੋ ਕਸ਼ਟ ਮਹਾਨਾ॥***
***ਛਿਮਹੁ ਭਯੋ ਅਪਰਾਧ ਅਜਾਨਾ॥***
***ਪੰਨਾ - ੧੪੬੨ (ਸ੍ਰੀ. ਗੁ. ਪ੍ਰ. ਸੂ. ਗ੍ਰੰਥ)***

ਹੇ ਗੁਰੂ ਸੁਤ ਜੀ! ਤੁਸੀਂ ਤਾਂ ਸਦਾ ਹੀ ਪੂਜਨੀਕ ਹੋ। ਠੀਕ ਕਰਿਆ ਤੁਸੀਂ ਮੈਨੂੰ ਸਜ਼ਾ ਦਿਤੀ, ਮੈਂ ਆਦਰ ਨਹੀਂ ਸੀ ਕੀਤਾ। ਤੁਸੀਂ ਮੈਨੂੰ ਸੁਨੇਹਾ ਭੇਜ ਦਿੰਦੇ, ਮੈਂ ਬਾਹਰ ਆ ਕੇ ਤੁਹਾਡਾ ਸਤਿਕਾਰ ਕਰਨਾ ਸੀ। ਸੋ ਕਿੰਨੀ ਨਿੰਮ੍ਰਤਾ ਹੈ, ਕਿੰਨਾ ਧੀਰਜ! ਕੋਈ ਬਚਨ ਨਹੀਂ ਮੁਖ ਤੋਂ ਕਿਹਾ। ਜੇ ਕਹਿ ਦਿੰਦੇ, ਉਸੇ ਵੇਲੇ ਪੂਰਾ ਹੋ ਜਾਣਾ ਸੀ ਕਿਉਂਕਿ ਗੁਰੂ ਨਾਨਕ ਦਾ ਨਿਵਾਸ ਸੀ।

ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਫੁਰਮਾਨ ਕਰਦੇ ਨੇ ਕਿ ਪ੍ਰੇਮੀਓ! ਜੇ ਬੰਦਗੀ ਕਰਨੀ ਹੈ, ਸਤਿ ਦੇ ਰਾਹ ਤੇ ਚਲਣਾ ਹੈ ਤਾਂ ਆਪਣੇ ਤਨ ਨੂੰ ਧੀਰਜ ਦਾ ਘਰ ਬਣਾ ਲਉ -

***ਧਾਰਨਾ - ਬਣਾ ਲੈ ਪਿਆਰਿਆ,***
***ਧੀਰਜ ਧਾਮ, ਤਨ ਆਪਣਾ -੨***

***ਧੰਨਿ ਜੀਉ ਤਿਹ ਕੋ ਜਗ ਮੈਂ***
***ਮੁਖ ਤੇ ਹਰਿ ਚਿਤ ਮੈਂ ਜੁੱਧੁ ਬਿਚਾਰੈ॥***
***ਦੇਹ ਅਨਿੱਤ ਨ ਨਿੱਤ ਰਹੈ ਜਸੁ***
***ਨਾਵ ਚੜ੍ਹੈ ਭਵ ਸਾਗਰ ਤਾਰੈ॥***
***ਧੀਰਜ-ਧਾਮ ਬਨਾਇ ਇਹੈ ਤਨ,***
***ਬੁੱਧਿ ਸੁ ਦੀਪਕ ਜਿਉਂ ਉਜੀਆਰੈ॥***
***ਗਿਆਨਹਿ ਕੀ ਬਢਨੀ***
***ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥***
***(ਕ੍ਰਿਸ਼ਨਾਵਤਾਰ)***

'ਧੀਰਜ ਧਾਮ ਬਨਾਇ ਇਹੈ ਤਨ' - ਧੀਰਜ ਦਾ ਧਾਮ ਬਣਾ ਲੈ ਇਸ ਸਰੀਰ ਨੂੰ - ਕਾਹਲਾ ਨ ਹੋ, frustration ਨਾ ਲਿਆ ਚਿਤ ਵਿੱਚ, ਝੁੰਝਲਾਹਟ ਨਾ ਲਿਆ, ਗਲਤ ਕੰਮ ਹੋ ਜਾਂਦੇ ਨੇ। 'ਬੁੱਧਿ ਸੁ ਦੀਪਕ ਜਿਉਂ ਉਜੀਆਰੈ' - ਬੁੱਧੀ ਵਿਚ, ਜਿਵੇਂ ਦੀਵਾ ਬਲਦਾ ਹੈ, ਇਵੇਂ ਹੀ ਗੁਰੂ ਦੇ ਗਿਆਨ ਦਾ ਚਾਨਣਾ, ਪ੍ਰਕਾਸ਼ ਹੋ ਜਾਵੇਗਾ, ਫਿਰ ਹਨ੍ਹੇਰਾ ਇਹਦੇ ਵਿਚੋਂ ਨਿਕਲ ਜਾਵੇਗਾ। ਜਿੰਨੇ ਵੀ ਵੱਡੇ ਵੱਡੇ ਬੰਦੇ ਹੋਏ ਨੇ, ਸਭ ਧੀਰਜੀ ਹੋਏ ਨੇ, ਕਾਹਲੇ ਨਹੀਂ ਹੋਏ।

ਅਸੀਂ ਜਦੋਂ ਛੋਟੇ ਹੁੰਦੇ ਪੜ੍ਹਦੇ ਸੀ ਤਾਂ ਪੁਸਤਕ ਦੇ ਇਕ ਸਬਕ ਵਿਚ ਲਿਖਿਆ ਸੀ ਕਿ ਕਿਸੇ ਪ੍ਰੇਮੀ ਨੇ ਬਹੁਤ ਪਿਆਰ ਦੇ ਨਾਲ ਇੱਕ ਕੁੱਤਾ ਪਾਲਿਆ। ਇਕ ਦਿਨ ਜਦੋਂ ਉਹ ਬਾਹਰ ਕਿਸੇ ਕੰਮ ਗਿਆ ਤਾਂ ਘਰ ਵਿੱਚ ਸੁੱਤੇ ਪਏ ਬੱਚੇ ਦੇ ਕੋਲ ਕੁੱਤੇ ਨੂੰ ਛੱਡ ਗਿਆ। ਪਿਛੋਂ ਉਥੇ ਬਘਿਆੜ ਆ ਗਿਆ - ਬੱਚੇ ਨੂੰ ਚੁੱਕਣ, ਤਾਂ ਕੁੱਤੇ ਨੇ ਬਹੁਤ ਲਹੂ-ਲੁਹਾਣ ਹੋ ਕੇ ਬਘਿਆੜ ਨੂੰ ਮਾਰ ਦਿੱਤਾ ਤੇ ਖੇਡਦੇ ਬੱਚੇ ਨੂੰ ਬਚਾ ਲਿਆ ਅਤੇ ਆਪ ਦਰਵਾਜ਼ੇ ਅੱਗੇ ਆ ਕੇ ਮਾਲਕ ਦੀ ਇੰਤਜ਼ਾਰ ਕਰਨ ਲਗ ਗਿਆ। ਜਦੋਂ ਮਾਲਕ ਨੇ ਆ ਕੇ ਦੇਖਿਆ ਕਿ ਪੰਘੂੜੇ ਤੇ ਬੱਚਾ ਤਾਂ ਹੈ ਨਹੀਂ, ਤੇ ਕੁੱਤੇ ਵਲ ਦੇਖਿਆ ਕਿ ਪੰਘੂੜੇ ਤੇ ਬੱਚਾ ਤਾਂ ਹੇ ਨਹੀਂ, ਤੇ ਕੁੱਤੇ ਵਲ ਦੇਖਿਆ, ਲਹੂ-ਲੁਹਾਣ ਹੋਇਆ ਪਿਆ ਹੈ - ਸੋਚਦਾ ਹੈ ਕਿ ਕੁੱਤੇ ਨੇ ਖਾ ਲਿਆ ਮੇਰਾ ਬੱਚਾ। ਉਸੇ ਵੇਲੇ ਉਹਨੇ ਤਲਵਾਰ ਕੱਢੀ ਤੇ ਕੁੱਤੇ ਦੇ ਦੋ ਟੁਕੜੇ ਕਰ ਦਿਤੇ। ਅੱਗੇ ਗਿਆ ਤਾਂ ਹੈਰਾਨ ਹੋ ਗਿਆ ਦੇਖ ਕੇ, ਕਿ ਇਹ ਤਾਂ ਬਘਿਆੜ ਮਰਿਆ ਪਿਆ ਹੈ ਤੇ ਬੱਚਾ ਖੇਲ੍ਹ ਰਿਹਾ ਹੈ। ਰੋਇਆ ਫੇਰ ਬਹੁਤ, ਕਿ ਮੈਂ ਕਿੱਡੀ ਕਾਹਲੀ ਕੀਤੀ - ਕਾਹਲੀ ਅੱਗੇ ਟੋਏ ਹੁੰਦੇ ਨੇ। ਸੋ 'ਧੀਰਜ' ਰੂਹਾਨੀ ਗੁਣ ਹੈ, ਇਸੇ ਲਈ ਮਹਾਰਾਜ ਕਹਿੰਦੇ ਨੇ ਕਿ ਧੀਰਜ ਦਾ ਘਰ ਬਣਾ ਲੈ ਇਸ ਤਨ ਨੂੰ - ਕਾਹਲਾ ਨਾ ਹੋ।

ਇਕ ਵੱਡਾ ਫਿਲਾਸਫਰ 'ਸੁਕਰਾਤ' ਹੋਇਐ - ਯੂਨਾਨ ਵਿਚ। ਉਹ ਸ਼ਾਦੀ ਨਹੀਂ ਸੀ ਕਰਾ ਰਿਹਾ। ਮਾਂ-ਬਾਪ ਨੇ ਬੜਾ ਜ਼ੋਰ ਲਾਇਆ ਕਿ ਤੂੰ ਸ਼ਾਦੀ ਕਰਾ। ਅਖੀਰ, ਜਦ ਸੁਗੰਧਾਂ ਵਗੈਰਾ ਖਾਧੀਆਂ ਤਾਂ ਉਹ ਕਹਿੰਦਾ, ਫੇਰ ਮੈਂ ਆਪਣੀ ਮਰਜ਼ੀ ਨਾਲ ਪਤਨੀ ਛਾਟਾਂਗਾ। ਕਹਿੰਦੇ ਇਹ ਸ਼ਰਤ ਸਾਨੂੰ ਮਨਜ਼ੂਰ ਹੈ। ਉਸ

ਵੇਲੇ ਉਹਨੇ ਕਿਹਾ ਕਿ ਮੈਨੂੰ ਉਹ ਪਤਨੀ ਚਾਹੀਦੀ ਹੈ ਜਿਹੜੀ ਮੇਰੇ ਨਾਲ ਦਿਨ ਵਿਚ ਲੜਦੀ ਹੀ ਰਹੇ, ਕਦੇ ਖੁਸ਼ੀ ਹੋ ਕੇ ਬੋਲੇ ਹੀ ਨਾ, ਪੈਰ-ਪੈਰ ਤੇ ਮੈਨੂੰ ਟੋਕਦੀ ਤੇ ਲੜਦੀ ਰਹੇ। ਸੁਣ ਕੇ ਸਾਰੇ ਹੈਰਾਨ ਹੋ ਗਏ ਕਿ ਇਹ ਕੀ ਕਲਹ-ਕਲੇਸ਼ ਦਾ ਘਰ ਬਨਾਉਣ ਲੱਗਿਆ ਹੈ। ਅਖੀਰ ਐਸੀ ਲੜਕੀ ਲੱਭ ਗਈ ਜਿਸਨੇ ਕਦੇ ਵੀ ਉਸਨੂੰ spare (ਲਿਹਾਜ਼) ਨਾ ਕਰਿਆ। ਤੇ ਏਧਰ ਇਹ ਕਦੇ ਵੀ ਗੁੱਸੇ ਵਿਚ ਨਹੀਂ ਆਇਆ। ਧੀਰਜ ਵਿਚ ਰਿਹਾ ਕਰੇ, ਦਿਨ ਰਾਤ ਲਿਖਦਾ ਰਿਹਾ ਕਰੇ। ਬੜੀਆਂ ਥਿਊਰੀਆਂ ਨੇ ਸੁਕਰਾਤ ਦੀਆਂ, ਬਹੁਤ ਕੁਛ ਲਿਖਿਆ ਹੈ ਇਸ ਨੇ।

ਇਕ ਦਿਨ ਉਹਦੇ ਘਰ ਵਾਲੀ ਦੇ ਮਨ ਵਿਚ ਆਇਆ ਕਿ ਅੱਜ ਮੈਂ ਇਹਦਾ ਧੀਰਜ ਤੋੜ ਕੇ ਛੱਡਣਾ ਹੈ, ਕਿਉਂ ਨਹੀਂ ਇਹ ਗੁੱਸੇ ਹੁੰਦਾ? ਨਾਲ ਦੀਆਂ ਗੁਆਢਣਾਂ ਨੇ ਕਹਿਣਾ, ਦੇਖੋ, ਇਹ ਇਹੋ ਜਿਹਾ ਚੰਗਾ ਹੈ ਕਿ ਤੂੰ ਕਿੰਨਾ ਇਹਦੇ ਨਾਲ ਲੜਦੀ ਹੈਂ, ਪੈਰ-ਪੈਰ ਤੇ ਟੋਕਦੀ ਹੈਂ, ਫਿੱਕਾ ਬੋਲਦੀ ਹੈਂ, ਪਰ ਇਹ ਮਜਾਲ ਹੈ ਆਪਣੇ ਚਿੱਤ ਦੀ ਸ਼ਾਂਤੀ ਗੁਆ ਲਵੇ! ਉਵੇਂ ਹੀ ਰਹਿੰਦਾ ਹੈ, ਬੋਲਦਾ ਹੀ ਨਹੀਂ, ਚੁੱਪ ਕਰਕੇ ਸਭ ਸਹੀ ਜਾਂਦਾ ਹੈ। ਉਹ ਕਹਿਣ ਲੱਗੀ, ਮੈਂ ਅੱਜ ਤੁਹਾਨੂੰ ਦਿਖਾਉਣਾ ਹੈ ਕਰਕੇ, ਕਿਵੇਂ ਨਹੀਂ ਕਰਦਾ ਗੁੱਸਾ! ਮੈਂ ਨਹੀਂ ਅੱਜ ਤਕ ਕੁਛ ਕਿਹਾ। ਉਸਨੇ ਘਰ ਦਾ ਸਾਰਾ ਕੂੜਾ ਇਕੱਠਾ ਕਰਕੇ ਇਕ ਭਾਂਡੇ ਵਿਚ ਪਾ ਲਿਆ ਤੇ ਕੋਠੇ 'ਤੇ ਚੜ੍ਹ ਗਈ। ਜਦੋਂ ਇਹ ਆਇਆ ਬਾਹਰੋਂ, ਤਾਂ ਇਹਦੇ ਸਿਰ ਵਿਚ ਮਾਰਿਆ। ਉਹ ਜਿੰਨਾਂ ਗੰਦ-ਮੰਦ ਸੀ, ਇਹਦੇ ਕੱਪੜਿਆਂ ਤੇ ਪੈ ਗਿਆ। ਉਸ ਵੇਲੇ ਮੌਕਾ ਸੀ ਕਿ ਇਹ ਗਾਲ੍ਹਾਂ ਕੱਢਣ ਲਗ ਜਾਂਦਾ ਪਰ ਹੋਇਆ ਕੀ? ਉਪਰ ਨੂੰ ਦੇਖਿਆ, ਹੱਸ ਪਿਆ ਤੇ ਕਹਿੰਦਾ, "ਮੈਂ ਤਾਂ ਇਉਂ ਸਮਝਿਆ ਸੀ ਕਿ ਗੱਜਣ ਵਾਲੇ ਬੱਦਲ ਕਦੇ ਵਰਸਦੇ ਨਹੀਂ ਹੁੰਦੇ, ਤੁਸੀਂ ਤਾਂ ਗੱਜਦੇ ਵੀ ਹੋ ਤੇ ਵਰਸਦੇ ਵੀ ਹੋ - ਦੋਏ ਗੱਲਾਂ ਕਰਦੇ ਹੋ। ਐਡਾ ਵੱਡਾ ਉਹਦਾ ਜਿਗਰਾ ਸੀ।

ਇਕ ਬਾਦਸ਼ਾਹ ਹੋਇਆ ਹੈ - ਇਬਰਾਹੀਮ ਆਦਮ। ਛੇ ਸਾਲ ਕਬੀਰ ਸਾਹਿਬ ਦੀ ਸੇਵਾ ਕਰਨ ਤੋਂ ਬਾਅਦ ਇਕ ਦਿਨ ਮਾਤਾ ਲੋਈ ਨੇ ਕਿਹਾ ਕਿ ਤੁਸੀਂ ਇਹਨੂੰ 'ਨਾਮ' ਦਿਓ। ਕਬੀਰ ਸਾਹਿਬ ਕਹਿਣ ਲੱਗੇ, "ਨਾਮ ਐਨਾ ਛੇਤੀ ਨਹੀਂ ਦਿਤਾ ਜਾਂਦਾ, ਨਾਮ ਦਾ ਗਾਹਕ ਹੋਣਾ ਚਾਹੀਦਾ ਹੈ ਪਹਿਲਾਂ। ਜਦ ਤੱਕ ਮੁੱਲ ਨਾ ਉਤਾਰੇ, ਓਨੀ ਦੇਰ ਤਕ ਨਾਮ ਦੇਣਾ ਐਵੇਂ ਹੀ ਹੁੰਦਾ ਹੈ - ਕੋਈ ਮਤਲਬ ਨਹੀਂ ਹੁੰਦਾ। ਨਾਮ ਦਾ ਗਾਹਕ ਕੋਈ ਕੋਈ ਹੁੰਦਾ ਹੈ - ਸਾਰਾ ਸੰਸਾਰ ਨਹੀਂ ਹੁੰਦਾ।" ਕਹਿਣ ਲੱਗੀ, "ਦੇਖੋ! ਸੇਵਾ ਕਰਦਾ ਹੈ ਸਾਧੂਆਂ ਸੰਤਾਂ ਦੀ - ਬਾਦਸ਼ਾਹ ਹੋਕੇ ਵੀ।" ਕਹਿੰਦੇ, "ਇਹ ਅਜੇ ਬਾਦਸ਼ਾਹਹੈ - ਅਜੇ ਸੇਵਾਦਾਰ ਨਹੀਂ ਬਣਿਆਂ।" ਕਹਿਣ ਲੱਗੇ, "ਇਉਂ ਕਰੀਂ ਕਿ ਘਰ ਦਾ ਕੂੜਾ ਕਰਕਟ ਪਾ ਲਵੀਂ ਤਸਲੇ ਵਿਚ, ਤੇ ਜਦੋਂ ਇਹ ਇਸ਼ਨਾਨ ਕਰਕੇ ਆਵੇਗਾ, ਇਹਦੇ ਸਿਰ ਵਿਚ ਪਾ ਦਈਂ - ਫਿਰ ਦੱਸੀਂ ਕੀ ਕਹਿੰਦਾ ਹੈ।"

ਜਦੋਂ ਉਹ ਇਸ਼ਨਾਨ ਕਰਕੇ ਆਇਆ ਗੰਗਾ ਤੋਂ - ਦੁਪਹਿਰ ਵੇਲੇ, ਤਾਂ ਮਾਤਾ ਨੇ ਕੂੜਾਂ ਉਹਦੇ ਸਿਰ ਵਿਚ ਪਾ ਦਿਤਾ। ਉਸ ਵੇਲੇ ਘਬਰਾ ਗਿਆ ਤੇ ਕਹਿੰਦਾ, "ਹੁੰਦਾ ਮੈਂ ਆਪਣੇ ਰਾਜ ਵਿਚ! ਫੇਰ ਦੱਸਦਾ, ਕਿਵੇਂ ਕੂੜਾ ਪਾਈਦਾ ਹੈ?" ਕਬੀਰ ਸਾਹਿਬ ਕਹਿੰਦੇ, "ਕੀ ਆਖਦਾ ਸੀ?" ਮਾਤਾ ਜੀ ਕਹਿੰਦੀ, "ਇਉਂ ਆਖਦਾ ਸੀ......।" ਕਹਿੰਦੇ, "ਇਹਦਾ ਤਨ ਅਜੇ ਧੀਰਜ ਨਹੀਂ ਬਣਿਆ, ਧੀਰਜ ਨਹੀਂ ਅਜੇ ਆਇਆ - ਇਹਦੇ ਅੰਦਰ, ਅਜੇ ਮਾਣ ਹੈ - ਬਾਦਸ਼ਾਹੀ ਦਾ। ਮਾਣ ਜਿਸਦਾ ਟੁੱਟ ਜਾਂਦਾ ਹੈ, ਉਹਦੇ ਅੰਦਰ ਧੀਰਜ ਆਇਆ ਕਰਦਾ ਹੈ - ਦੂਜੇ ਦੇ ਅੰਦਰ ਨਹੀਂ ਆਉਂਦਾ। ਹਉਮੈ ਜੋ ਹੈ, ਇਹ ਧੀਰਜ ਨਹੀਂ ਆਉਣ ਦਿੰਦੀ। ਹਉਮੈ ਕ੍ਰੋਧ ਵਿਚ ਆਉਂਦੀ ਹੈ ਤੇ ਜਿਹਨੇ ਹਉਮੈ ਦਾ ਨਾਸ਼ ਕਰ ਲਿਆ, ਉਹਨੂੰ ਕ੍ਰੋਧ ਨਹੀਂ ਆਇਆ ਕਰਦਾ।" ਸੋ ਇਸੇ ਤਰ੍ਹਾਂ ਛੇ ਸਾਲ ਹੋਰ ਲੰਘ ਗਏ - ਬਾਰਾਂ ਸਾਲ ਹੋ ਗਏ। ਕਬੀਰ ਸਾਹਿਬ ਕਹਿੰਦੇ, "ਹੁਣ ਟੈਸਟ ਲੈ - ਇਹਦਾ।" ਉਸੇ ਤਰ੍ਹਾਂ ਫੇਰ ਕਰਿਆ। ਉਥੇ ਹੀ ਖੜ੍ਹਾ ਹੋ ਗਿਆ ਤੇ ਕਹਿਣ ਲੱਗਿਆ, "ਮਾਤਾ! ਤੂੰ ਤਾਂ ਮੇਰੇ ਸਿਰ ਵਿਚ ਕੇਸਰ ਪਾ ਦਿਤਾ।" ਖੁਸ਼ ਹੋ ਕੇ ਨੱਚਣ ਲਗ ਗਿਆ।

ਮਹਾਰਾਜ ਦਸ਼ਮੇਸ਼ ਪਿਤਾ ਕਹਿੰਦੇ - 'ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ।" ਐ ਬੁੱਧੀ ਨੂੰ ਉਜਿਆਰੇ ਕਰੋ - ਧੀਰਜ ਧਾਮ ਬਣਾ ਕੇ। ਅਸੀਂ ਤਾਂ ਮਾੜੀਆਂ-ਮਾੜੀਆਂ ਗੱਲਾਂ 'ਤੇ ਗੁੱਸੇ ਹੋ ਜਾਂਦੇ ਹਾਂ। ਫਿਰ ਨਾਮ ਕਿਵੇਂ ਚੱਲ ਸਕਦਾ ਹੈ, ਕਿਵੇਂ ਅੰਦਰ ਵਾਸਾ ਕਰ ਸਕਦਾ ਹੈ? ਸੋ ਇਹ ਜੋ ਰਹਿਤ ਸੀ, ਪੰਜਵੀਂ ਸੀ - 'ਧੀਰਜ।'

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਰਾਜਨ! ਛੇਵੀਂ ਚੀਜ਼ ਹੁੰਦੀ ਹੈ 'ਖਿਮਾ।' ਖਿਮਾ ਇਹ ਹੋਇਆ ਕਰਦੀ ਹੈ ਕਿ ਆਪਣੇ ਵਿਚ ਬਲ ਹੈ ਤੇ ਬਲ ਨਾਲ ਕਿਸੇ ਦਾ ਬੁਰਾ ਕਰ ਸਕਦੇ ਹਾਂ, ਜਿਹਨੇ ਸਾਡੇ ਨਾਲ ਕਰਿਆ ਹੈ। ਲੇਕਿਨ ਬਲ ਹੁੰਦੇ-ਸੁੰਦੇ ਫੇਰ ਨੇਕੀ ਕਰਨੀ, ਇਹ ਖਿਮਾ ਹੋਇਆ ਕਰਦੀ ਹੈ -

***ਖਸ਼ਟਮ ਯਮ ਹੈ ਖਿਮਾਂ ਸੁਹਾਈ॥***
***ਮਨ ਮਹਿਂ ਛੋਭ ਨ ਕਬਹਿ ਉਠਾਈ॥***
***ਪੰਨਾ - ੧੦੮ (ਸ੍ਰੀ ਗੁ. ਪੁ. ਪ੍ਰ. ਗ੍ਰੰਥ)***

ਮਨ ਵਿੱਚ ਗੁੱਸਾ ਆਉਣਾ ਹੀ ਨਾ, ਕ੍ਰੋਧ ਆਉਣਾ ਹੀ ਨਾ -

***ਭਲਾ ਕਿ ਬੁਰਾ ਬਖਾਨੈ ਜੋਇ॥***
***ਸਹਿਨ ਸੀਲ ਮਨ ਸਭ ਤੇ ਹੋਇ॥***
***ਪੰਨਾ - ੧੦੮ (ਸ੍ਰੀ ਗੁ. ਪੁ. ਪ੍ਰ. ਗ੍ਰੰਥ)***

ਲੋਕ ਚਾਹੇ ਮਾੜਾ ਕਹਿਣ, ਚਾਹੇ ਚੰਗਾ - ਕੁਛ ਕਹੀ ਜਾਣ, ਸ਼ਹਿਨਸ਼ੀਲ ਰਹਿਣਾ। ਸੋ ਇਹ ਰੂਹਾਨੀ ਗੁਣ ਹੈ ਜਿਸਨੂੰ ਖਿਮਾ ਕਹਿੰਦੇ ਨੇ। ਇਹ ਵੱਡਿਆਂ 'ਚ ਹੁੰਦੀ ਐ, ਮਾੜਿਆਂ ਵਿਚ ਨਹੀਂ - ਸ਼ਕਤੀਵਾਨਾਂ ਵਿਚ ਹੋਇਆ ਕਰਦੀ ਹੈ।

ਗੁਰੂ ਅੰਗਦ ਸਾਹਿਬ ਮਹਾਰਾਜ - ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਆਪ ਨੇ ਖਡੂਰ ਸਾਹਿਬ ਨਿਵਾਸ ਕਰ ਲਿਆ। ਸੰਗਤਾਂ ਦੂਰ-ਦਰਾਜ਼ ਤੋਂ ਆਉਂਦੀਆਂ ਨੇ ਤੇ ਸਤਿਸੰਗ ਸੁਣਦੀਆਂ ਨੇ ਪਰ ਉਸੇ ਪਿੰਡ ਦੇ ਜੋ ਬੰਦੇ ਸੀ, ਪਿੰਡ ਵਿਚ ਰਹਿੰਦੇ ਹੋਏ ਵੀ ਜਾਣਦੇ ਨਹੀਂ ਸੀ ਕਿ ਇਹ ਗੁਰੂ ਨੇ, ਕੀ ਇਨ੍ਹਾਂ ਵਿਚ ਸ਼ਕਤੀ ਹੈ। ਉਹ ਇਹੋ ਸਮਝਦੇ ਸੀ ਕਿ ਖੱਤਰੀਆਂ ਦੇ ਮਹਿਮਾਨ ਆਇਆ ਹੋਇਆ ਹੈ। ਬੜੇ ਲੋਕ ਇਹਦੇ ਕੋਲ ਆਉਂਦੇ ਨੇ - ਇਹ ਕੀ ਕਰਨ ਆਉਂਦੇ ਨੇ? ਲੇਕਿਨ ਭਾਗਾਂ ਵਿਚ ਨਹੀਂ ਸੀ ਕਿ ਉਹ ਸੰਗਤ ਕਰ ਲੈਣ।

ਉਸੇ ਪਿੰਡ ਦੇ ਅੰਦਰ ਇਕ ਤਪਾ ਰਹਿੰਦਾ ਸੀ। ਉਹ ਚਿਲੇ

ਕਟਦਾ ਰਹਿੰਦਾ ਸੀ, ਤੇ ਉਨ੍ਹਾਂ ਨਾਲ ਉਹਦੇ ਕੋਲ ਮਾੜੀ-ਮੋਟੀ ਸ਼ਕਤੀ ਆ ਗਈ - ਕਿਸੇ ਦੇ ਦਿਲ ਦੀ ਬੁੱਝ ਲਈ, ਕਿਸੇ ਦਾ ਜੁਆਕ ਬਿਮਾਰ ਕਰ ਦਿਤਾ, ਕਿਸੇ ਦਾ ਰਾਜ਼ੀ ਕਰ ਦਿਤਾ, ਕਿਸੇ ਦੀ ਮੱਝ ਦੁੱਧ ਦੇਣ ਲਾ ਦਿਤੀ, ਕਿਸੇ ਦੀ ਹਟਾ ਦਿਤੀ। ਐਹੋ ਜਿਹੇ ਨਾਟਕ ਚੇਟਕ ਕਰਦਾ ਹੁੰਦਾ ਸੀ -

***ਨਾਟਕ ਚੇਟਕ ਕੀਏ ਕੁਕਾਜਾ॥***
***ਪ੍ਰਭ ਲੋਗਨ ਕਹਿ ਆਵਤ ਲਾਜਾ॥ ਬਚਿਤ੍ਰ ਨਾਟਕ***

ਪਰ ਉਹਦੇ ਅੰਦਰ ਗੁਰੂ ਮਹਾਰਾਜ ਵਾਸਤੇ ਐਨੀ ਈਰਖਾ ਸੀ ਕਿ ਹਰ ਵਕਤ ਜਲਦਾ ਰਹਿੰਦਾ ਸੀ। ਕਹਿੰਦਾ, ਦੇਖੋ! ਇਹ ਗ੍ਰਿਹਸਥੀ ਹੈ, ਘਰ ਵਿਚ ਰਹਿੰਦਾ ਹੈ; ਇਹਦਾ ਕੀ ਹੱਕ ਹੈ ਕਿ ਲੋਕ ਇਹਨੂੰ ਆ ਕੇ ਮੱਥੇ ਟੇਕਣ ਤੇ ਇਹਦੇ ਚਰਨਾਂ 'ਤੇ ਮਾਇਆ ਭੇਟ ਕਰਨ, ਰਾਸ਼ਨ ਭੇਟ ਕਰਨ। ਹਾਲਾਂਕਿ ਮਹਾਂਪੁਰਸ਼ਾਂ ਨੂੰ ਕੋਈ ਲੋੜ ਨਹੀਂ ਹੁੰਦੀ, ਕੇਵਲ ਸੰਸਾਰ ਦਾ ਭਲਾ ਕਰਨ ਹਿੱਤ ਉਨ੍ਹਾਂ ਤੋਂ ਦਾਨ ਕਢਾ ਲਿਆ ਕਰਦੇ ਨੇ - ਆਪਣਾ ਨਹੀਂ ਕੁਝ ਵੀ ਕਰਾਇਆ ਕਰਦੇ।

ਬਹੁਤ ਮਹਾਤਮਾ ਨੇ - ਚੰਗਾ ਬੰਦਾ ਦੇਖ ਕੇ ਕਹਿ ਦਿੰਦੇ ਨੇ, ਭਾਈ ਤੂੰ ਦਾਨ ਨਹੀਂ ਕੱਢਦਾ। ਲੰਗਰ ਕਰ, ਤਾਂ ਕਿ ਵਿਘਨਾਂ ਦਾ ਨਾਸ਼ ਹੋ ਜਾਵੇ। ਸੋ ਤਪਾ ਕਹਿੰਦਾ, ਦੇਖੋ! ਜਿਹੜੇ ਇਹਦੇ ਕੋਲ ਆਉਂਦੇ ਨੇ, ਉਹ ਮੇਰੇ ਕੋਲ ਨਹੀਂ ਆਉਂਦੇ। ਅੰਦਰੋਂ ਜਾਣਦਾ ਹੈ ਕਿ ਇਹ ਬਹੁਤ ਉਚੇ ਨੇ, ਪਰ ਬਾਹਰੋਂ ਕਹਿਣਾ ਚਾਹੁੰਦਾ ਹੈ ਕਿ ਇਹ ਕੁਛ ਨਹੀਂ ਹੈ, ਗ੍ਰਿਹਸਥੀ ਲੋਕ ਐਵੇਂ ਬਾਹਰੋਂ ਆ ਕੇ ਇਸਨੂੰ ਮੱਥੇ ਟੇਕੀ ਜਾਂਦੇ ਨੇ। ਸੋ ਬੜੀ ਈਰਖਾ ਹੈ ਇਹਦੇ ਅੰਦਰ, ਤੇ ਨਿੰਦਿਆ ਵੀ ਕਰਦਾ ਰਹਿੰਦਾ ਹੈ। ਜਿਹੜੇ ਉਹਦੇ ਕੋਲ ਜਾਂਦੇ ਨੇ ਪਿਛਗ ਦੇ ਜੱਟ - ਖਹਿਰੇ ਗੋਤ ਦੇ, ਭੇਟਾ ਲੈ ਕੇ - ਉਹ ਉਹਦੇ ਸੇਵਕ ਨੇ। ਲੇਕਿਨ ਸੇਵਕ-ਸੂਵਕ ਨਹੀਂ ਹੁੰਦੀ ਦੁਨੀਆਂ, ਇਹ ਤਾਂ ਗਰਜ਼ ਦੀ ਬੰਨ੍ਹੀ ਹੁੰਦੀ ਹੈ। ਜਿਥੇ ਕੰਮ ਬਣ ਜਾਵੇ - ਉਥੇ ਜਾਣਾ ਹੈ, ਤੇ ਜਿਥੇ ਨਾ ਬਣੇ, ਉਥੋਂ ਹਟ ਜਾਂਦੇ ਨੇ। ਸੋ ਇਹ ਤਪਾ ਹਰ ਵਕਤ ਮਨ ਵਿਚ ਈਰਖਾ ਰਖਦਾ ਹੈ।

ਇਕ ਵਾਰ ਐਸਾ ਹੋਇਆ ਕਿ ਮੀਂਹ ਅਗੇਤੇ ਪੈ ਗਏ ਤੇ ਉਨ੍ਹਾਂ ਲੋਕਾਂ ਨੇ ਫਸਲਾਂ ਬੀਜ ਦਿਤੀਆਂ; ਚਰ੍ਹੀਆਂ, ਮੱਕੀਆਂ, ਕਪਾਹਾਂ ਵਗੈਰਾ ਬੀਜ ਦਿੱਤੀਆਂ। ਉਸ ਤੋਂ ਬਾਅਦ ਕਾਫੀ ਸਮਾਂ ਲੰਘ ਗਿਆ, ਮੀਂਹ ਨਾ ਪਿਆ, ਤੇ ਉਹ ਤਪੇ ਕੋਲ ਗਏ, ਜਾ ਕੇ ਕਹਿਣ ਲੱਗੇ, "ਤਪਾ ਜੀ! ਅਸੀਂ ਤਾਂ ਤੁਹਾਡੇ ਚੇਲੇ ਹਾਂ, ਹਰ ਵਕਤ ਤੁਹਾਨੂੰ ਮੰਨਦੇ ਹਾਂ - ਗੁੜ ਵੀ ਲਿਆਉਂਦੇ ਹਾਂ, ਕਪਾਹ ਵੀ ਲਿਆ ਕੇ ਭੇਟਾ ਕਰਦੇ ਹਾਂ, ਕਣਕ, ਮੱਕੀ, ਨਿਕਲਦੀ ਹੈ - ਤਾਂ ਵੀ, ਮੱਝ ਸੂੰਦੀ ਹੈ ਤਾਂ ਦੁੱਧ ਪੀਣ ਤੋਂ ਪਹਿਲਾਂ ਤੁਹਾਡੇ ਵਾਸਤੇ ਲਿਆਉਂਦੇ ਹਾਂ, ਘਿਓ ਜੋੜਦੇ ਹਾਂ ਤਾਂ ਪਹਿਲਾਂ ਘਿਓ ਤੁਹਾਡੀ ਭੇਟਾ ਲੈ ਕੇ ਆਉਂਦੇ ਹਾਂ। ਮਹਾਰਾਜ! ਤੁਸੀਂ ਇਸ ਵਾਸਤੇ ਹੋ ਕਿ ਸਾਡੀ ਰਾਖੀ ਕਰੋ, ਤੇ ਸਾਡੀ ਰਾਖੀ, ਤਾਂ ਹੁੰਦੀ ਹੈ ਜੇ ਫਸਲ ਹੋਵੇ - ਨਹੀਂ ਅਸੀਂ ਮਰ ਜਾਵਾਂਗੇ। ਕਿਥੋਂ ਦਾਨ ਕਰਾਂਗੇ ਤੇ ਫਸਲ ਹੀ ਨਾ ਹੋਵੇ?" ਉਸ ਵੇਲੇ ਉਹਨੂੰ ਮੌਕਾ ਮਿਲ ਗਿਆ। ਕਹਿਣ ਲੱਗਿਆ -

"ਮੈਂ ਕੀ ਕਰਾਂ? ਗਲਤੀ ਤਾਂ ਤੁਹਾਡੀ ਹੈ, ਮੈਂ ਕੁਝ ਨਹੀਂ ਕਰ ਸਕਦਾ।"

"ਸਾਨੂੰ ਦੱਸੋ, ਅਸੀਂ ਗਲਤੀ ਦੂਰ ਕਰ ਦਿਆਂਗੇ।"

"ਗਲਤੀ ਕੀ! ਤੁਹਾਡੀਆਂ ਅੱਖਾਂ ਦੇ ਸਾਮ੍ਹਣੇ ਹੈ, ਤੁਹਾਨੂੰ ਦਿਸਦਾ ਨਹੀਂ।"

"ਮਹਾਰਾਜ! ਦੱਸੋ ਤਾਂ ਸਹੀ, ਕੀ ਗੱਲ ਹੈ?"

"ਹੁਣ ਤੁਹਾਨੂੰ ਬੋਲ ਕੇ ਹੀ ਦੱਸਾ? ਤੁਸੀਂ ਅੰਨ੍ਹੇ ਹੋ? ਤੁਹਾਨੂੰ ਨਹੀਂ ਪਤਾ ਲਗਦਾ ਕਿ ਉਹ ਖਤਰੀ ਏਥੇ ਬੈਠਾ ਮੱਥੇ ਟਿਕਾਈ ਜਾਂਦਾ ਹੈ - ਗ੍ਰਿਹਸਥੀ ਬੰਦਾ? ਤੇ ਕਿੱਡਾ ਵੱਡਾ ਇਲਾਕੇ ਨੂੰ ਦੋਸ਼ ਲੱਗਿਆ ਹੈ ਕਿ ਮੀਂਹ ਪੈਣਾ ਹੀ ਬੰਦ ਹੋ ਗਿਆ। ਉਹਨੇ ਮੀਂਹ ਬੰਦ ਕਰਾਇਆ ਹੈ।"

ਇਹਨੂੰ 'ਈਰਖਾ' ਕਹਿੰਦੇ ਨੇ ਸਾਧ-ਸੰਗਤਿ ਜੀ। ਈਰਖਾ ਮਨ ਦੇ ਅੰਦਰ ਕੁਦਰਤੀ ਬਿਮਾਰੀ ਹੋਇਆ ਕਰਦੀ ਹੈ - ਕਿਸੇ ਦਾ ਪਰਤਾਪ ਨਾ ਸਹਿ ਸਕਣਾ, ਕਿਸੇ ਦੀ ਵਾਹ-ਵਾਹ ਨਾ ਸਹਿ ਸਕਣੀ, ਕਿਸੇ ਦੀ ਤਰੱਕੀ ਨਾ ਸਹਿ ਸਕਣੀ, ਕਿਸੇ ਦੇ ਚਲਦੇ ਕੰਮ ਨੂੰ ਜਰ ਨਾ ਸਕਣਾ, ਕਿਸੇ ਦੇ ਪਿਆਰ ਨੂੰ ਦੇਖ ਕੇ ਸਹਿ ਨਾ ਸਕਣਾ - ਇਹਨੂੰ ਈਰਖਾ ਕਹਿੰਦੇ ਨੇ। ਈਰਖਾ ਵਾਲੇ ਬੰਦੇ ਦਾ ਜਨਮ, ਮਹਾਰਾਜ ਕਹਿੰਦੇ ਨੇ, ਬਰਬਾਦ ਚਲਿਆ ਜਾਂਦਾ ਹੈ-

***ਧਾਰਨਾ - ਰੋਗੀ ਈਰਖਾ ਦਾ ਹੋ ਕੇ,***
***ਮਨਾ ਮੇਰਿਆ,***
***ਜਨਮ ਗਵਾ ਲਿਆ ਆਪਣਾ -੨,੨.***

***ਸੁਆਦ ਬਾਦ ਈਰਖ ਮਦ ਮਾਇਆ॥***
***ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥***
***ਅੰਗ - ੭੪੧***

ਕਿੱਡਾ ਰਤਨਾਂ ਵਰਗਾ ਅਮੋਲਕ ਜਨਮ ਸੀ, ਈਰਖਾ ਨਾਲ ਲਗ ਕੇ ਬਰਬਾਦ ਕਰ ਲਿਆ। ਕਿਸੇ ਕੋਲ ਘੱਟ ਹੋ ਜਾਣਾ, ਕਿਸੇ ਕੋਲ ਵੱਧ ਹੋ ਜਾਣਾ - ਇਹ ਤਾਂ ਪ੍ਰਮੇਸ਼ਰ ਦੀ ਮੌਜ ਹੈ। ਇਕਨਾਂ ਨੂੰ ਭੰਡਾਰੇ ਬਖਸ਼ ਦਿੰਦਾ ਹੈ ਤੇ ਇਕ ਜ਼ੋਰ ਲਾਉਂਦੇ ਨੇ, ਫੇਰ ਵੀ ਨਹੀਂ ਮਿਲਦਾ। ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ, ਇਕਨਾਂ ਨੂੰ ਪਲੰਘ***
***ਨਿਵਾਰ ਦੇ,ਇਕਨਾਂ ਨੂੰ ਹੈ ਨਾ ਗੋਦੜੀ- ੨, ੨.***

***ਦਾਤੈ ਦਾਤਿ ਰਖੀ ਹਥਿ ਅਪਣੈ***
***ਜਿਸੁ ਭਾਵੈ ਤਿਸੁ ਦੇਈ॥ ਅੰਗ - ੬੦੪***

ਇਹ ਤਾਂ ਉਹਦੇ ਆਪਣੇ ਹੱਥ ਦੀ ਦਾਤ ਹੈ - ਕਿਸੇ ਨੂੰ ਬਹੁਤੀ ਦੇ ਦਿੰਦਾ ਹੈ, ਕਿਸੇ ਨੂੰ ਥੋੜ੍ਹੀ, ਕਿਸੇ ਨੂੰ ਬੱਚੇ ਦੀ ਦਾਤ ਦੇ ਦਿੰਦਾ ਹੈ, ਕਿਸੇ ਨੂੰ ਪੈਸੇ ਦੀ ਦਾਤ ਦੇ ਦਿੰਦਾ ਹੈ, ਕਿਸੇ ਨੂੰ ਜ਼ਮੀਨ ਜਾਇਦਾਦ ਤੇ ਕਿਸੇ ਨੂੰ ਅਹੁਦੇ ਦੇ ਦਿੰਦਾ ਹੈ, ਕਿਸੇ ਦਾ ਬੱਚਾ ਪੜ੍ਹਨ 'ਚ ਹੁਸ਼ਿਆਰ ਹੋ ਜਾਂਦਾ ਹੈ, ਕਿਸੇ ਦਾ ਵੱਡੀ ਨੌਕਰੀ ਤੇ ਲਗ ਜਾਂਦਾ ਹੈ, ਕਿਸੇ ਦਾ ਕਾਰੋਬਾਰ ਚੱਲ ਜਾਂਦਾ ਹੈ। ਮਹਾਰਾਜ ਕਹਿੰਦੇ, ਕਿਉਂ ਔਖਾ ਹੁੰਦਾ ਹੈਂ -

***ਅਹਿਰਖ ਵਾਦੁ ਨ ਕੀਜੈ ਰੇ ਮਨ ॥***
***ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ ਅੰਗ- ੪੭੯***

ਇਹ ਤਾਂ ਵਾਹਿਗੁਰੂ ਦੀ ਦਾਤ ਹੈ -

***ਕਾਹੂ ਦੀਨ੍ਹੇ ਪਾਟ ਪਟੰਬਰ***
***ਕਾਹੂ ਪਲਘ ਨਿਵਾਰਾ ॥***
***ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥***
***ਅੰਗ - ੪੭੯***

ਇਕ ਤਾਂ ਨਿਵਾਰ ਦੇ ਪਲੰਘਾਂ ਤੇ ਸੌਂਦੇ ਨੇ, ਤੇ ਇਕ ਉਹ ਨੇ ਜਿਨ੍ਹਾਂ ਨੂੰ ਪਰਾਲੀ ਵੀ ਥੱਲੇ ਵਿਛਾਉਣ ਵਾਸਤੇ ਨਹੀਂ ਮਿਲਦੀ। ਇਸ ਤਰ੍ਹਾਂ ਈਰਖਾ ਨਹੀਂ ਕਰੀਦੀ ਕਿਉਂਕਿ

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

ਸਿਉਂਕ ਜਿਹੜੇ ਦਰਖਤ ਨੂੰ ਲਗ ਜਾਵੇ, ਉਸਨੂੰ ਖਾਦ ਪਾਈ ਜਾਉ, ਪਾਣੀ ਦੇਈ ਜਾਉ - ਨਹੀਂ ਕੁਝ ਵੀ ਹੋਇਆ ਕਰਦਾ। ਸੋ ਇਹ ਈਰਖਾ ਹੋਇਆ ਕਰਦੀ ਹੈ।

ਮਹਾਂਪੁਰਖ ਸੁਣਾਇਆ ਕਰਦੇ ਸੀ ਕਿ ਇਕ ਵਾਰ ਇਕ ਗਰੀਬ ਬੰਦਾ ਸੀ, ਉਹਦੇ ਘਰ ਦਾ ਗੁਜ਼ਾਰਾ ਨਹੀਂ ਸੀ ਚਲਦਾ। ਕਿਤੇ ਸੰਗਤ ਵਿਚ ਗਿਆ, ਉਥੋਂ ਪਤਾ ਲੱਗਿਆ ਕਿ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਸੰਤਾਂ ਦੀ ਸੇਵਾ ਕਰਨ ਲਗ ਗਿਆ। ਮਨ ਅੰਦਰ ਇਹ ਹੈ ਕਿ ਕਿਤੇ ਦਿਆਲ ਹੋ ਕੇ ਆਪੇ ਪੁਛਣਗੇ। ਇੱਕ ਤਾਂ ਉਹ ਹੁੰਦੇ ਨੇ ਜਿਹੜੇ ਪਹਿਲੇ ਦਿਨ ਹੀ ਆ ਕੇ ਕਹਿੰਦੇ ਨੇ - ਜੀ ਸਾਡੇ ਕਾਰੋਬਾਰ ਵੀ ਚਲ ਜਾਣ, ਸਾਡਾ ਆਹ ਵੀ ਹੋ ਜਾਵੇ, ਔਹ ਵੀ ਹੋ ਜਾਵੇ। ਇਕ ਪ੍ਰੇਮੀ ਥੋੜ੍ਹੇ ਜਿਹੇ ਦਿਨ ਰਿਹਾ। ਮੈਂ ਕਿਹਾ, ਇਹ ਕੋਈ ਦੁਕਾਨ ਹੈ ਭਾਈ! ਇਹ ਵੀ ਦੇ ਦਿਉ, ਔਹ ਵੀ ਦੇ ਦਿਉ; ਇਹ ਤਾਂ ਤੇਰੀ ਭਾਵਨਾ ਹੈ, ਤੇਰੀ ਸੇਵਾ ਤੇ ਗੁਰੂ ਨੇ ਪ੍ਰਸੰਨ ਹੋਣਾ ਹੈ - ਤਾਂ ਮਿਲਣਾ ਹੈ, ਮੇਰੇ ਹੱਥ 'ਚ ਤਾਂ ਕੁਛ ਨਹੀਂ। ਐਨੇ ਕਾਹਲੇ ਹੁੰਦੇ ਨੇ - ਉਹ। ਇਕ ਇਹ ਗੱਲ ਸਮਝਦੇ ਨੇ ਹੌਲੀ-ਹੌਲੀ ਸੇਵਾ ਕਰੀ ਚੱਲੋ, ਕਦੇ ਨਾ ਕਦੇ ਗੁਰੂ ਪ੍ਰਸੰਨ ਹੋਵੇਗਾ - ਜ਼ਰੂਰ ਦੇਵੇਗਾ ਕਿਉਂਕਿ ਕਿਸੇ ਦਾ ਘਾਲਿਆ ਹੋਇਆ ਉਹ ਰੱਖਿਆ ਨਹੀਂ ਕਰਦਾ - ਜ਼ਰੂਰ ਮਿਲ ਜਾਂਦਾ ਹੈ।

ਸੋ ਸੇਵਾ ਕਰਦੇ ਨੂੰ ਜਦ ਕਾਫੀ ਸਮਾਂ ਲੰਘ ਗਿਆ - ਬੜੀ ਲਗਨ ਨਾਲ ਸੇਵਾ ਕਰਦਾ ਸੀ, ਮਹਾਤਮਾ ਨੇ ਵੀ ਦੇਖ ਲਿਆ ਕਿ ਲਗਨ ਨਾਲ ਸੇਵਾ ਕਰਦਾ ਹੈ, ਪਰ ਉਹ ਅੰਦਰੋਂ ਜਾਣਦੇ ਸੀ ਕਿ ਇਹ ਗਰਜ਼ ਨਾਲ ਆਇਆ ਹੋਇਆ ਬੰਦਾ ਹੈ, ਨਾਮ ਜਪਣ ਵਾਲਾ ਨਹੀਂ ਹੈ। ਇਕ ਦਿਨ ਬੁਲਾਇਆ, ਕਹਿੰਦੇ, "ਪ੍ਰੇਮੀਆਂ! ਬੜੀ ਦੇਰ ਤੋਂ ਸੇਵਾ ਕਰਦਾ ਹੈਂ, ਕੋਈ ਮੰਗ ਹੈ ਤੇਰੀ?" ਕਹਿੰਦਾ, "ਹਾਂ ਮਹਾਰਾਜ! ਤੁਸੀਂ ਤਾਂ ਅੰਤਰਜਾਮੀ ਹੋ।" ਕਹਿਣ ਲੱਗੇ, "ਦੱਸ ਕੀ ਹੈ?" "ਮਹਾਰਾਜ! ਗੁਜ਼ਾਰਾ ਨਹੀਂ ਚਲਦਾ ਘਰ ਦਾ, ਦੋ ਡੰਗ ਦੀ ਰੋਟੀ ਨਹੀਂ ਮਿਲਦੀ - ਬਹੁਤ ਔਖੇ ਹਾਂ। ਜੇ ਦੋ ਡੰਗ ਦੀ ਰੋਟੀ ਮਿਲੀ ਜਾਵੇ, ਫਿਰ ਵਾਹਿਗੁਰੂ ਦਾ ਭਜਨ ਕਰੀਏ ਕਿਉਂਕਿ ਮੈਂ ਏਥੋਂ ਹੀ ਸੁਣਿਆ ਹੈ -

***ਭੁਖੇ ਭਗਤਿ ਨ ਕੀਜੈ॥***
***ਯਹ ਮਾਲਾ ਅਪਨੀ ਲੀਜੈ॥ ਅੰਗ - ੬੫੬***

ਭੁੱਖਿਆਂ ਤੋਂ ਭਗਤੀ ਵੀ ਨਹੀਂ ਹੁੰਦੀ।" ਮਹਾਤਮਾ ਕਹਿਣ ਲੱਗੇ, "ਦੇਖ! ਸੇਵਾ ਦਾ ਫਲ ਤਾਂ ਜ਼ਰੂਰ ਮਿਲ ਜਾਂਦਾ ਹੈ ਪਰ ਜੇ ਮਨ ਨਾ ਸੁਧਾਰਿਆ ਤਾਂ ਸੁਖ ਨਹੀਂ ਮਿਲ ਸਕਦਾ। ਪੈਸਾ ਚਾਹੀਦਾ ਹੈ?" ਕਹਿੰਦਾ, "ਹਾਂ ਮਹਾਰਾਜ!" ਕਹਿਣ ਲੱਗੇ, "ਲੈ ਇਹ ਸੰਖ ਹੈ ਸਾਡੇ ਕੋਲ, ਲਿਪ ਪੋਚ ਕੇ, ਧੂਪ ਦੇ ਕੇ ਬਜਾ ਦਿਆ ਕਰੀਂ - ਇਸਨੂੰ, ਤੇ ਜੋ ਮੰਗੇਂਗਾ, ਮਿਲ ਜਾਵੇਗਾ - ਐਨੀ ਸ਼ਕਤੀ ਦਾ ਮਾਲਕ ਹੈ ਇਹ। ਪਰ ਇਹਦੇ ਵਿਚ ਇਕ ਨੁਕਸ ਹੈ ਕਿ ਤੇਰਾ ਜਿਹੜਾ ਸ਼ਰੀਕਾ ਹੈ, ਉਹਨੂੰ ਡਬਲ-ਡਬਲ (ਦੁੱਗਣਾ-ਦੁੱਗਣਾ) ਮਿਲ ਜਾਏਗਾ - ਤੇਰੇ ਨਾਲੋਂ। ਜੇ ਤੂੰ ਇਕ ਸੌ ਮੰਗੇਂਗਾ, ਉਹਨੂੰ ਦੋ ਸੌ ਮਿਲ ਜਾਊ।" ਕਹਿੰਦਾ, "ਮਹਾਰਾਜ! ਚਾਹੇ ਲੱਖ ਮਿਲ ਜਾਵੇ, ਮੈਨੂੰ ਕੀ ਹੈ।" ਕਹਿੰਦੇ, "ਫੇਰ ਤਾਂ ਤੂੰ ਸੂਰਮਾ ਹੈਂ ਜੇ ਇਹ ਗੱਲ ਸਹਿ ਗਿਆ, ਕਿਉਂਕਿ ਵੱਡੇ-ਵੱਡੇ ਸੂਰਮੇ ਨਹੀਂ ਇਹ ਬਾਤ ਸਹਿ ਸਕਦੇ।" ਘਰ ਆ ਗਿਆ, ਸਾਰੀ ਗੱਲ ਦੱਸੀ ਘਰ ਵਾਲੀ ਨੂੰ। ਉਹ ਇਹਦੇ ਨਾਲੋਂ ਕੁਝ ਬਰੀਕ ਸਮਝ ਦੀ ਸੀ। ਉਹ ਨਾ ਹੱਸੀ, ਨਾ ਕੋਈ ਖੁਸ਼ੀ ਜ਼ਾਹਰ ਕਰੀ; ਕਹਿੰਦੀ, "ਦੇਖ! ਆਪਣਾ ਗੁਜ਼ਾਰਾ ਤਾਂ ਚੱਲ ਜਾਏਗਾ, ਪਰ ਇਨ੍ਹਾਂ ਨੇ ਕੀ ਕਰਿਆ? ਇਹ ਤਾਂ ਸਾਨੂੰ ਤੰਗ ਕਰਦੇ ਨੇ, ਇਹ ਕਿਉਂ ਅਮੀਰ ਹੋਣ?" ਉਹ ਕਹਿੰਦਾ, "ਤੂੰ ਕੀ ਲੈਣਾ ਹੈ - ਆਪਣਾ ਚੱਲਣਾ ਚਾਹੀਦਾ ਹੈ।" ਕਹਿੰਦੀ, "ਮੈਨੂੰ ਚੰਗੀ ਨਹੀਂ ਲੱਗੀ - ਇਹ ਗੱਲ। ਸੰਤਾਂ ਨੂੰ ਕਹਿ ਕਿ ਇਨ੍ਹਾਂ ਦੇ ਨਾ ਆਵੇ ਕੁਝ, ਸਾਡੇ ਹੀ ਆਵੇ।" ਕਿਉਂਕਿ ਐਸਾ ਕੁਦਰਤੀ ਸੁਭਾਉ ਹੈ। ਫੁਰਮਾਨ ਕਰਦੇ ਨੇ -

***ਪਰ ਸੁਖ ਪਿਖ ਤਪ ਤਾਉ ਉਰਿ ਨਾਹੀ***

ਬਿਗਾਨੇ ਸੁਖ ਨੂੰ ਦੇਖ ਕੇ ਹਿਰਦੇ ਦੇ ਅੰਦਰ ਤਪਸ਼ ਪੈਦਾ ਹੋ ਜਾਂਦੀ ਹੈ। ਜਿਹੜਾ ਤਪਦਾ ਹੈ, ਉਹ ਬਿਅਰਥ ਹੀ ਪਾਪ ਦੂਸਰੇ ਦਾ ਆਪਣੇ ਸਿਰ ਲੈ ਲੈਂਦਾ ਹੈ -

***ਇਕ ਤਾ ਰਿਦੇ ਤਪੈ ਦੁਖ ਪਾਵੈ॥***
***ਪਿਖੋ ਭਲੋ ਕਿਛੁ ਹਾਥਿ ਨ ਆਵੈ॥***

ਇਕ ਤਾਂ ਰਿਦਾ ਤਪਦਾ ਰਹਿੰਦਾ ਹੈ, ਇਕ ਈਰਖਾ ਕਰ ਕਰ ਕੇ ਹੱਥ ਕੀ ਆਉਂਦਾ ਹੈ? ਕੁਛ ਨਹੀਂ - ਆਪ ਹੀ ਜਲਦਾ ਹੈ -

***ਪੁੰਨ ਪਰਮੇਸਰ ਕੋਪ ਕਰੰਤਾ॥***

ਤੇ ਦੂਜੇ, ਵਾਹਿਗੁਰੂ ਕਰੋਪ ਕਰ ਲੈਂਦਾ ਹੈ ਕਿ ਦਾਤਾਂ ਮੈਂ ਦਿੰਦਾ ਹਾਂ, ਖਿਝਦਾ ਇਹ ਫਿਰਦਾ ਹੈ -

***ਮੇਰੋ ਦੀਓ ਕਿਛੁ ਇਹ ਜਰੰਤਾ॥***

ਮੇਰੀਆਂ ਦਿੱਤੀਆਂ ਹੋਈਆਂ ਦਾਤਾਂ ਨੂੰ ਦੇਖ ਕੇ ਜਲਦਾ ਰਹਿੰਦਾ ਹੈ।

***ਇਤਿਆਦਿਕ ਇਸ ਮਹਿ ਬਹੁ ਦੋਖ॥***
***ਲਾਲਚ ਤਜੈ ਧਰੈ ਸੰਤੋਖ॥***

ਇਹ ਦੋਸ਼ ਨੇ। ਸੰਤੋਖ ਵਿਚ ਰਹਿਣਾ ਚਾਹੀਦਾ ਹੈ ਕਿ ਜੋ ਕੁਛ ਮੇਰੀ ਪ੍ਰਾਲਬਧ ਵਿਚ ਹੈ, ਮੈਨੂੰ ਮਿਲੀ ਜਾਂਦਾ ਹੈ - ਸ਼ੁਕਰ ਹੈ ਵਾਹਿਗੁਰੂ ਦਾ - ਕਿੰਨੀ ਹੀ ਆ ਜਾਵੇ ਪੜੋਸੀਆਂ ਦੇ।

ਇਹਨੇ ਮੰਗਣਾ ਸ਼ੁਰੂ ਕਰ ਦਿਤਾ। ਕੋਠੀ ਮੰਗ ਲਈ, ਜ਼ਮੀਨ

ਮੰਗ ਲਈ, ਪੈਸਾ ਮੰਗ ਲਿਆ ਤੇ ਹੋਰ ਸਭ ਚੀਜ਼ਾ। ਸ਼ਰੀਕਾਂ ਦੇ ਦੁਗਣੇ ਲਹਿਰੇ ਬਹਿਰੇ ਹੋ ਗਏ ਤੇ ਕਪੜੇ ਜੇ ਇਹਨੇ ਇਕ ਹਜ਼ਾਰ ਦੇ ਮੰਗੇ, ਉਹਦੇ ਦੋ ਹਜ਼ਾਰ ਦੇ ਆ ਗਏ। ਰੋਟੀ ਖਾਣ ਤੋਂ ਰਹਿ ਗਏ। ਨਾ ਘਰ ਵਾਲੀ ਇਹਦੇ ਨਾਲ ਬੋਲਦੀ ਹੈ, ਨਾ ਇਹ ਉਹਦੇ ਨਾਲ ਬੋਲਦਾ ਹੈ - ਅੰਦਰ ਰੋਗ ਲਗ ਗਿਆ - ਈਰਖਾ ਦਾ। ਨਤੀਜਾ ਕੀ ਹੋਇਆ, ਬੋਲਣ ਤੋਂ ਰਹਿ ਗਏ। ਇਕ ਦਿਨ ਅਚਾਨਕ ਕਹਿਣ ਲੱਗਿਆ -

"ਹੁਣ ਸੰਖ ਬਜਾਈਏ।"

"ਕਾਹਦਾ ਬਜਾਈਏ! ਅੱਗੇ ਥੋੜ੍ਹਾ ਕਰ ਲਿਆ? ਇਹ ਸ਼ਰੀਕਾਂ ਦੇ ਕਿਉਂ ਗਿਆ ਹੈ? ਕੋਈ ਜੁਗਤ ਖੇਲ।"

"ਮੈਨੂੰ ਆ ਗਈ ਜੁਗਤ - ਤੂੰ ਲਿੱਪ।"

"ਜੇ ਮੰਗਣਾ ਹੈ, ਸਿੱਧਾ ਹੀ ਮੰਗਣਾ ਹੈ।"

"ਤੂੰ ਦੇਖ ਤਾਂ ਸਈ, ਮੈਂ ਕੀ ਕਰਦਾ ਹਾਂ?"

ਥਾਂ ਲਿਪ ਲਿਆ, ਸੰਖ ਵਜਾਇਆ ਤੇ ਕਹਿੰਦਾ ਹੈ, "ਹੇ ਸੰਖ ਦੇਵਤਾ! ਇਉਂ ਕਰ, ਮੇਰੀ ਇੱਕ ਅੱਖ ਕਾਣੀ ਕਰ ਦੇ।" ਅੱਖ ਕਾਣੀ ਹੋ ਗਈ ਤਾਂ ਸ਼ਰੀਕਾਂ ਦੀਆਂ ਦੋਵੇਂ ਅੱਖਾਂ ਅੰਨ੍ਹੀਆਂ ਹੋ ਗਈਆਂ। ਫੇਰ ਕਹਿੰਦਾ, "ਹੇ ਸੰਖ ਦੇਵਤਾ! ਮੇਰੇ ਘਰ ਦੇ ਅੱਗੇ ਇੱਕ ਖੂਹ ਲਗ ਜਾਵੇ।" ਸੋ ਇਹਦੇ ਇਕ ਖੂਹ ਲਗ ਗਿਆ ਤੇ ਉਹਦੇ ਘਰ ਅੱਗੇ ਦੋ ਲਗ ਗਏ। ਦਰਵਾਜ਼ੇ ਵਿਚ ਆ ਕੇ ਖੜ੍ਹਾ ਹੋ ਗਿਆ। ਉਹ ਬਾਹਰ ਨਿਕਲਦੇ ਨੇ ਕਿ ਅਸੀਂ ਅੰਨ੍ਹੇ ਹੋ ਗਏ, ਕਿਸੇ ਨੂੰ ਕਹਇਿ। ਸੋ ਜਿਹੜਾ ਬਾਹਰ ਨਿਕਲਦਾ ਹੈ, ਦੜੰਮ ਖੂਹ ਦੇ ਵਿਚ, ਦੜੰਮ ਖੂਹ ਦੇ ਵਿਚ। ਇਹ ਦੋਵੇਂ ਕਾਣੀਆਂ ਅੱਖਾਂ ਨਾਲ ਦੇਖਦੇ ਨੇ ਖੜ੍ਹੇ। ਕਹਿੰਦਾ, ਹੁਣ ਆ ਗਿਆ ਨਾ ਸੁਆਦ, ਆਪਾਂ ਤਾਂ ਕਾਣੇ ਹੋ ਕੇ ਕੱਟ ਲਵਾਂਗੇ ਪਰ ਇਹ ਅੰਨ੍ਹੇ ਕਰਕੇ ਮਾਰੇ ਨੇ - ਅੱਜ ਤੋਂ ਮੰਗਦੇ ਕੁਛ ਨਹੀਂ ਹਾਂ ਅਸੀਂ।

ਈਰਖਾ ਦੇ ਵਿਚ ਆ ਗਿਆ - ਤਪਾ। ਕਹਿੰਦਾ, "ਦੇਖੋ! ਇਹ ਗ੍ਰਿਹਸਥੀ ਹੋ ਕੇ ਪੂਜਾ ਕਰਾਉਂਦਾ ਹੈ। ਤੁਹਾਨੂੰ ਪਤਾ ਹੈ, ਗ੍ਰਿਹਸਥੀ ਜੇ ਪੂਜਾ ਕਰਾਵੇ, ਰੱਬ ਕ੍ਰੋਪ ਹੋ ਜਾਂਦਾ ਹੈ ਤੇ ਹੁਣ ਕ੍ਰੋਪ ਹੋ ਗਿਆ ਪਰਮੇਸ਼ਰ।" ਕਹਿੰਦੇ, "ਹੁਣ ਕਿਵੇਂ ਹੋਵੇਗਾ?" ਕਹਿੰਦਾ, "ਪਹਿਲਾਂ ਤਾਂ ਇਨੂੰ ਕੱਢੋ - ਪਿੰਡ 'ਚੋਂ। ਜਾਓ, ਪਹਿਲਾਂ ਤਾਂ ਮੀਂਹ ਮੰਗੋ - ਇਸ ਤੋਂ। ਜੇ ਪੁਆਉਂਦਾ ਹੈ ਠੀਕ ਹੈ, ਨਹੀਂ ਫਿਰ ਮੇਰੇ ਕੋਲ ਆ ਜਾਇਓ, ਮੈਂ ਪੁਆਊਂਗਾ - ਮੈਂ ਤੁਹਾਨੂੰ ਜੁਗਤ ਦੱਸੂੰ।

ਐਸਾ ਕੁਦਰਤੀ ਤੁਰਿਆ ਆਇਆ ਹੈ ਸਾਧਸੰਗਤਿ! ਸੰਤਾਂ ਨਾਲ ਵੈਰ ਕਰਨਾ ਸੰਸਾਰ ਦਾ ਸੁਭਾਉ ਹੈ ਤੇ ਦੁਸ਼ਟਾਂ ਨਾਲ ਪਿਆਰ ਰਖਦੇ ਨੇ, ਐਸਾ ਫੁਰਮਾਨ ਹੈ ਬਾਣੀ 'ਚ -

***ਧਾਰਨਾ - ਸੰਤਾਂ ਨਾਲ ਵੈਰ ਕਮਾਂਵਦੇ,***
***ਨਾਲ ਦੁਸ਼ਟਾਂ ਮੋਹ ਪਿਆਰ।***

ਸੰਤਾਂ ਨਾਲ ਵੈਰ, ਦੁਸ਼ਟਾਂ ਨਾਲ ਮੋਹ ਹੁੰਦਾ ਹੈ। ਸੋ ਕਹਿਣ ਲੱਗਿਆ ਕਿ ਜਾਉ, ਜਾ ਕੇ ਕਹੋ। ਸਿੱਧੇ ਮੂੰਹ ਨਾਉਂ ਨਹੀਂ ਲੈਂਦਾ, ਨਾਉਂ ਲੈਣਾ ਹੀ ਬੁਰਾ ਮੰਨਦਾ ਹੈ। ਕਹਿ ਨਹੀਂ ਸਕਦਾ ਕਿ ਗੁਰੂ ਅੰਗਦ ਸਾਹਿਬ ਨੂੰ ਕਹੋ। ਕਹਿੰਦਾ ਹੈ, "ਜਾਉ! ਕਹੋ ਜਾ ਕੇ ਖੱਤਰੀ ਨੂੰ ਕਿ ਮੀਂਹ ਪੁਆਵੇ।" ਉਹ ਚਲੇ ਗਏ ਸਾਰੇ ਇਕੱਠੇ ਹੋ ਕੇ। ਗੁਰੂ ਮਹਾਰਾਜ ਕਹਿਣ ਲੱਗੇ, "ਕਿਵੇਂ ਆਏ ਹੋ ਪ੍ਰੇਮੀਓ!" ਕਹਿੰਦੇ, "ਸੱਚੇ ਪਾਤਸ਼ਾਹ! ਤੁਹਾਡੇ ਕੋਲ ਦੂਰ-ਦੂਰ ਤੋਂ ਦੁਨੀਆਂ ਆਉਂਦੀ ਹੈ, ਤੇ ਅਸੀਂ ਸੁਣਿਆ ਹੈ ਕਿ ਤੁਹਾਡੇ ਵਿਚ ਬੜੀਆਂ ਸ਼ਕਤੀਆਂ ਨੇ। ਸਾਡੀਆਂ ਫਸਲਾਂ ਸੁੱਕੀਆਂ ਪਈਆਂ ਨੇ - ਤੁਸੀਂ ਮੀਂਹ ਪੁਆਓ। ਤੁਸੀਂ ਸਾਡੇ ਪਿੰਡ ਵਿਚ ਰਹਿੰਦੇ ਓ, ਤੁਹਾਨੂੰ ਮੀਂਹ ਤਾਂ ਪੁਆਉਣਾ ਚਾਹੀਦਾ ਹੈ ਨਾ।" ਮਹਾਰਾਜ ਕਹਿੰਦੇ, "ਪ੍ਰੇਮੀਓ! ਮੀਂਹ ਪੁਆਉਣਾ ਅਤੇ ਨਾ ਪੁਆਉਣਾ ਕਿਸੇ ਹੱਥ ਵਿਚ ਨਹੀਂ ਹੁੰਦਾ। ਇਹ ਤਾਂ ਅਕਾਲ ਪੁਰਖ ਦੇ ਹੱਥ ਵਿਚ ਹੀ ਹੈ। ਇਉਂ ਫੁਰਮਾਨ ਕਰਦੇ ਨੇ -

***ਧਾਰਨਾ - ਇਨ੍ਹਾਂ ਬੱਦਲਾਂ ਨੂੰ ਕਾਹਨੂੰ***
***ਉਠ ਉਠ ਦੇਖਦੈਂ,***
***ਮੇਘੇ ਹੱਥ ਕੁਛ ਵੀ ਨਹੀਂ - ੨, ੨.***

***ਕਿਆ ਉਠਿ ਉਠਿ ਦੇਖਹੁ ਬਪੁੜੇਂ***
***ਇਸੁ ਮੇਘੈ ਹਥਿ ਕਿਛੁ ਨਾਹਿ ॥***
***ਜਿਨਿ ਏਹੁ ਮੇਘੁ ਪਠਾਇਆ***
***ਤਿਸੁ ਰਾਖਹੁ ਮਨ ਮਾਂਹਿ ॥ ਅੰਗ - ੧੨੮੦***

ਗੁਰੂ ਮਹਾਰਾਜ ਕਹਿੰਦੇ, ਬੱਦਲਾਂ ਦੇ ਅਖਤਿਆਰ ਕੁਛ ਨਹੀਂ, ਹੋਰ ਕਿਸੇ ਦੇ ਅਖਤਿਆਰ ਕੁਛ ਨਹੀਂ, ਪ੍ਰੇਮੀਓਂ! ਇਹ ਤਾਂ ਅਕਾਲ ਪੁਰਖ ਦੀ ਮੌਜ ਹੈ - ਕਿਤੇ ਮੀਂਹ ਪਾ ਦਿੰਦਾ ਹੈ, ਕਿਤੇ ਨਹੀਂ ਪਾਉਂਦਾ - ਸਭ ਕੁਛ ਉਹਦੇ ਹੁਕਮ ਵਿੱਚ ਹੀ ਚਲਦਾ ਹੈ। ਪ੍ਰਬੰਧ ਐਡਾ ਵੱਡਾ ਹੈ ਕਿ ਸਾਰਾ ਪ੍ਰਬੰਧ ਹੋਇਆ ਹੀ ਪਿਆ ਹੈ - ਆਦਮੀ ਦੇ ਹੱਥ ਵਿਚ ਕੁਛ ਨਹੀਂ ਹੈ।

ਅਮਰੀਕਾ ਵਿਚ ਸੀ ਮੈਂ - 1989 ਵਿਚ। ਪਹਿਲੇ ਸਾਲ ਉਥੇ ਔੜ ਲੱਗੀ, ਬਹੁਤ ਦੁਖੀ ਹੋਏ। ਖੇਤਾਂ ਵਿਚੋਂ ਮਿੱਟੀ ਉੜੇ, ਫਸਲਾਂ ਹੋਈਆਂ ਨਾ, ਰੌਲਾ ਪੈ ਗਿਆ ਕਿ ਇਹ ਕੀ ਹੋ ਗਿਆ। ਸਾਰੇ ਸਾਇੰਸਦਾਨ ਜਿਹੜੇ ਕਹਿੰਦੇ ਸੀ, ਮੀਂਹ ਪੁਆ ਲਈਦੈ ਫਲਾਣੀ ਗੈਸ ਛਿੜਕ ਕੇ; ਬੱਦਲ ਹੀ ਨਹੀਂ ਆਏ, ਮੀਂਹ ਕਾਹਦੇ ਨਾਲ ਪੁਆ ਲੈਣਗੇ। ਦੇਖਿਆ ਹੀ ਨਹੀਂ ਅਸੀਂ ਬੱਦਲ ਉਥੇ ਤਿੰਨ ਮਹੀਨੇ ਰਹਿ ਕੇ। ਪ੍ਰਮੇਸ਼ਰ ਨੇ ਭੇਜਿਆ ਹੀ ਨਹੀਂ। ਇਹ ਤਾਂ ਵਾਹਿਗੁਰੂ ਦੇ ਹੱਥ ਵਿਚ ਹੈ, ਸਾਰਾ ਪ੍ਰਬੰਧ ਇੰਟਰਵੋਵਨ (Interwoven) ਹੈ। ਇਹ ਜਿੰਨੇ ਤਾਰੇ ਸਿਤਾਰੇ ਨੇ, ਸਾਰੇ ਆਪਣੇ ਆਪਣੇ ਹਿਸਾਬ ਨਾਲ ਚਲਦੇ ਨੇ। ਕਿਤੇ ਜਲ-ਥਲ ਕਰ ਦਿੰਦਾ ਹੈ ਤੇ ਕਿਤੇ ਪਾਣੀ ਦਾ ਕਤਰਾ ਨਹੀਂ ਪੈਂਦਾ। ਇਹ ਤਾਂ ਸੰਸਾਰ ਦੇ ਬੰਦਿਆਂ ਦੇ ਜਿਹੋ ਜਿਹੇ ਕਰਮ ਹੁੰਦੇ ਨੇ ਪ੍ਰੇਮੀਓਂ! ਅਕਾਲ ਪੁਰਖ ਵੈਸਾ ਹੀ ਫਲ ਦਿਆ ਕਰਦਾ ਹੈ। ਸੁਖ ਤੇ ਦੁਖ ਆਪਣੇ ਕਰਮਾਂ ਦਾ ਹੀ ਫਲ ਹੁੰਦਾ ਹੈ -

***ਧਾਰਨਾ - ਫਲ ਦਿੱਤਿਆਂ ਬਾਝ ਨ ਜਾਣਾ,***
***ਫਲ ਦਿੱਤਿਆਂ, ਫਲ ਦਿੱਤਿਆਂ ਬਾਝ ਨ ਜਾਣਾ,***
***ਤੇਰਿਆਂ ਕਰਮਾਂ ਨੇ, ਬੰਦਿਆਂ - ੨, ੨.***

ਅਕਾਲ ਪੁਰਖ ਦੀ ਖੇਡ ਐਸੀ ਚਲਦੀ ਹੈ ਕਿ ਜਿਹੋ ਜਿਹੇ ਜੀਵ ਕਰਮ ਕਰਦੇ ਨੇ, ਵੈਸਾ ਹੀ ਫਲ ਪਾਉਂਦੇ ਨੇ। ਇਹ ਉਹਦੀ

ਮੌਜ ਹੈ, ਉਹਦੇ ਵਿਚ ਦਖਲ ਨਹੀਂ ਦੇਣਾ ਚਾਹੀਦਾ। ਕਹਿਣ ਲੱਗੇ, "ਮਹਾਰਾਜ! ਅਸੀਂ ਤਾਂ ਮੀਂਹ ਵਾਸਤੇ ਆਏ ਹਾਂ, ਸਾਡੀਆਂ ਫਸਲਾਂ ਕਿਵੇਂ ਹੋਣਗੀਆਂ?" ਮਹਾਂਪੁਰਸ਼ ਕੁਦਰਤ ਵਿਚ ਦਖਲ ਦੇਣਾ ਚੰਗਾ ਨਹੀਂ ਸਮਝਦੇ।

ਗੁਰੂ ਅੰਗਦ ਦੇਵ ਜੀ ਵਾਸਤੇ - ਭਾਈ ਜੀਵਾ ਤੇ ਉਹਦੀ ਲੜਕੀ - ਹਰ ਰੋਜ਼ ਖਿਚੜੀ ਬਣਾ ਕੇ ਲਿਆਇਆ ਕਰਦੇ ਸੀ। ਇਕ ਦਿਨ ਬਹੁਤ ਕਾਲੀ ਬੋਲੀ ਹਨ੍ਹੇਰੀ ਆਈ - ਸਵੇਰ ਤੋਂ ਹੀ ਚੱਲਣ ਲਗ ਗਈ। ਬਹੁਤ ਯਤਨ ਕਰਿਆ ਕਿ ਕਿਸੇ ਤਰ੍ਹਾਂ ਹਵਾ ਥੰਮ੍ਹੇ। ਘਰ ਐਸੇ ਹੀ ਹੁੰਦੇ ਸੀ, ਅੰਦਰ ਵੀ ਹਵਾ ਲਗਦੀ ਸੀ। ਮੰਜੇ ਖੜ੍ਹੇ ਕਰ ਕਰ ਕੇ ਵੇਖੇ ਪਰ ਖਿਚੜੀ ਨਾ ਬਣੀ। ਅਖੀਰ ਲੜਕੀ ਕਹਿਣ ਲੱਗੀ, "ਪਿਤਾ ਜੀ! ਅੱਜ ਆਪਾਂ ਲੇਟ ਹੋ ਜਾਵਾਂਗੇ - ਸਮੇਂ ਸਿਰ ਲੈ ਕੇ ਨਹੀਂ ਜਾ ਹੋਣ। ਮਹਾਰਾਜ ਹਨ੍ਹੇਰੀ ਹਟਾ ਦੇਣ।" ਭਾਈ ਜੀਵਾ ਉਠ ਕੇ ਬਾਹਰ ਆਇਆ ਤੇ ਉਤੇ ਨੂੰ ਦੇਖ ਕੇ ਕਹਿੰਦਾ, "ਹਨ੍ਹੇਰੀਏ! ਤੈਨੂੰ ਪਤਾ ਨਹੀਂ, ਅਸੀਂ ਗੁਰੂ ਮਹਾਰਾਜ ਦਾ ਪ੍ਰਸ਼ਾਦਾ ਤਿਆਰ ਕਰਨਾ ਹੈ - ਖਿਚੜੀ ਤਿਆਰ ਕਰਨੀ ਹੈ, ਤੂੰ ਬਣਾਉਣ ਨਹੀਂ ਦਿੰਦੀ - ਠਹਿਰ ਜਾ।" ਹਨ੍ਹੇਰੀ ਦੀ ਤਾਕਤ ਨਹੀਂ ਸੀ ਕਿ ਸਤਿ-ਪੁਰਸ਼ ਦਾ ਹੁਕਮ ਟਾਲ ਦਿੰਦੀ। ਕਿਉਂਕਿ ਇਹ ਸਾਰੇ ਹੀ ਹੁਕਮ ਅੰਦਰ ਚਲ ਰਹੇ ਨੇ -

***ਭੈ ਵਿਚਿ ਪਵਣੁ ਵਹੈ ਸਦ ਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥***
***ਭੈ ਵਿਚਿ ਅਗਨਿ ਕਢੈ ਵੇਗਾਰਿ॥***
***ਭੈ ਵਿਚਿ ਧਰਤੀ ਦਬੀ ਭਾਰਿ॥***
***ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥***
***ਭੈ ਵਿਚਿ ਰਾਜਾ ਧਰਮੁ ਦੁਆਰੁ॥ ਅੰਗ - ੪੬੪***

ਇਹ ਸਾਰੇ ਪ੍ਰਮੇਸ਼ਰ ਦੇ ਭੈ ਵਿਚ ਨੇ ਤੇ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ - ੭੪੮***

ਉਨ੍ਹਾਂ ਦਾ ਕਿਹਾ ਹੋਇਆ ਪ੍ਰਮੇਸ਼ਰ ਨੂੰ ਮੰਨਣਾ ਪੈਂਦਾ ਹੈ। ਹਨ੍ਹੇਰੀ ਇਕ ਦਮ ਰੁਕ ਗਈ। ਖਿਚੜੀ ਬਣਾ ਲਈ ਤੇ ਜਦੋਂ ਮਹਾਰਾਜ ਕੋਲ ਲੈ ਕੇ ਗਏ, ਮਹਾਰਾਜ ਨੇ ਖੁਸ਼ੀ ਨਾ ਕੀਤੀ। ਪਹਿਲਾਂ ਮਹਾਰਾਜ ਬੜੇ ਪਿਆਰ ਨਾਲ ਦੇਖਦੇ ਸੀ - ਦੂਰੋਂ ਹੀ ਆਉਂਦਿਆਂ ਨੂੰ - ਪਿਆਰ ਦੀ ਦ੍ਰਿਸ਼ਟੀ ਨਾਲ, ਕਿ ਇਹ ਕਿੰਨੀ ਸੇਵਾ ਕਰਦੇ ਨੇ, ਦੂਰੋਂ ਆਉਂਦੇ ਨੇ, ਖਿਚੜੀ ਜ਼ਰੂਰ ਬਣਾ ਕੇ ਲਿਆਉਂਦੇ ਨੇ। ਪਰ ਅੱਜ ਮਹਾਰਾਜ ਨੇ ਪ੍ਰਸੰਨਤਾ ਨਾਲ ਨਹੀਂ ਦੇਖਿਆ, ਨੇਤਰ ਨਹੀਂ ਮਿਲਾਏ। ਉਹ ਉਸੇ ਚਾਉ ਨਾਲ ਆਉਂਦੇ ਨੇ, ਲੇਕਿਨ ਜਦ ਨੇੜੇ ਆਏ ਤਾਂ ਮਹਾਰਾਜ ਨੇ ਪਿੱਠ ਕਰ ਲਈ। ਨਮਸਕਾਰ ਕਰੀ, ਹੈਰਾਨ ਹੋ ਗਏ ਕਿ ਅੱਜ ਪਿੱਠ? ਪਿੱਠ ਬਹੁਤ ਬੁਰੀ ਹੁੰਦੀ ਹੈ - ਮਹਾਤਮਾ ਦੀ, ਸਾਧ ਸੰਗਤਿ ਜੀ -

***ਕਰਵਤੁ ਭਲਾ ਨ ਕਰਵਟ ਤੇਰੀ ॥***
***ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥***
***ਹਉ ਵਾਰੀ ਮੁਖੁ ਫੇਰਿ ਪਿਆਰੇ ॥***
***ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥***
***ਅੰਗ - ੪੮੪***

ਮਾਤਾ ਲੋਈ ਕਹਿੰਦੀ, "ਮੈਨੂੰ ਪਿੱਠ ਦੇ ਕੇ ਨਾ ਮਾਰੋ, ਆਰੇ ਨਾਲ ਚੀਰ ਦਉ, ਫੇਰ -

***ਜਉ ਤਨੁ ਚੀਰਹਿ ਅੰਗੁ ਨ ਮੋਰਉ॥***
***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥ ਅੰਗ- ੪੮੪***

ਮੇਰਾ ਸਰੀਰ ਜੇ ਗਿਰ ਵੀ ਜਾਵੇ, ਮੈਂ ਪਿਆਰ ਨਹੀਂ ਤੋੜਦੀ - ਕਬੀਰ ਸਾਹਿਬ ਨੂੰ ਮਾਤਾ ਲੋਈ ਕਹਿੰਦੀ ਹੈ - ਪਰ ਮੈਂ ਤੁਹਾਡੀ ਪਿੱਠ ਨਹੀਂ ਸਹਿ ਸਕਦੀ, ਨਰਾਜ਼ਗੀ ਨਹੀਂ ਸਹਿ ਸਕਦੀ।"

ਸੋ ਭਾਈ ਜੀਵਾ ਹੈਰਾਨ ਹੋ ਗਏ। ਦੂਸਰੇ ਪਾਸੇ ਜਾ ਕੇ ਨਮਸਕਾਰ ਕਰੀ, ਮਹਾਰਾਜ ਨੇ ਫੇਰ ਪਿੱਠ ਕਰ ਲਈ। ਰੋਣ ਲਗ ਗਏ, "ਪਾਤਸ਼ਾਹ! ਕੀ ਭੁੱਲ ਹੋ ਗਈ? ਅਸੀਂ ਸਦਾ ਹੀ ਭੁੱਲਾਂ ਕਰਦੇ ਹਾਂ। ਗਰੀਬ ਨਿਵਾਜ਼! ਦੱਸੋ ਕੀ ਭੁੱਲ ਹੋ ਗਈ।" ਕਹਿਣ ਲੱਗੇ, "ਪ੍ਰੇਮੀਓਂ! ਕੀ ਹੋ ਜਾਂਦਾ ਜੇ ਅੱਜ ਅਸੀਂ ਖਿਚੜੀ ਨਾ ਖਾਂਦੇ - ਘੰਟਾ ਲੰਘ ਜਾਂਦਾ, ਦੋ ਘੰਟੇ ਲੰਘ ਜਾਂਦੇ, ਅੱਜ ਦਾ ਦਿਨ ਲੰਘ ਜਾਂਦਾ - ਫੇਰ ਕੀ ਹੁੰਦਾ ਸੀ? ਪਰ ਤੁਸੀਂ, ਪਤਾ ਹੈ, ਕਿੰਨੀ ਅਵੱਗਿਆ ਕਰੀ? ਤੁਸੀਂ ਅਕਾਲ ਪੁਰਖ ਦੇ ਇੰਤਜ਼ਾਮ ਵਿਚ ਦਖਲ ਦਿਤਾ ਹੈ। ਇਹ ਮਿੱਟੀ ਲੈ ਕੇ ਜਾ ਰਹੀ ਸੀ। ਬੇਅੰਤ ਬਿਮਾਰੀਆਂ ਦੇ ਕਿਰਮਾਂ ਨੂੰ ਦੇਸ਼ ਵਿਚੋਂ ਰੋੜ੍ਹੀ ਲਈ ਜਾਂਦੀ ਸੀ, ਹਵਾ ਸ਼ੁੱਧ ਹੋ ਜਾਣੀ ਸੀ, pollution, ਗੰਦੀ ਹਵਾ ਨੇ ਰੁੜ੍ਹ ਜਾਣਾ ਸੀ ਤੇ ਇਸ ਮਿੱਟੀ ਨੇ ਜਾ ਕੇ ਉਨ੍ਹਾਂ ਪੱਥਰਾਂ ਤੇ ਜੰਮਣਾ ਸੀ ਜਿੱਥੇ ਵੱਡੇ-ਵੱਡੇ ਸੱਪ ਮਿੱਟੀ ਖਾ ਕੇ ਗੁਜ਼ਾਰਾ ਕਰਦੇ ਨੇ। ਤੁਸੀਂ ਕਿੰਨਿਆਂ ਦੀ ਰੋਜ਼ੀ ਮਾਰ ਦਿੱਤੀ - ਇਕ ਸਾਨੂੰ ਖਾਣਾ ਲਿਆਉਣ ਵਾਸਤੇ।"

ਇਸ ਤਰ੍ਹਾਂ ਕੁਦਰਤ ਵਿਚ ਦਖਲ ਨਹੀਂ ਦਿਆ ਕਰਦੇ ਮਹਾਂਪੁਰਸ਼। ਕਿਤੇ ਕਿਤੇ ਦਿੰਦੇ ਵੀ ਨੇ, ਐਸੀ ਬਾਤ ਨਹੀਂ ਹੈ, ਪਰ ਜਦ ਪਿਆਰ ਵਸ ਹੋ ਜਾਣ, ਫਿਰ ਦਖਲ ਦੇ ਵੀ ਦਿੰਦੇ ਨੇ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਕੋਹਾਟ ਤੋਂ ਜਾ ਰਹੇ ਸੀ ਤੇ ਵਿਚਾਲੇ ਇਲਾਕਾ ਆ ਗਿਆ ਅਫਗਾਨਿਸਤਾਨ ਦਾ, ਤੇ ਓਥੋਂ ਜਦੋਂ ਲੰਘਦੇ ਨੇ, ਤਾਂਗੇ ਵਿਚ ਬੈਠੇ ਜਾ ਰਹੇ ਨੇ। ਅੱਗੇ ਕੁਛ ਚੰਗੇ ਸਿਆਣੇ ਮੁਸਲਮਾਨ ਖੜ੍ਹੇ ਨੇ, ਉਨ੍ਹਾਂ ਨੇ ਦੇਖਿਆ ਕਿ ਕੋਈ ਪੀਰ ਜੀ ਜਾ ਰਹੇ ਨੇ। ਕਿਉਂਕਿ ਸਿੱਖਾਂ ਦੀਆਂ ਸ਼ਕਲਾਂ ਉਨ੍ਹਾਂ ਦੇ ਨਾਲ ਰਲਦੀਆਂ ਨੇ; ਇਵੇਂ ਜਿਵੇਂ ਚਿੱਟੇ ਸਾਫੇ, ਇਵੇਂ ਜਿਵੇਂ ਖੁੱਲ੍ਹੇ ਦਾੜ੍ਹੇ - ਥੋੜ੍ਹਾ ਥੋੜ੍ਹਾ ਲਵਾਂ ਤੋਂ ਪਤਾ ਲਗਦਾ ਹੈ ਕਿ ਇਹ ਮੁਸਲਮਾਨ ਮੱਤ ਦਾ ਧਾਰਨੀ ਹੈ ਤੇ ਇਹ ਕਿਸੇ ਹੋਰ ਮੱਤ ਦਾ ਧਾਰਨੀ ਹੈ। ਅਸੀਂ ਜਦ ਸਿੰਧ ਵਿਚ ਹੁੰਦੇ ਸੀ, ਓਥੇ ਬਲੋਚ ਬਿਲਕੁਲ ਸਾਡੇ ਵਰਗੇ ਹੀ ਹੋਇਆ ਕਰਦੇ ਸੀ। ਭੁਲੇਖਾ ਲਗ ਜਾਂਦਾ ਸੀ ਕਿ ਇਹ ਸਰਦਾਰ ਹੈ; ਪਤਾ ਓਦੋਂ ਲਗਦਾ ਸੀ ਜਦੋਂ ਉਹ 'ਸਲਾਮ' ਕਹਿੰਦੇ ਸੀ।

ਇਸ ਤਰ੍ਹਾਂ ਉਨ੍ਹਾਂ ਨੇ ਕਿਹਾ ਕਿ ਕੋਈ ਪੀਰ ਆ ਗਿਆ। ਚਿਹਰੇ ਦਾ ਰੰਗ ਦੇਖਿਆ, ਰੋਹਬ-ਦਾਬ ਦੇਖਿਆ; ਘੋੜੇ ਦੀ ਬਾਗ ਫੜ ਲਈ, "ਪੀਰ ਜੀ! ਅਸੀਂ ਬੜੇ ਦੁਖੀ ਹਾਂ, ਕ੍ਰਿਪਾ ਕਰੋ!

ਬਾਰਿਸ਼ ਨਹੀਂ ਹੋਈ, ਸਾਡੀਆਂ ਫਸਲਾਂ ਸੁਕਦੀਆਂ ਜਾਂਦੀਆਂ ਨੇ।" ਬਾਰ-ਬਾਰ ਬੇਨਤੀਆਂ ਕੀਤੀਆਂ ਕਿ ਤੁਹਾਡੀ ਪਹੁੰਚ ਰੱਬ ਤਕ ਹੈ। ਬਹੁਤ ਬੇਨਤੀਆਂ ਸੁਣ ਕੇ ਮਹਾਂਪੁਰਸ਼ ਕਹਿਣ ਲੱਗੇ, "ਸਾਡੇ ਹੱਥ ਤਾਂ ਕੁਛ ਨਹੀਂ, ਆਪਾਂ ਬੇਨਤੀ ਕਰਕੇ ਦੇਖ ਲੈਂਦੇ ਹਾਂ।" ਤਾਂਗੇ ਤੋਂ ਉਤਰ ਆਏ - ਬੈਠ ਗਏ। ਕਹਿੰਦੇ, "ਲਓ ਭਾਈ! ਆਪਾਂ ਤਾਂ ਕਰਦੇ ਹਾਂ ਬੇਨਤੀ, ਤੇ ਹੁਣ ਮੀਂਹ ਓਨਾ ਕੁ ਹੀ ਮੰਗਿਓ, ਜਿੰਨਾ ਕੁ ਚਾਹੀਦਾ ਹੈ। ਇਹ ਨਾ ਹੋਵੇ ਕਿ ਬਹੁਤ ਮੰਗ ਲਵੋ।" ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਜਦ ਅੱਧਾ ਕੁ ਘੰਟਾ ਬੀਤਿਆ, ਬੱਦਲ ਆ ਕੇ ਇਕ ਦਮ ਹੀ ਬਰਸਣੇ ਸ਼ੁਰੂ ਹੋ ਗਏ। ਬਹੁਤ ਮੀਂਹ ਪਿਆ - ਛਾਛੜੇ ਦਾ। ਵਾਜਿਆਂ ਵਿਚ ਪਾਣੀ ਪੈ ਗਿਆ, ਨਾਲ ਜਿਹੜੇ ਸਤਾਰਾਂ ਵਗੈਰਾ ਸੀ, ਤਬਲੇ ਸੀ, ਉਨ੍ਹਾਂ ਵਿਚ ਵੀ ਪਾਣੀ ਪੈ ਗਿਆ। ਹੁਣ ਤਬਲੇ ਵੱਜਣ ਨਾ। ਮਹਾਂਪੁਰਸ਼ ਕਹਿੰਦੇ, "ਐਵੇਂ ਜਿਵੇਂ ਹੀ ਕਰੋ ਜਿਵੇਂ ਵੀ ਹੈ।" ਅਖੀਰ ਪਠਾਣ ਉਠ ਕੇ ਖੜ੍ਹੇ ਹੋ ਗਏ, ਚਰਨਾਂ ਤੇ ਨਮਸਕਾਰ ਕੀਤੀ, "ਪੀਰ ਜੀ! ਬਹੁਤ ਹੋ ਗਿਆ, ਹੁਣ ਤਾਂ ਵੱਟਾਂ ਟੁੱਟਣ ਲਗ ਗਈਆ।"

ਸੋ ਇਹ ਸਾਰੀਆਂ ਚੀਜ਼ਾਂ ਹੁਕਮ ਵਿਚ ਚਲਦੀਆਂ ਨੇ -

***ਧਾਰਨਾ - ਪਉਣ ਪਾਣੀ ਤੇ ਦੇਵਤੇ ਸਾਰੇ,***
***ਚਲਦੇ ਨੇ ਭੈ ਵਿਚ ਜੀ - ੨, ੨.***

ਇਹ ਸਾਰੇ ਅਕਾਲ ਪੁਰਖ ਦੇ ਭੈ ਵਿਚ ਨੇ। ਆਪਣੀ ਮਰਜ਼ੀ ਨਹੀਂ ਹੈ - ਨਾ ਪਉਣ ਦੀ, ਨਾ ਸੂਰਜ ਦੀ, ਨਾ ਚੰਦ ਦੀ, ਨਾ ਤਾਰਿਆਂ ਦੀ; ਇਹ ਸਾਰੇ ਹੁਕਮ ਵਿਚ ਕਾਰ ਕਰਦੇ ਨੇ। ਮਹਾਰਾਜ ਕਹਿੰਦੇ ਨੇ -

***ਪਾਤਾਲ ਪੁਰੀਆ ਲੋਅ ਆਕਾਰਾ ॥***
***ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥***
***ਹੁਕਮੇ ਸਾਜੇ ਹੁਕਮੇ ਢਾਹੇ***
***ਹੁਕਮੇ ਮੇਲਿ ਮਿਲਾਇਦਾ ॥ ਅੰਗ - ੧੦੬੦***

ਕਹਿੰਦੇ, ਭਾਈ! ਇਹ ਹੁਕਮ ਵਿਚ ਚਲਦੇ ਨੇ। ਵੱਸ ਨਹੀਂ ਕਿਸੇ ਦੇ, ਇਹ ਤਾਂ ਸਾਰਾ ਕੁਝ ਪ੍ਰਮੇਸ਼ਰ ਦੇ ਹੱਥ ਵਿਚ ਹੈ -

***ਧਾਰਨਾ - ਓਹੀਓ ਗੱਲ ਹੁੰਦੀ ਹੈ,***
***ਭਾਉਂਦੀ ਜੋ ਤੈਨੂੰ ਮਾਲਕਾ - ੨, ੨.***

ਸੋ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, "ਪ੍ਰੇਮੀਓ! ਹਠ ਨਾ ਕਰੋ, ਮੇਰੇ ਪ੍ਰਭੂ ਨੂੰ ਇਵੇਂ ਹੀ ਭਾਉਂਦਾ ਹੈ।" ਉਹ ਵਾਪਸ ਚਲੇ ਗਏ। ਕਹਿੰਦੇ, "ਤਪਾ ਜੀ! ਪੁੱਛ ਆਏ ਅਸੀਂ।" ਉਹ ਕਹਿੰਦਾ, "ਮੀਂਹ ਪੁਆਉਂਦਾ ਹੈ ਕਿ ਨਹੀਂ?" ਕਹਿੰਦੇ, "ਉਹ ਤਾਂ ਇਉਂ ਕਹਿੰਦਾ ਹੈ.........।" ਤਪਾ ਕਹਿੰਦਾ, "ਫੇਰ! ਮੀਂਹ ਤਾਂ, ਮੈਂ ਹੀ ਪੁਆਉਣਾ ਹੈ, ਪਰ ਮੈਂ, ਤਾਂ ਪੁਆ ਸਕਦਾ ਹੈਂ, ਜੇ ਉਹਨੂੰ (ਗੁਰੂ ਅੰਗਦ ਸਾਹਿਬ ਨੂੰ) ਪਿੰਡ ਵਿਚੋਂ ਕੱਢ ਦਿਓ। ਮੀਂਹ ਤਾਂ ਫੇਰ ਆਪੇ ਹੀ ਪੈ ਜਾਣਾ ਹੈ ਕਿਉਂਕਿ ਪਾਪ ਹੁੰਦਾ ਹੈ, ਇਸ ਕਰਕੇ ਮੀਂਹ ਨਹੀਂ ਪੈ ਰਿਹਾ।" ਇਉਂ ਭੜਕਾਅ ਦਿਤੇ ਅਤੇ ਪੱਕੇ ਕਰ ਦਿਤੇ ਸਾਰੇ, ਜਿ ਜੇ ਉਂਝ ਨਹੀਂ ਜਾਂਦੇ ਤਾਂ ਧੱਕੇ ਦੇ ਕੇ ਕੱਢ ਦਿਓ। ਉਸੇ ਵੇਲੇ ਗੁਰੂ ਮਹਾਰਾਜ ਕੋਲ ਫੇਰ ਆਏ ਤੇ ਅਦਬ ਨਾਲ ਨਹੀਂ ਬੋਲਦੇ। ਕਿੰਨੀ ਬੇ-ਅਦਬੀ ਸੀ - ਇਕ ਮਿਸਾਲ ਤੋਂ ਪਤਾ ਲਗ ਜਾਏਗਾ।

ਓਥੇ ਖਡੂਰ ਸਾਹਿਬ ਦਾ ਹੀ ਇਕ ਚੌਧਰੀ ਸੀ - ਮਲੂਕਾ। ਸਤਿਸੰਗ ਲੱਗਿਆ ਹੋਇਆ ਹੈ, ਗੁਰੂ ਮਹਾਰਾਜ ਜੀ ਪਲੰਘ ਤੇ ਸਜੇ ਹੋਏ ਨੇ। ਕਿਸੇ ਨੇ ਕਿਹਾ ਕਿ ਮਲੂਕਿਆ! ਤੂੰ ਬਿਮਾਰ ਹੈਂ, ਇਹ ਗੁਰੂ ਮਹਾਰਾਜ ਸਮਰੱਥ ਨੇ, ਇਹ ਇਕ ਬਚਨ ਕਰ ਦੇਣ - ਰਾਜ਼ੀ ਹੋ ਜਾਵੇਂਗਾ। ਉਹਨੂੰ ਮਿਰਗੀ ਉਠਦੀ ਸੀ। ਬੜੇ ਅਭਿਮਾਨ ਦੇ ਨਾਲ ਗਿਆ ਤੇ ਕਹਿੰਦਾ ਹੈ, ਸਾਡੇ ਪਿੰਡ ਦੇ ਖੱਤਰੀਆਂ ਦੇ ਘਰੇ ਰਹਿੰਦਾ ਹੈ, ਆਪ ਚੌਧਰੀ ਬਣਿਆ ਹੋਇਆ ਹੈ - ਇਲਾਕੇ ਦਾ। ਜਾ ਕੇ ਮਹਾਰਾਜ ਜੀ ਦੇ ਸਿਰ੍ਹਾਣੇ ਵੱਲ ਬੈਠ ਗਿਆ। ਸਾਰੀ ਸੰਗਤ ਥੱਲੇ ਬੈਠੀ ਹੈ, ਕਹਿੰਦਾ, "ਮਹਾਰਾਜ! ਮੈਂ ਇਸ ਪਿੰਡ ਦਾ ਚੌਧਰੀ ਹਾਂ ਤੇ ਮੈਂ ਤੁਹਾਡੇ ਕੋਲ ਕੰਮ ਆਇਆ ਹਾਂ।" ਮਹਾਰਾਜ ਵਿਚ ਕਿੰਨੀ ਨਿਮਰਤਾ ਸੀ ਤੇ ਸਹਿਨਸ਼ੀਲਤਾ ਸੀ, ਕਹਿੰਦੇ -

"ਦੱਸੋ ਚੌਧਰੀ ਜੀ! ਕੀ ਗੱਲ ਐ?"

"ਅੰਗਦਾ! ਮੈਨੂੰ ਮਿਰਗੀ ਪੈਂਦੀ ਹੈ ਤੇ ਪਤਾ ਲੱਗਿਆ ਹੈ ਕਿ ਤੂੰ ਹਟਾ ਦਿੰਦਾ ਹੈਂ। ਤੂੰ ਸਾਡੇ ਪਿੰਡ ਰਹਿੰਦਾ ਹੈਂ, ਮੇਰੀ ਮਿਰਗੀ ਹਟਾ ਦੇ।"

"ਚੌਧਰੀ ਮਲੂਕੇ! ਤੇਰੀ ਮਿਰਗੀ ਤਾਂ ਹਟ ਜਾਊਗੀ, ਪਰ ਤੂੰ ਸ਼ਰਾਬ ਨਾ ਪੀਵੀਂ।"

"ਚੰਗਾ।"

ਸੋ ਮਿਰਗੀ ਹਟ ਗਈ, ਸੱਤ ਅੱਠ ਸਾਲ ਲੰਘ ਗਏ।

ਇਕ ਦਿਨ ਸਤਿਸੰਗ ਹੋ ਰਿਹਾ ਹੈ ਤੇ ਓਧਰ ਇਹ ਚੁਬਾਰੇ ਦੇ ਉਤੇ ਬੈਠਾ ਹੈ - ਮੰਜਾ ਡਾਹੀਂ, ਤੇ ਸੇਵਾਦਾਰ ਨੂੰ ਕਹਿਣ ਲੱਗਿਆ, "ਦੇਖ! ਕਿਹੋ ਜਿਹੇ ਬੱਦਲ ਆ ਰਹੇ ਨੇ ਕਾਲੇ ਕਾਲੇ, ਤੇ ਤੂੰ ਬੋਤਲ ਲਿਆ ਜਾ ਕੇ।" ਕਹਿੰਦਾ, "ਚੌਧਰੀ! ਤੈਨੂੰ ਕਿਹਾ ਸੀ ਉਨ੍ਹਾਂ ਨੇ ਕਿ ਤੂੰ ਸ਼ਰਾਬ ਨਾ ਪੀਵੀਂ।" ਕਹਿੰਦਾ, "ਲੈ! ਐਵੇਂ ਮਾਰ ਦਿੱਤੀ। ਆਪੇ ਹਟ ਗਈ ਮੇਰੀ ਮਿਰਗੀ ਤਾਂ, ਸ਼ਰਾਬ ਨਾ ਪੀਣ ਨਾਲ ਕਿਤੇ ਹਟੀ ਐ? ਇਸਨੇ ਕੋਈ ਦਵਾਈ ਦਿਤੀ ਹੈ? ਇਹ ਤਾਂ ਹਟਣੀ ਹੀ ਸੀ।" ਸਭ ਕੁਛ ਭੁੱਲ ਗਿਆ। ਸ਼ਰਾਬ ਲੈ ਆਂਦੀ, ਪੀ ਲਈ ਤੇ ਪੀ ਕੇ, ਜਿਧਰ ਮਹਾਰਾਜ ਬੈਠੇ ਸਤਿਸੰਗ ਕਰਦੇ ਸੀ - ਉਸ ਪਾਸੇ ਆ ਕੇ ਨੀਵਾਂ ਹੋ ਕੇ ਕਹਿਣ ਲੱਗਿਆ, "ਓ ਅੰਗਦਾ! ਲੈ, ਅਸੀਂ ਪੀ ਲਈ।" ਮਹਾਰਾਜ ਸਹਿਜ ਸੁਭਾਅ ਕਹਿੰਦੇ, "ਲੈ ਫਿਰ ਮਿਰਗੀ ਵੀ ਆ ਗਈ।" ਬਚਨ ਨਿਕਲਣ ਦੀ ਦੇਰ ਸੀ, ਦੜੰਮ ਕਰਦਾ ਗਰਦਨ ਪਰਨੇ ਡਿੱਗ ਪਿਆ ਉਸੇ ਵੇਲੇ। ਇਹ ਅਦਬ ਬਾਰੇ ਗੱਲ ਦੱਸੀ ਐ ਕਿ ਮਹਾਰਾਜ ਐਨਾ ਚਿਰ ਰਹੇ ਉਥੇ, ਸਾਰੇ ਭਾਰਤਵਰਸ਼ ਦੀਆਂ ਸੰਗਤਾਂ ਆਉਂਦੀਆਂ ਸੀ, ਪਰ ਪੜੋਸੀ ਨੂੰ ਨਹੀਂ ਪਤਾ ਲੱਗਿਆ। ਉਹ ਕਿੱਡੀ ਬੇ-ਅਦਬੀ ਨਾਲ ਬੋਲਦਾ ਹੈ।

ਇਹ ਪਿੰਡ ਦਿਆ ਨੂੰ ਨਹੀਂ ਪਤਾ ਲੱਗਿਆ ਕਿ ਕਿੱਡੇ ਵੱਡੇ ਪੁਰਸ਼, ਆਪ ਅਕਾਲ ਪੁਰਖ ਨਿਰੰਕਾਰ ਸਾਡੇ ਨਗਰ ਵਿਚ ਆ ਕੇ ਬੈਠੇ ਨੇ ਕਿ ਕੋਈ ਮਾੜੀ-ਮੋਟੀ ਇੱਜ਼ਤ ਕਰੀਏ, ਚਾਰ ਮੱਝਾਂ ਦਾ ਦੁੱਧ ਹੀ ਦੇ ਆਇਆ ਕਰੀਏ, ਚਾਰ ਸੇਰ ਦਾਣੇ ਹੀ ਦੇ ਆਇਆ ਕਰੀਏ। ਨਾ, ਕੁਛ ਨਹੀਂ ਦੇਣਾ, ਸਗੋਂ ਉਹ ਤਪੇ ਕੋਲ ਲੈ ਜਾਣਾ। ਉਹ ਸ਼ਰਾਬ ਪੀ ਲੈਂਦਾ ਸੀ - ਅੰਦਰ ਵੜ ਕੇ, ਤੇ

ਈਰਖਾ ਐਡੀ ਸੀ ਕਿ ਗੁਰੂ ਮਹਾਰਾਜ ਵੱਲ ਆਉਣ ਹੀ ਨਹੀਂ ਸੀ ਦਿੰਦਾ। ਰੋਜ਼ ਅਣਹੋਈਆਂ ਗੱਲਾਂ ਕਰਨੀਆਂ। ਈਰਖਾ, ਨਿੰਦਿਆ ਐਸੀ ਚੀਜ਼ ਹੈ, ਸਾਧਸੰਗਤਿ ਜੀ! ਕਿ ਕੋਈ ਨਿੰਦਿਆ ਕਰ ਲਓ, ਦੂਸਰੇ ਦੇ ਮਨ ਵਿਚ ਗੱਲ ਪਾ ਦਿਓ, ਉਹ ਨਾ ਤਾਂ ਉਸ ਨੂੰ ਸਾਫ ਕਰ ਸਕੇ ਤੇ ਨਾ ਜਾਵੇ - ਉਥੇ ਹੀ ਰੁਕ ਜਾਵੇਗਾ। ਇਸ ਕਰਕੇ ਇਹਦਾ ਸਭ ਤੋਂ ਵੱਡਾ ਪਾਪ ਹੈ -

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ - ੭੫੫***

ਕਹਿਣ ਲੱਗੇ, "ਫਿਰ ਤਪਾ ਜੀ! ਕਿਵੇਂ ਕਰੀਏ? ਮੀਂਹ ਪੁਆਉ, ਅਸੀਂ ਤਾਂ ਬਹੁਤ ਔਖੇ ਹਾਂ।" ਕਹਿੰਦਾ, "ਮੈਂ ਕਿਵੇਂ ਮੀਂਹ ਪੁਆਵਾਂ? ਜਿੰਨਾ ਚਿਰ ਇਹ ਪਿੰਡ ਵਿਚ ਹੈ - ਮੈਂ ਨਹੀਂ ਪੁਆ ਸਕਦਾ। ਜੇ ਤੁਹਾਡੇ ਵਿਚ ਹਿੰਮਤ ਹੈ ਤਾਂ ਕੱਢ ਦਿਓ। ਜਦੇ ਲਓ, ਮੀਂਹ ਆਇਆ।" ਇਹ ਕੱਠੇ ਹੋ ਕੇ, ਤਕੜੇ ਹੋ ਕੇ ਮਹਾਰਾਜ ਜੀ ਵੱਲ ਆ ਗਏ ਤੇ ਕਹਿੰਦੇ ਕਿ ਜੇ ਉਂਞ ਨਾ ਨਿਕਲੇ ਤਾਂ ਬਾਂਹ ਤੋਂ ਫੜ ਕੇ ਆਪਾਂ ਕੱਢ ਦਿਆਂਗੇ। ਕੋਈ ਗੱਲ ਨਹੀਂ, ਕਿੰਨਾ ਕੁ ਜ਼ੋਰ ਹੋਵੇਗਾ। ਇਹਤੋਂ ਤਾਂ ਮਾੜੇ ਨਹੀਂ ਆਪਾਂ। ਇਹੀ ਅਭਿਮਾਨ ਹੋਇਆ ਕਰਦਾ ਹੈ ਕਿਉਂਕਿ ਸਾਰ ਨਹੀਂ ਜਾਣਦੇ -

***ਧਾਰਨਾ- ਨਹੀਓਂ ਜਾਣਦੇ ਮੂਰਖ***
***ਸਾਰ ਗੁਰਾਂ ਦੀ - ੨.***

ਨਹੀਂ ਜਾਣਦੇ ਕਿ 'ਸਤਿਗੁਰ ਪੁਰਖ ਅਗੰਮ ਹੈ ਨਿਰਵੈਰੁ ਨਿਰਾਲਾ।' ਐਸ ਗੱਲ ਦਾ ਨਹੀਂ ਪਤਾ, ਮਾਮੂਲੀ ਆਦਮੀ ਸਮਝਦੇ ਨੇ ਕਿ ਐਵੇਂ ਹੀ ਬੈਠਾ ਹੈ; ਲੋਕ ਕਮਲੇ ਨੇ ਜਿਹੜੇ ਇਹਦੇ ਕੋਲ ਆਈ ਜਾਂਦੇ ਨੇ।

ਸੋ ਉਹ ਤਕੜੇ ਹੋ ਕੇ ਆ ਕੇ ਕਹਿਣ ਲੱਗੇ, "ਅਸੀਂ ਤੁਹਾਨੂੰ ਇਕੋ ਗੱਲ ਦਸਦੇ ਹਾਂ, ਅਸੀਂ ਮਤਾ ਪਕਾ ਲਿਆ ਸਾਰਿਆਂ ਨੇ ਕਿ ਸਾਨੂੰ ਹੈ ਮੀਂਹ ਦੀ ਲੋੜ, ਜੇ ਮੀਂਹ ਨਾ ਪਿਆ, ਸਾਡੀਆਂ ਫਸਲਾਂ ਖਤਮ ਹੋ ਜਾਣਗੀਆਂ ਤੇ ਸਾਨੂੰ ਪਿੰਡ ਛੱਡ ਕੇ ਉਜੜਨਾ ਪਊ। ਤੁਸੀਂ ਪਿੰਡ ਵਿਚ ਰਹਿੰਦੇ ਹੋਂ, ਇਸ ਕਰਕੇ ਮੀਂਹ ਜ਼ਰੂਰ ਪੁਆਉਣਾ ਪਊ। ਜੇ ਨਹੀਂ ਪੁਆਉਣਾ ਤਾਂ ਵੀ ਅਸੀਂ ਫੈਸਲਾ ਕਰਕੇ ਆਏ ਹਾਂ ਕਿ ਤੁਹਾਨੂੰ ਇਸ ਪਿੰਡ ਵਿਚ ਰਹਿਣ ਨਹੀਂ ਦੇਣਾ ਤੇ ਨਾ ਏਥੇ ਮੁੜ ਕੇ ਵੜਨ ਦੇਣਾ ਹੈ। ਸਾਨੂੰ ਤਪੇ ਨੇ ਦੱਸਿਆ ਹੈ ਕਿ ਤੁਹਾਡੇ ਕਰਕੇ ਹੀ ਨਹੀਂ ਮੀਂਹ ਪੈਂਦਾ। ਤੁਸੀਂ ਪਾਪ ਕਰਦੇ ਹੋ, ਗ੍ਰਹਿਸਥੀ ਹੋ ਕੇ ਪੂਜਾ ਕਰਾਉਂਦੇ ਹੋ।" ਮਹਾਰਾਜ ਕਹਿੰਦੇ, "ਪ੍ਰੇਮੀਓਂ! ਕੋਈ ਗੱਲ ਨਹੀਂ, ਜੇ ਸਾਡੇ ਜਾਣ ਨਾਲ ਬਾਰਿਸ਼ ਪੈ ਜਾਵੇ, ਤਾਂ ਅਸੀਂ ਤਾਂ ਖੁਸ਼ੀ-ਖੁਸ਼ੀ ਜਾਣ ਨੂੰ ਤਿਆਰ ਹਾਂ।" ਕਹਿੰਦੇ, "ਖੁਸ਼ੀ ਹੋ ਕੇ ਜਾਉ - ਔਖੇ ਹੋ ਕੇ ਜਾਉ; ਨਹੀਂ ਜਾਓਂਗੇ ਤਾਂ ਅਸੀਂ ਕੱਢ ਦਿਆਂਗੇ। ਚਾਰ ਆਦਮੀ ਤੁਹਾਨੂੰ ਫੜ ਲੈਣਗੇ ਬਾਹਾਂ ਤੋਂ, ਤੇ ਪਿੰਡ ਵਿਚੋਂ ਬਾਹਰ ਕੱਢ ਕੇ ਆਵਾਂਗੇ।" ਮਹਾਰਾਜ ਕਹਿੰਦੇ, "ਅਸੀਂ ਤਾਂ ਆਪ ਹੀ ਜਾਣ ਨੂੰ ਤਿਆਰ ਹਾਂ।"

ਕਿੱਡਾ ਜਿਗਰਾ ਹੈ, ਸਾਧ ਸੰਗਤਿ ਜੀ! ਸਾਰੀ ਦੁਨੀਆਂ ਦੇ ਮਾਲਕ, ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ, ਜਿਸਦੀ ਕਿਰਿਆ ਨੂੰ ਕੋਈ ਜਾਣਦਾ ਨਹੀਂ ਹੈ, ਐਸਾ ਫੁਰਮਾਨ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ॥***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ॥***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥***
***ਸੇਵਕ ਦਰਗੇ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ, ਵਾਰ ੩੪/੧***

ਐਸਾ ਹੈ ਉਹ, ਜਿਸ ਦੀ ਕਿਰਿਆ ਅਗੰਮ ਹੈ, ਸਮਝ ਤੋਂ ਪਰ੍ਹੇ ਹੈ, ਨਿਰਵੈਰ ਹੈ, ਨਿਰਾਲਾ ਹੈ, ਕੋਈ ਵੈਰ ਨਹੀਂ ਹੈ - ਮਨ ਦੇ ਅੰਦਰ, ਕਿ ਉਹ ਤਪਾ ਭੇਜ ਰਿਹਾ ਹੈ - ਸਿਖਾ ਕੇ। ਫਿਰ ਤਪੇ ਲਈ ਕੋਈ ਸ਼ਿਕਵਾ ਨਹੀਂ ਕਿ ਪ੍ਰੇਮੀਓਂ! ਤੁਹਾਨੂੰ ਤਪਾ ਐਵੇਂ ਹੀ ਕਹਿੰਦਾ ਹੈ। ਇਹ ਗੱਲ ਨਹੀਂ ਹੈ ਕਿ ਤਾਕਤ ਨਹੀਂ ਸੀ - ਅੰਦਰ। ਇਕ ਫੁਰਨਾ ਕਰ ਦਿੰਦੇ - ਸਾਰੇ ਦੇਸ ਵਿੱਚ ਮੀਂਹ ਪੈ ਜਾਣਾ ਸੀ ਲੇਕਿਨ ਹੱਦ ਤੋਂ ਜ਼ਿਆਦਾ ਖਿਮਾ ਦੇ ਭੰਡਾਰ ਸੀ। ਕਹਿਣ ਲੱਗੇ, "ਅੱਛਾ ਪ੍ਰੇਮੀਓਂ! ਤੁਹਾਨੂੰ ਨਹੀਂ ਖੇਚਲ ਕਰਨ ਦੀ ਲੋੜ ਕਿ ਤੁਸੀਂ ਬਾਹਾਂ ਤੋਂ ਫੜ ਕੇ ਬਾਹਰ ਕੱਢੋ। ਅਸੀਂ ਆਪੇ ਹੀ ਜਾਂਦੇ ਹਾਂ।" ਸਿੱਖਾਂ ਨੂੰ ਕਹਿੰਦੇ, "ਚਲੋ ਚੱਲੀਏ।" ਕਹਿੰਦੇ, "ਮਹਾਰਾਜ ਜੀ! ਕੀ ਚੁੱਕੀਏ?" ਮਹਾਰਾਜ ਕਹਿੰਦੇ, "ਕੁਛ ਨਹੀਂ ਚੁੱਕਣਾ।" ਇਕ ਪਲੰਘ ਲੈ ਲਿਆ - ਸਿੱਖਾਂ ਨੇ, ਬਾਕੀ ਘਰ ਭਰਿਆ ਹੀ ਛੱਡ ਦਿੱਤਾ। ਕਹਿੰਦੇ, "ਕੋਈ ਨਹੀਂ, ਇਨ੍ਹਾਂ ਪ੍ਰੇਮੀਆਂ ਦੇ ਕੰਮ ਆ ਜਾਏਗਾ।" ਚਲੇ ਗਏ, ਜਾ ਕੇ ਮਹਾਰਾਜ ਜੀ ਰੋਹੀ ਵਿਚ - ਇਕ 'ਖਾਨ ਰਜ਼ਾਦਾ' ਪਿੰਡ ਸੀ - ਜੰਗਲ ਵਿਚ - ਬੈਠ ਗਏ। ਮਹਾਰਾਜ ਕਹਿੰਦੇ, "ਭਾਈ, ਐਥੇ ਹੀ ਪਲੰਘ ਡਾਹ ਦਿਓ, ਏਥੇ ਹੀ ਆਪਾਂ ਦਰਖਤਾਂ ਦੀ ਛਾਵੇਂ ਬਹਿ ਜਾਂਦੇ ਹਾਂ।" ਉਥੇ ਬੈਠ ਗਏ, ਪਿੰਡ ਵਾਲਿਆਂ ਨੂੰ ਪਤਾ ਲੱਗਿਆ, ਹੈਰਾਨ ਹੋ ਗਏ ਕਿ ਗੁਰੂ ਅੰਗਦ ਸਾਹਿਬ ਨੂੰ, ਸਾਰੀ ਸ੍ਰਿਸ਼ਟੀ ਦੇ ਮਾਲਕ ਨੂੰ ਇਉਂ ਨਿਰਾਦਰ ਕਰਕੇ ਕੱਢ ਦਿਤਾ ਇਨ੍ਹਾਂ ਮੂਰਖਾਂ ਨੇ। ਸਾਰਾ ਪਿੰਡ ਆ ਗਿਆ, "ਪਾਤਸ਼ਾਹ! ਦੇਖਿਓ, ਪਿੰਡ ਨਾ ਛੱਡ ਦਿਓ! ਇਲਾਕਾ ਨਾ ਛੱਡਿਓ! ਇਲਾਕਾ ਤੁਹਾਡੀ ਬਦੌਲਤ ਹੀ ਵਸ ਰਿਹਾ ਹੈ, ਨਹੀਂ ਤਾਂ ਉਜੜ ਜਾਣਗੇ - ਕ੍ਰਿਪਾ ਕਰੋ।" ਮਹਾਰਾਜ ਜੀ ਇਕ ਰਸ ਬਿਰਤੀ ਵਿਚ ਬੈਠੇ ਨੇ, ਉਥੇ ਹੀ ਸਤਿਸੰਗ ਸ਼ੁਰੂ ਹੋ ਗਿਆ। ਤੇ ਐਧਰਲੇ ਪਾਸੇ ਉਹ ਤਪੇ ਕੋਲ ਆ ਗਏ, ਕਹਿਣ ਲੱਗੇ, "ਕੱਢ ਆਏ ਹਾਂ ਅਸੀਂ ਉਹਨੂੰ।" ਕਹਿੰਦਾ, "ਮੀਂਹ ਵੀ ਆ ਗਿਆ ਸਮਝੋ।" ਅੰਦਰ ਬੈਠ ਗਿਆ, ਖਾਂਦਾ ਹੈ, ਪੀਂਦਾ ਹੈ, ਖੁਸ਼ ਹੋ ਗਿਆ ਕਿ ਚੰਗਾ ਹੋਇਆ। ਹੁਣ ਨਹੀਂ ਆਉਣਾ ਮੁੜ ਕੇ ਉਹਨੇ। ਹੁਣ ਇਹ ਪਿੰਡ ਤਾਂ ਮੇਰਾ ਸੇਵਕ ਬਣ ਗਿਆ ਸਾਰਾ। ਸੋ ਇੰਨੇ ਨੂੰ ਇਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਕਹਿੰਦੇ, "ਮੀਂਹ?" ਤਪਾ ਕਹਿੰਦਾ, "ਮੀਂਹ ਮੇਰੇ ਹੱਥ ਵਿਚ ਹੈ? ਮੈਂ ਮੰਤਰ ਪੜ੍ਹਦਾ ਹਾਂ, ਔਹ ਬੱਦਲ ਮੈਨੂੰ ਦਿਸਦੇ ਨੇ ਉਠਦੇ - ਆਏ ਕਿ ਆਏ।" ਤੀਸਰਾ ਦਿਨ ਵੀ ਲੰਘ ਗਿਆ। ਕਹਿੰਦੇ, "ਤਪਾ ਜੀ! ਫਸਲਾਂ ਤਾਂ ਗਈਆਂ ਥੱਲੇ, ਸਿਉਂਕ ਲਗ ਗਈ ਚੜ੍ਹਨ ਫਸਲਾਂ ਨੂੰ, ਪੱਤੇ ਜਲ ਗਏ ਤੇ ਝੜਨੇ ਸ਼ੁਰੂ ਹੋ ਗਏ।" ਕਹਿਣ ਲੱਗਿਆ, "ਆ ਗਿਆ ਮੀਂਹ।" ਚੌਥਾ ਦਿਨ ਲੰਘ ਗਿਆ, ਪੰਜਵਾਂ ਵੀ ਲੰਘ ਗਿਆ ਤੇ ਜਿਉਂ-ਜਿਉਂ ਦਿਨ ਲੰਘਦੇ ਜਾਂਦੇ ਨੇ, ਉਹ ਕਾਹਲੇ ਪੈਂਦੇ ਜਾਂਦੇ ਨੇ। ਕਈਆਂ ਨੇ ਸੋਚਿਆ ਕਿ ਕਿਤੇ ਆਪਾਂ

ਪਾਪ ਹੀ ਤਾਂ ਨਹੀਂ ਕਰ ਦਿਤਾ? ਉਹ ਕਿਸੇ ਨੂੰ ਕੀ ਕਹਿੰਦੇ ਸੀ? ਆਪਾਂ ਕਿੰਨੇ ਖਰ੍ਹਬੇ ਹੋ ਕੇ, ਕਿੰਨਾ ਔਖੇ ਹੋ ਕੇ ਬੋਲੇ ਉਨ੍ਹਾਂ ਨੂੰ! ਭੋਰਾ ਵੀ ਆਦਰ ਨਹੀਂ ਕਰਿਆ, ਐਸੇ ਲਾਲਚ ਵਿਚ ਪਏ ਹਾਂ - ਮੀਂਹ ਦੇ। ਫੇਰ ਚਲੇ ਗਏ, ਕਹਿੰਦੇ, "ਤਪਾ ਜੀ! ਤੁਹਾਡੇ ਕਰਕੇ ਤਾਂ ਅਸੀਂ ਗੁਰੂਆਂ ਨੂੰ ਵੀ ਕੱਢ ਦਿਤਾ।" ਕਹਿੰਦਾ, "ਤਾਂ ਹੀ ਤਾਂ ਮੀਂਹ ਪੈਣਾ ਹੈ। ਕਿਉਂ ਐਵੇਂ ਕਮਲੇ ਹੁੰਦੇ ਹੋ? ਤੁਸੀਂ ਮੇਰੇ ਸਿੱਖ ਹੋ ਕਿ ਨਹੀਂ?" ਕਹਿੰਦੇ, "ਹਾਂ ਤਾਂ ਤੇਰੇ ਸਿੱਖ, ਪਰ ਮੀਂਹ ਜ਼ਰੂਰ ਪੁਆਉ। ਦੁੱਧ ਤੁਹਾਡੇ ਤਾਂ ਹੀ ਲਿਆਵਾਂਗੇ ਜੇ ਮੱਝਾਂ ਨੂੰ ਖਾਣ ਨੂੰ ਪੱਠੇ ਮਿਲਣਗੇ।" ਅਗਲਾ ਦਿਨ ਵੀ ਲੰਘ ਗਿਆ।

ਐਨੇ ਨੂੰ ਬਾਬਾ ਅਮਰਦਾਸ ਜੀ ਮਹਾਰਾਜ - ਆਪ ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ ਆਏ। ਅੱਗੇ ਦੇਖਦੇ ਨੇ ਕਿ ਕੋਈ ਚਹਿਲ-ਪਹਿਲ ਨਹੀਂ ਹੈ, ਇਹ ਕੀ ਹੋ ਗਿਆ, ਕਿਥੇ ਚਲੇ ਗਏ ਸਾਰੇ? ਜਿਥੇ ਮਹਾਰਾਜ ਜੀ ਬੈਠਦੇ ਸੀ, ਦਰਵਾਜ਼ੇ ਖੁੱਲੇ ਪਏ ਨੇ ਸਾਰੇ। ਇਕ ਸਿੱਖ ਬੈਠਾ ਹੈ ਓਥੇ - ਬੜੇ ਵੈਰਾਗ ਵਿਚ ਬੈਠਾ ਹੈ। ਬਾਬਾ ਜੀ ਨੇ ਪੁੱਛਿਆ, "ਕੀ ਗੱਲ ਹੋਈ?" ਕਹਿਣ ਲੱਗਿਆ, "ਗੱਲ ਕੀ ਹੋਈ। ਇਨ੍ਹਾਂ ਮੂਰਖਾਂ ਨੇ ਗੁਰੂ ਮਹਾਰਾਜ ਦਾ ਬਹੁਤ ਨਿਰਾਦਰ ਕਰਿਐ। ਏਥੋਂ ਤਕ ਆ ਗਏ ਕਿ ਅਸੀਂ ਬਾਂਹ ਤੋਂ ਫੜ ਕੇ ਕੱਢ ਦਿਆਂਗੇ। ਮਹਾਰਾਜ ਕਹਿੰਦੇ, ਅਸੀਂ ਤਾਂ ਆਪ ਹੀ ਚਲੇ ਜਾਂਦੇ ਹਾਂ।" ਬਾਬਾ ਜੀ ਕਹਿੰਦੇ, "ਹੈਂ! ਐਡੀ ਹਿੰਮਤ ਐਡੇ ਸਮਰੱਥ ਪੁਰਸ਼ਾਂ ਦੇ ਨਾਲ ਐਸ ਤਰ੍ਹਾਂ ਇਹ ਸੰਸਾਰ ਬਿਹਾਰ ਕਰਦਾ ਹੈ। ਕਹਿੰਦੇ, "ਗੱਲ ਦੱਸ ਮੈਨੂੰ ਸਾਰੀ ਖੋਲ੍ਹ ਕੇ।" ਸਾਰੀ ਗੱਲ ਦੱਸੀ।

ਸਿੱਖ ਨੂੰ ਸਭ ਮਾੜੀਆਂ ਗੱਲਾਂ ਸਹਿਣੀਆਂ ਸੁਖਾਲੀਆਂ ਨੇ। ਜੇ ਨਹੀਂ ਸਹਿ ਸਕਦਾ ਤਾਂ ਗੁਰੂ ਦੀ ਨਿੰਦਿਆ ਨਹੀਂ ਸਹਿ ਸਕਦਾ। ਐਹ ਗੱਲ ਸਿੱਖ ਵਾਸਤੇ ਮੌਤ ਹੈ। ਸਾਧ ਸੰਗਤਿ ਜੀ! ਮਹਾਂਪੁਰਸ਼ਾਂ ਦੀ - ਆਪਣਿਆਂ ਦੀ, ਗੁਰੂ ਦੀ ਨਿੰਦਿਆ, ਤੇ ਉਸ ਵੇਲੇ ਜਦੋਂ ਐਸਾ ਹਾਲ ਹੋਵੇ ਤਾਂ ਉਹਦੀ ਜ਼ਬਾਨ ਤੇ ਆ ਕੇ ਪ੍ਰਮੇਸ਼ਰ ਬਹਿ ਜਾਇਆ ਕਰਦਾ ਹੈ। ਜੇ ਉਹਦੇ ਕੋਲੋਂ ਕੋਈ ਬਚਨ ਹੋ ਜਾਵੇ, ਉਹ ਟਲਿਆ ਨਹੀਂ ਕਰਦਾ। ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਸੇ ਬਚਨ ਹੋਵੰਦੇ,***
***ਭਗਤ ਮੁਖੈ ਤੇ ਬੋਲਦੇ - ੨, ੨.***

***ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥***
***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥***
***ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥***
***ਅੰਗ - ੩੦੬***

ਕਹਿੰਦੇ, ਇਉਂ ਨਹੀਂ ਕਿ ਅੰਦਰ ਹੀ ਅੰਦਰ ਰਹਿੰਦਾ ਹੈ। ਪ੍ਰਗਟ ਹੋ ਜਾਂਦਾ ਹੈ ਤੇ ਸਾਰੀ ਦੁਨੀਆਂ ਦੇਖਦੀ ਹੈ। ਗੁਰੂ ਦੀ ਨਿੰਦਿਆ ਸੁਣ ਕੇ ਸਿੱਖ ਦੇ ਮੁੱਖ 'ਚੋਂ ਕੋਈ ਬਚਨ ਨਿਕਲ ਜਾਵੇ - ਮਹਾਤਮਾ ਦੀ ਨਿੰਦਿਆਂ ਸੁਣ ਕੇ; ਉਹਦੇ ਪਿਆਰ ਕਰਨ ਵਾਲੇ ਦੇ ਮੁੱਖ 'ਚੋਂ ਕੋਈ ਬਚਨ ਨਿਕਲ ਜਾਵੇ, ਉਹ ਬਚਨ ਕਦੇ ਨਹੀਂ ਆਹਲਾ ਜਾਂਦਾ - ਨਹੀਂ ਟਲਦਾ। ਉਹ ਤਾਂ ਜਿਵੇਂ ਕੋਈ ਬਾਣ ਮਾਰਦਾ ਹੈ, ਇਸ ਤਰ੍ਹਾਂ ਲਗਦਾ ਹੈ। ਐਸੀਆਂ ਬਹੁਤ ਸਾਰੀਆਂ ਬਾਤਾਂ ਸਾਡੇ ਦੇਖਣ ਵਿਚ ਆਈਆਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਅਮਰਦਾਸ ਜੀ ਮਹਾਰਾਜ ਕਹਿਣ ਲੱਗੇ, "ਹੈਂ! ਐਨੀ ਹਿੰਮਤ! ਫੇਰ ਮਹਾਰਾਜ ਜੀ ਨੇ ਕੋਈ ਬਚਨ ਨਹੀਂ ਕਰਿਆ?" ਨਹੀਂ ਮਹਾਰਾਜ! ਉਹ ਤਾਂ ਇਉਂ ਸੀਗੇ ਜਿਵੇਂ ਕਿਸੇ ਨੇ ਕੁਛ ਕਿਹਾ ਹੀ ਨਹੀਂ ਹੁੰਦਾ। ਉਹ ਤਾਂ ਕਹਿੰਦੇ ਸੀ, ਭਾਈ! ਜੇ ਸਾਡੇ ਗਿਆਂ ਤੇ ਮੀਂਹ ਪੈ ਜਾਵੇ, ਤੁਹਾਡਾ ਭਲਾ ਹੋ ਜਾਵੇ ਤਾਂ ਸਾਡਾ ਜਾਣਾ ਜ਼ਰੂਰੀ ਬਣਦਾ ਹੈ ਕਿਉਂਕਿ ਅਸੀਂ ਤਾਂ ਭਲਾ ਹੀ ਕਰਨਾ ਹੈ। ਕੋਈ ਗੱਲਮਨਹੀਂ ਕਰੀ, ਕੋਈ ਚੀਜ਼ ਨਹੀਂ ਚੁੱਕੀ ਅਤੇ ਇਹ ਲੋਕ ਖੁਸ਼ ਹੋ ਕੇ ਮਹਾਰਾਜ ਦਾ ਨਿਰਾਦਰ ਕਰਦੇ ਰਹੇ, ਨਾਲ ਕਹਿੰਦੇ ਰਹੇ ਕਿ ਫੇਰ ਨਹੀਂ ਏਥੇ ਮੁੜ ਕੇ ਆਉਣਾ। ਦੇਖ ਲਓ, ਗੱਲ ਤੁਹਾਨੂੰ ਸੱਚੀ ਦੱਸ ਦਿਤੀ।" ਬਾਬਾ ਜੀ ਕਹਿੰਦੇ -

"ਹੁਣ ਕਿਥੇ ਨੇ ਮਹਾਰਾਜ?"

"ਸੁਣਿਐ ਕਿ ਖਾਨ-ਰਜ਼ਾਦੇ ਪਿੰਡ ਦੀ ਜਿਹੜੀ ਜੂਹ ਹੈ, ਉਥੇ ਜਾ ਕੇ ਬੈਠੇ ਨੇ। ਉਸ ਪਿੰਡ ਦੇ ਪ੍ਰੇਮੀਆਂ ਨੇ ਰੋਕ ਲਿਆ ਤੇ ਉਥੇ ਹੀ ਬੰਨ੍ਹੇ ਬੈਠੇ ਨੇ ਪਿਆਰ ਦੇ ਵਿੱਚ - ਬਾਹਰ ਰੋਹੀ ਵਿਚ।"

"ਮੀਂਹ ਵਾਸਤੇ? ਐਥੇ ਬੁਲਾਉ ਕਿਸੇ ਨੂੰ।"

ਬੁਲਾ ਲਿਆ ਤੇ ਬਾਬਾ ਜੀ ਕਹਿਣ ਲੱਗੇ -

"ਭਾਈ! ਕਿੱਡਾ ਨਿਰਾਦਰ ਕਰਿਐ ਗੁਰੂ ਜੀ ਦਾ; ਹੁਣ ਮੀਂਹ ਪੁਆ ਲਿਆ ਤੁਸੀਂ?"

"ਜੀ, ਮੀਂਹ ਤਾਂ ਪਿਆ ਨਹੀਂ। ਅਸੀਂ ਵੀ ਸੋਚਦੇ ਹਾਂ ਕਿ ਮਹਾਰਾਜ ਨੂੰ ਵੀ ਕੱਢਿਆ - ਮਾੜਾ ਕੰਮ ਹੋਇਆ।"

"ਹੁਣ ਲਿਆ ਬੁਲਾ ਕੇ ਚੌਧਰੀਆਂ ਨੂੰ।"

ਸਾਰੇ ਹੀ ਬੁਲਾ ਲਏ ਤੇ ਬਹੁਤ ਰੋਹਬ ਵਿਚ ਬੋਲੇ -

"ਕਿਉਂ ਭਾਈ! ਮੀਂਹ ਪੁਆ ਦਿਤਾ - ਤਪੇ ਨੇ? ਪੁਆ ਦਊਗਾ?"

"ਬਾਬਾ! ਮੀਂਹ ਤਾਂ ਪੁਆਇਆ ਨਹੀਂ।"

"ਫੇਰ ਤੁਸੀਂ ਇਹ ਜਿਹੜੀ ਗੱਲ ਕੀਤੀ ਹੈ, ਚੰਗੀ ਕੀਤੀ ਹੈ ਕਿ ਮਾੜੀ?"

"ਹੁਣ ਤੁਸੀਂ ਇਹ ਜਿਹੜੀ ਗੱਲ ਕੀਤੀ ਹੈ, ਚੰਗੀ ਕੀਤੀ ਹੈ ਕਿ ਮਾੜੀ?"

"ਹੁਣ ਸਾਨੂੰ ਲੱਗਣ ਲੱਗ ਗਈ ਕਿ ਮਾੜੀ ਕੀਤੀ - ਅਸੀਂ ਐਵੇਂ ਹੀ ਕੀਤੀ।"

"ਫੇਰ ਮੀਂਹ ਪੁਆਉਣਾ ਹੈ?"

"ਹਾਂ ਮਹਾਰਾਜ! ਮੀਂਹ ਤਾਂ ਸਾਨੂੰ ਜ਼ਰੂਰ ਚਾਹੀਦਾ ਹੈ।"

"ਫਿਰ ਸੁਣੋ! ਦਿਨ ਰਹਿ ਗਿਆ ਥੋੜ੍ਹਾ; ਇਹ ਤਪੇ ਨੂੰ ਜਿਹੜੇ ਜਿਹੜੇ ਖੇਤ ਵਿਚ ਫੜ ਕੇ ਲੈ ਜਾਉਂਗੇ, ਉਸ ਖੇਤ ਦੇ ਚਾਰਾਂ ਬੰਨਿਆਂ ਦੇ ਵਿਚ-ਵਿਚ ਮੀਂਹ ਪਊਗਾ - ਬਾਹਰ ਨਹੀਂ ਪੈਣਾ।"

ਬਚਨ ਕਰ ਦਿਤਾ, ਸਾਧ ਸੰਗਤਿ ਜੀ - 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥'

ਹੁਣ ਪ੍ਰਕ੍ਰਿਤੀ ਨੂੰ ਕਿੰਨਾ ਔਖਾ ਹੋ ਗਿਆ - ਇਕ ਖੇਤ ਵਿਚ ਮੀਂਹ ਪਾਉਣਾ। ਸਿੱਧਾ ਪੈਣੈ ਤੇ ਨਾਲ ਦੇ ਖੇਤ ਵਿਚ ਇਕ ਛਿੱਟ ਵੀ ਨਹੀਂ ਪੈਣੀ। ਕਿੱਡਾ ਕਰੜਾ ਬਚਨ ਕਰ ਦਿਤਾ। ਮੰਨਦੀ ਹੈ ਪ੍ਰਕਿਰਤੀ। ਪ੍ਰਕਿਰਤੀ ਦੀ ਤਾਕਤ ਨਹੀਂ ਕਿ ਮਹਾਤਮਾ ਦੇ ਮੁੱਖ ਵਿਚੋਂ ਬਚਨ ਨਿਕਲ ਜਾਵੇ ਤੇ ਪ੍ਰਕਿਰਤੀ ਉਹਦੇ ਮੂਹਰੇ ਰਾਹ ਰੋਕ ਕੇ ਖੜ੍ਹ ਜਾਵੇ।

ਇਕ ਸੰਤ ਫਕੀਰ ਦਾਸ ਜੀ ਹੋਏ ਨੇ - ਡੇਰਾ ਬਾਬਾ ਨਾਨਕ! ਮੱਝਾਂ ਚਾਰਦੇ-ਚਾਰਦੇ ਟੋਭੇ ਵਿਚ ਬਠਾਲ ਦਿਤੀਆਂ। ਪਾਣੀ ਹੈ ਨਹੀਂ ਸੀ ਤੇ ਮੱਝਾਂ ਲਿਬੜ ਗਈਆਂ - ਗਾਰੇ ਨਾਲ। ਮੂੰਹ ਕਰ ਲਿਆ - ਰਾਵੀ ਵੱਲ ਨੂੰ। ਕਹਿੰਦੇ, ਓ ਰਾਵੀਏ! ਸਾਡੇ ਪਿੰਡ ਦੇ ਟੋਭੇ ਸੁੱਕੇ ਪਏ ਨੇ, ਤੈਨੂੰ ਪਤਾ ਨਹੀਂ ਸਾਡੀਆਂ ਮੱਝਾਂ ਲਿਬੜ ਗਈਆਂ? ਭਰ ਕੇ ਜਾਹ ਪਾਣੀ ਨਾਲ। ਗਰਮੀ ਦਾ ਮਹੀਨਾ, ਪਾਣੀ ਥੱਲੇ ਚਲਦਾ ਹੈ। ਐਸਾ ਉਛਾਲਾ ਮਾਰਿਆ - ਸਾਰੇ ਟੋਭੇ ਭਰ ਦਿੱਤੇ। ਫੇਰ ਕਹਿੰਦੇ, ਐਤਕੀਂ ਹੀ ਨਹੀਂ, ਹਰ ਸਾਲ ਭਰ ਕੇ ਜਾਇਆ ਕਰ - ਵਿਸਾਖ ਦੇ ਮਹੀਨੇ। ਫੇਰ ਜੇਠ ਹਾੜ੍ਹ ਲੰਘੇ ਤੇ ਮੀਂਹ ਪੈਣ ਲਗ ਜਾਂਦੇ ਨੇ। ਬਾਬਾ ਜੀ ਚੜ੍ਹਾਈ ਕਰ ਗਏ ਪਰ ਰਾਵੀ ਹਰ ਸਾਲ ਟੋਭੇ ਭਰਦੀ ਰਹੀ ਹੈ।

ਬਾਬਾ ਸਾਹਿਬ ਸਿੰਘ ਜੀ ਮਹਾਰਾਜ ਗਏ ਓਥੇ - ਇਕ ਵਾਰੀ। ਸਾਰੇ ਬੇਦੀਆਂ ਨੇ ਇਕੱਠੇ ਹੋ ਕੇ ਬੇਨਤੀ ਕਰੀ, ਜੋ ਡੇਰਾ ਬਾਬਾ ਨਾਨਕ ਦੇ ਸਨ ਕਿ ਬਾਬਾ ਜੀ! ਤੁਸੀਂ ਸਮਰੱਥ ਪੁਰਸ਼ ਹੋ, ਤੇ ਗੁਰੂ ਨਾਨਕ ਦਾ ਰੂਪ ਹੋ ਆਪ। ਐਥੇ ਫਕੀਰ ਦਾਸ ਜੀ ਇਕ ਸੰਤ ਹੋਏ ਨੇ ਬੇਦੀਆਂ ਵਿਚੋਂ, ਉਨ੍ਹਾਂ ਨੇ ਰਾਵੀ ਨੂੰ ਕਹਿ ਦਿਤਾ ਸੀ ਤੇ ਓਦੋਂ ਤੋਂ ਹਰ ਸਾਲ ਰਾਵੀ ਉਛਲਦੀ ਹੈ ਤੇ ਸਾਡੇ ਘਰਾਂ ਵਿਚ ਪਾਣੀ ਵੜ ਜਾਂਦਾ ਹੈ; ਕੋਈ ਬਾਨ੍ਹਣੂ ਬੰਨ੍ਹੋ। ਕਹਿੰਦੇ, ਕੜਾਹ ਪ੍ਰਸਾਦ ਦੀ ਦੇਗ ਤਿਆਰ ਕਰੋ, ਆਪਾਂ ਨਿਮ੍ਰਤਾ ਨਾਲ ਕਹਾਂਗੇ। ਉਨ੍ਹਾਂ ਨੇ ਹੁਕਮ ਦਿਤਾ ਸੀ। ਦੇਗ ਬਣਾ ਕੇ ਰਾਵੀ ਦੇ ਕੰਢੇ ਤੇ ਲੈ ਗਏ। ਅਰਦਾਸ ਕਰੀ ਕਿ ਲੈ ਰਾਵੀਏ। ਇਕ ਸੰਤ ਤੈਨੂੰ ਕਹਿ ਗਿਆ ਸੀ ਕਿ ਹਰ ਸਾਲ ਪਾਣੀ ਭਰ ਕੇ ਜਾਇਆ ਕਰੀਂ, ਤੇ ਇਕ ਹੁਣ ਕਹਿੰਦਾ ਹੈ ਕਿ ਪਾਣੀ ਆਪਣੇ ਕੰਢਿਆਂ ਵਿਚ ਹੀ ਰੱਖੀਂ, ਮੁੜ ਕੇ ਡੇਰਾ ਬਾਬਾ ਬਾਬਕ ਨਾ ਆਈ। ਸੋ ਅੱਜ ਤੱਕ ਨਹੀਂ ਆਈ, ਓਥੇ ਭਾਵੇਂ ਕਿੰਨਾ ਉਛਲੇ, ਕਿੰਨਾ ਹੀ ਪਾਣੀ ਆ ਜਾਵੇ - ਨਹੀਂ ਆਉਂਦੀ ਉਥੇ। ਸੋ ਇਹ ਬਚਨ ਹੁੰਦੇ ਨੇ -

***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥***
***ਅੰਗ - ੩੦੬***

ਬਾਬਾ ਅਮਰਦਾਸ ਜੀ ਨੇ ਬਚਨ ਕਰ ਦਿਤਾ ਕਿ ਉਸੇ ਖੇਤ ਵਿਚ ਮੀਂਹ ਪੈਣਾ ਹੈ, ਚਾਹੇ ਅੱਧ ਬਿੱਘੇ ਦਾ, ਚਾਹੇ ਦੋ ਬਿੱਘੇ ਦਾ, ਚਾਹੇ ਦਸ ਏਕੜ ਦਾ ਹੈ - ਜਿਥੇ ਲੈ ਜਾਉਂਗੇ, ਛੇਤੀ ਕਰੋ। ਹੁਣ ਉਹ ਓਥੇ ਜਾ ਕੇ ਹਾਕਾਂ ਮਾਰਨ ਲਗ ਗਏ, ਕਾਹਲੇ ਪਏ ਹੋਏ ਨੇ ਜੱਟ। ਮੂੰਹ-ਫੱਟ ਤਾਂ ਇਹ ਹੁੰਦੇ ਹੀ ਨੇ। ਕਹਿੰਦੇ ਨੇ - ਜੱਟ ਵਿਗਾੜੇ ਮੁਰਸ਼ਦ ਨਾਲ, ਮੁਰਸ਼ਦ ਨਾਲ ਵਿਗਾੜਨ ਨੂੰ ਇਕ ਮਿੰਟ ਲਾਉਂਦਾ ਹੈ।

ਗੁਰੂ ਦਸਮੇਂ ਪਾਤਸ਼ਾਹ ਮਹਾਰਾਜ ਨੇ ਕਿਹਾ ਸੀ, ਸਿੰਘੋ! ਸੱਤ ਦਿਨ ਠਹਿਰੋ। ਤੁਹਾਡੇ ਸਾਰੇ ਕਸ਼ਟ, ਜਿਹੜੇ ਦੋ ਢਾਈ ਸੌ ਸਾਲ ਵਿਚ ਆਉਣੇ ਨੇ - ਹੁਣੇ ਨਵਿਰਤ ਹੋ ਜਾਣਗੇ; ਨਹੀਂ ਤਾਂ ਤੁਹਾਨੂੰ ਐਨਾ ਖੁਆਰ ਹੋਣਾ ਪੈਣਾ ਹੈ। ਕਹਿੰਦੇ, "ਮਹਾਰਾਜ! ਉਹ ਤਾਂ ਅਸੀਂ ਝੱਲ ਲਵਾਂਗੇ ਪਰ ਸੱਤ ਦਿਨ ਨਹੀਂ ਹੁਣ ਸਾਥੋਂ ਕੱਟ ਹੋਣੇ।" ਮਹਾਰਾਜ ਕਹਿੰਦੇ, "ਫਿਰ ਤੁਸੀਂ ਇਉਂ ਕਰੋ! ਲਿਖ ਦਿਓ ਕਿ ਅਸੀਂ ਤੇਰੇ ਸਿੱਖ ਨਹੀਂ, ਤੂੰ ਸਾਡਾ ਗੁਰੂ ਨਹੀਂ।" ਕਾਗਜ਼ ਤੇ ਲਿਖ ਦਿਤਾ, ਫਟਾ-ਫਟ ਦਸਖਤ ਕਰ ਦਿਤੇ। ਵਿਗਾੜ ਲਈ ਸਾਰੀ ਜ਼ਿੰਦਗੀ ਦੀ ਬਣਾਈ ਹੋਈ - ਇਕ ਸਕਿੰਟ ਵਿਚ ਵਿਗਾੜ ਲਈ।

ਸੋ ਉਹ ਚਲੇ ਗਏ ਤਪੇ ਦੇ ਪਾਸ। ਅੱਗੇ ਤਾਂ 'ਤਪਾ ਜੀ - ਤਪਾ ਜੀ' ਕਰਦੇ ਸੀ, ਤੇ ਹੁਣ ਕਹਿੰਦੇ -

"ਓ ਤਪਿਆ! ਬਾਹਰ ਆ। ਹੁਣ ਦੱਸ! ਮੀਂਹ ਪੁਆਉਣਾ ਹੈ ਕਿ ਨਹੀਂ ਪੁਆਉਣਾ?"

"ਤੁਸੀਂ ਕਿਵੇਂ ਬੋਲਦੇ ਹੋ? ਤੁਹਾਨੂੰ ਹੋਸ਼ ਨਹੀਂ ਹੈ?"

"ਹੁਣ ਸਾਨੂੰ ਹੋਸ਼ ਨਹੀਂ। ਹੋਸ਼ ਜਾਂਦੀ ਰਹੀ। ਗੱਲ ਕਰ, ਮੀਂਹ ਪੁਆਉਂਦਾ ਹੈ ਕਿ ਨਹੀਂ?"

ਐਨੇ ਨੂੰ ਅੰਦਰ ਵੜ ਗਏ। ਉਹਦੇ ਸੇਵਕਾਂ ਨੂੰ ਮਾਰੇ ਧੱਕੇ, ਬਾਹਾਂ ਤੋਂ ਫੜ ਲਿਆ ਤੇ ਧੱਕੇ ਹੀ ਦਿੰਦੇ ਆਉਂਦੇ ਨੇ। ਤਪਾ ਕਹਿਣ ਲੱਗਿਆ -

"ਤੁਸੀਂ ਗੱਲ ਕਰੋ ਮੂੰਹ ਨਾਲ।"

"ਹੁਣ ਨਹੀਂ ਗੱਲ ਹੁੰਦੀ ਮੂੰਹ ਨਾਲ।"

ਫੜ ਕੇ ਜਿਹੜਾ ਮੁਖੀ ਸੀ ਉਹ ਕਹਿੰਦਾ, "ਦੇਖੋ ਭਾਈ! ਖਿਚਾ-ਖਿਚੀ ਨਾ ਕਰੋ। ਪਹਿਲਾਂ ਮੇਰਾ ਖੇਤ ਔਹ ਸਾਮ੍ਹਣੇ ਹੈ - ਮੈਨੂੰ ਲੈ ਕੇ ਜਾਣ ਦਿਓ।" ਹੁਣ ਤਪਾ ਪੈਰ ਅੜਾਉਂਦਾ ਹੈ, ਉਹ ਘੜੀਸੀ ਜਾਂਦੇ ਨੇ। ਮਹਾਰਾਜ ਕਹਿੰਦੇ, ਹੁਣ ਸੁਖ ਪਾ ਲਿਆ ਸੰਤਾਂ ਨਾਲ ਬਿਗਾੜ ਪਾ ਕੇ -

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ - ੨***

***ਸੁਖੁ ਨ ਪਾਇਨਿ ਮੁਗਧ ਨਰ***
***ਸੰਤ ਨਾਲਿ ਖਹੰਦੇ॥ ਅੰਗ - ੩੦੬***

ਜਿਹੜਾ-ਜਿਹੜਾ ਵੀ ਸੰਤਾਂ ਦੇ ਨਾਲ ਖਹਿਆ, ਉਹਦਾ ਸਰਬ-ਨਾਸ਼ ਹੀ ਹੋਇਆ -

***ਦੁਰਬਾਸਾ ਸਿਉ ਕਰਤ ਠਗਉਰੀ***
***ਜਾਦਵ ਏ ਫਲ ਪਾਏ॥ ਅੰਗ - ੬੯੩***

"ਸੰਤਨ ਸੇਤੀ ਮਸ਼ਕਰੀ ਕੁਲ ਡੂਬਣ ਕੀ ਰੀਤਿ।" ਜਿਹਨੇ ਡੁੱਬਣਾ ਹੋਵੇ, ਉਹ ਸੰਤਾਂ ਨਾਲ ਵਿਰੋਧ ਪਾ ਲਵੇ ਕਿਉਂਕਿ ਐਸਾ ਫੁਰਮਾਨ ਹੈ -

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥***
***ਹਰਣਾਖਸੁ ਦੁਸਟੁ ਹਰਿ ਮਾਰਿਆ***

*ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤਿ ਲਏ ਛਡਾਇਆ ॥ ਅੰਗ - ੪੫੧*

ਨਿੰਦਕ ਚਾਹੇ ਕਬੀਰ ਜੀ ਨਾਲ ਲੱਗੇ ਨੇ, ਚਾਹੇ ਨਾਮਦੇਵ ਜੀ ਨਾਲ, ਚਾਹੇ ਰਵਿਦਾਸ ਜੀ ਨਾਲ, ਲੱਗੇ ਨੇ, ਚਾਹੇ ਹੁਣ ਦੇ ਸੰਤਾਂ ਨਾਲ ਲੱਗੇ ਨੇ - 'ਸੰਤਨ ਸੇਤੀ ਮਸ਼ਕਰੀ ਕੁਲ ਡੂਬਣ ਕੀ ਰੀਤਿ।' ਮਹਾਰਾਜ ਕਹਿੰਦੇ, ਜਿਹਨੇ ਮਰਨਾ ਹੋਵੇ - ਸੰਤਾਂ ਨਾਲ ਵਿਰੋਧ ਪਾ ਲਵੇ -

*ਸੁਖੁ ਨ ਪਾਇਨਿ ਮੁਗਧ ਨਰ*
*ਸੰਤ ਨਾਲਿ ਖਹੰਦੇ ॥*
*ਓਇ ਲੋਚਨਿ ਓਨਾ ਗੁਣੈ ਨੋ*
*ਓਇ ਅਹੰਕਾਰਿ ਸੜੰਦੇ ॥ ਅੰਗ - ੩੦੬*

ਉਹ ਤਾਂ ਕਹਿੰਦੇ ਨੇ ਕਿ ਇਹ ਚੰਗੇ ਹੋ ਜਾਣ। ਅਰਦਾਸ ਕਰਦੇ ਨੇ ਕਿ ਸੱਚੇ ਪਾਤਸ਼ਾਹ -

*ਜਗਤੁ ਜਲੰਦਾ ਰਖਿ ਲੈ*
*ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*
*ਅੰਗ - ੮੫੩*

ਪਾਤਸ਼ਾਹ! ਬਚਾ ਲੈ ਦੁਨੀਆਂ ਨੂੰ, ਸੜਦੀ ਹੈ, ਮਰਦੀ ਹੈ, ਆਵਾਜ਼ ਆਉਂਦੀ ਹੈ ਕਿ ਦੁਨੀਆਂ ਤੇ ਪਾਪ ਵਧ ਗਏ। ਪਾਤਸ਼ਾਹ! ਤੂੰ ਬਖਸ਼ਿੰਦ ਹੈਂ, ਇਹ ਜੀਵਾਂ ਨੂੰ ਸੰਭਾਲ - ਜਿਵੇਂ ਜੀਅ ਕਰਦਾ ਹੈ ਸੰਭਾਲ - ਤੇਰੇ ਨੇ ਇਹ ਜੀਵ।

ਇਸ ਤਰ੍ਹਾਂ ਤਪੇ ਨੂੰ ਬਾਹਰ ਕੱਢ ਲਿਆ। ਹੁਣ ਤਪਾ ਕਹਿੰਦਾ ਹੈ, "ਤੁਸੀਂ ਮੇਰੇ ਚੇਲੇ ਹੋ। ਆਹ ਕੀ ਕਰਨ ਲੱਗ ਗਏ? ਦੱਸੋ! ਕਿਹੜੇ ਖੇਤ ਵਿਚ ਜਾਣਾ ਹੈ?" ਕਹਿੰਦੇ, "ਹੌਲੀ ਹੌਲੀ ਨਾ ਤੁਰ।" ਨਠਾਉਂਦੇ ਨੇ ਬਾਹਾਂ ਤੋਂ ਫੜ ਕੇ। ਖੇਤ ਵਿਚ ਲੈ ਗਏ, ਓਧਰ ਸੂਰਜ ਵੱਲ ਦੇਖਦੇ ਨੇ। ਜਿਹਦੇ ਖੇਤ ਵਿਚ ਪਾਣੀ ਪੈ ਗਿਆ, ਵੱਟਾਂ ਭਰ ਗਈਆਂ; ਦੂਜਾ ਕਹਿੰਦਾ, ਹੁਣ ਤੂੰ ਬੱਸ ਹੀ ਨਹੀਂ ਕਰਨੀ? ਆਪਸ ਵਿਚ ਖਿਚਾ-ਖਿਚੀ ਹੋ ਗਈ - ਇਕ ਇਧਰ ਨੂੰ ਖਿਚਦਾ ਹੈ, ਇਕ ਉਧਰ ਨੂੰ ਖਿਚਦਾ ਹੈ; ਵਿਚਾਲੇ ਤਪਾ ਚੀਕਾਂ ਮਾਰਦਾ ਹੈ ਕਿਉਂਕਿ ਖਹਿਆ ਹੈ - ਪੂਰਿਆਂ ਗੁਰਾਂ ਦੇ ਨਾਲ। ਖਹਿੰਦਾ ਉਹ ਹੈ ਜਿਹਦੇ ਭਾਗ ਮਾੜੇ ਹੁੰਦੇ ਨੇ -

*ਧਾਰਨਾ - ਭਾਗ ਜਿੰਨ੍ਹਾਂ ਦੇ ਮੰਦੇ,*
*ਖਹਿੰਦੇ ਨਾਲ ਸਾਧੂਆਂ ਦੇ - ੨, ੨.*

*ਓਇ ਵਿਚਾਰੇ ਕਿਆ ਕਰਹਿ*
*ਜਾ ਭਾਗ ਧੁਰਿ ਮੰਦੇ॥ ਅੰਗ - ੩੦੬*

ਖਹਿੰਦਾ ਓਹੀ ਹੈ ਜਿਸਦੇ ਭਾਗ ਮੰਦੇ ਹੋਣ।

ਮਹਾਰਾਜ ਜੀ (ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਜਦੋਂ ਤਪ ਕਰਨ ਤੋਂ ਬਾਅਦ ਦੀਵਾਨ ਲਾਉਣ ਲੱਗੇ, ਕਿਉਂਕਿ ਪਹਿਲਾਂ ਆਪ ਨੇ ਘੋਰ ਤਪੱਸਿਆ ਕਰੀ ਹੈ, ਐਨੀ ਹੋਣੀ ਔਖੀ ਹੈ, 9 ਸਾਲ ਆਪ ਨੇ ਪਿੱਠ ਨਹੀਂ ਸੀ ਧਰਤੀ ਨਾਲ ਲਾਈ। ਕਿਵੇਂ ਸੌਂ ਲੈਂਦੇ ਸੀ, ਕਿਵੇਂ ਬੈਠਦੇ ਸੀ। ਆਪ ਦੱਸਿਆ ਮਹਾਰਾਜ ਜੀ ਨੇ ਕਿ ਅਸੀਂ ਪਿੱਠ ਨਹੀਂ ਸੀ ਲਾਉਂਦੇ - 9 ਸਾਲ ਪਿੱਠ ਨਹੀਂ ਲਈ। ਐਵੇਂ ਨਹੀਂ ਐਡੇ ਵੱਡੇ ਮਹਾਂਪੁਰਸ਼ ਬਣ ਜਾਂਦੇ। ਆਪ ਦੇ ਨਗਰ (ਆਲੋਵਾਲ, ਜ਼ਿਲਾ ਪਟਿਆਲਾ) ਵਾਲਿਆਂ ਕੁਛ ਪ੍ਰੇਮੀਆਂ ਨੇ ਬੇਨਤੀ ਕਰੀ ਕਿ ਆਪ ਨੂੰ ਪਿੰਡ ਗਿਆਂ ਨੂੰ ਬੜੀ ਦੇਰ ਹੋ ਗਈ। ਅਸੀਂ ਸੁਣਿਆ ਹੈ, ਆਪ ਦੀਵਾਨ ਲਾਉਂਦੇ ਹੋ। ਪਿੰਡ ਵਿਚ ਅਖੰਡਪਾਠ ਵੀ ਕਰ ਦਿਓ, ਤੇ ਦੀਵਾਨ ਵੀ ਲਾ ਦਿਓ। ਬੜੀ ਮੁਸ਼ਕਿਲ ਨਾਲ ਮਹਾਰਾਜ ਜੀ ਮੰਨੇ। ਦੋ ਥਾਵਾਂ ਤੇ ਨਹੀਂ ਸੀ ਮਹਾਰਾਜ ਜੀ ਜਾਂਦੇ - ਇਕ ਪਟਿਆਲੇ ਤੇ ਇਕ ਆਪਣੇ ਪਿੰਡ ਵਿਚ, ਕਿਉਂਕਿ ਪਟਿਆਲੇ ਆਪ ਪੜ੍ਹਦੇ ਸੀ, ਉਸ ਥਾਂ ਨਹੀਂ ਸੀ ਜਾਂਦੇ ਕਿਉਂਕਿ ਸਾਥੀਆਂ ਨੂੰ ਨਹੀਂ ਪਤਾ ਹੁੰਦਾ ਮਹਾਂਪੁਰਸ਼ਾਂ ਦਾ। ਉਹ ਉਵੇਂ ਹੀ ਅੱਧਾ ਨਾਉਂ ਲੈ ਕੇ ਹਾਕਾਂ ਮਾਰਦੇ ਹੁੰਦੇ ਨੇ। ਬੜੀ ਦੇਰ ਬਾਅਦ ਮਹਾਰਾਜ ਜਾਣ ਲੱਗੇ, 1953 ਵਿਚ ਪਹਿਲਾਂ ਗਏ, ਉਸ ਤੋਂ ਪਹਿਲਾਂ ਨਹੀਂ ਸੀ ਜਾਂਦੇ। ਬੇਨਤੀ ਕਰੀ ਅਤੇ ਮਹਾਰਾਜ ਕਹਿੰਦੇ, "ਦੇਖ ਲਓ, ਪਿੰਡ ਵਾਲਿਆਂ ਨੂੰ ਸ਼ਰਧਾ-ਸ਼ੁਰਧਾ ਨਹੀਂ ਹੁੰਦੀ।" ਕਹਿੰਦੇ, "ਨਾ ਮਹਾਰਾਜ! ਦੀਵਾਨ ਵੀ ਲਾਉਣੇ ਨੇ।" ਮਹਾਰਾਜ ਕਹਿੰਦੇ, "ਪਿੰਡ ਵਾਲਿਆਂ ਨੂੰ ਸ਼ਰਧਾ ਨਹੀਂ ਹੁੰਦੀ। ਉਹ ਤਾਂ ਇਹੀ ਦੇਖਦੇ ਹੁੰਦੇ ਨੇ ਕਿ ਫਲਾਣੇ ਦਾ ਮੁੰਡਾ ਹੈ, ਫਲਾਣੇ ਦਾ ਮੁੰਡਾ ਹੈ; ਸਗੋਂ ਈਰਖਾ ਕਰਦੇ ਨੇ।

ਮਹਾਰਾਜ ਉਥੇ ਚਲੇ ਗਏ ਤੇ ਕੀਰਤਨ ਉਨ੍ਹਾਂ ਦਿਨਾਂ ਵਿਚ ਆਪ ਖੜ੍ਹੇ ਹੋ ਕੇ ਕਰਦੇ ਸੀ। ਕੀਰਤਨ ਸ਼ੁਰੂ ਕਰ ਲਿਆ ਤੇ ਓਧਰ ਇਨ੍ਹਾਂ ਦੇ ਸ਼ਰੀਕੇ ਦੇ ਜਿਹੜੇ ਬੰਦੇ ਇਨ੍ਹਾਂ ਨਾਲ ਲਗਦੇ ਸੀ, ਕਹਿਣ ਲੱਗੇ ਕਿ ਜੇ ਇਨ੍ਹਾਂ ਨੇ ਸ਼ਬਦ ਪੜ੍ਹਿਆ, ਪੜ੍ਹਨ ਨਹੀਂ ਦੇਣਾ; ਪਹਿਲਾਂ ਸੁਨੇਹਾ ਭੇਜ ਦਿਤਾ ਕਿ ਅਸੀਂ ਨਹੀਂ ਪੜ੍ਹਨ ਦੇਣਾ।

ਸਾਨੂੰ ਵੀ ਕਹਿੰਦੇ ਹੁੰਦੇ ਸੀ - ਦੀਵਾਨ ਨਹੀਂ ਲਗਣ ਦੇਣਾ। ਇਕ ਪਿੰਡ ਹੈ - ਕਿਸ਼ਨਪੁਰਾ। ਓਥੇ ਸਾਨੂੰ ਸੁਨੇਹਾ ਆ ਗਿਆ ਕਿ ਅਸੀਂ ਦੀਵਾਨ ਨਹੀਂ ਲਗਣ ਦੇਣਾ। ਅਸੀਂ ਕਿਹਾ, ਤੁਹਾਡੇ ਲਗਣੇ ਹੀ ਨਹੀਂ ਕਦੇ - ਅਸੀਂ ਤਾਂ ਲਾਉਂਦੇ ਨਹੀਂ।

ਸੋ ਮਹਾਰਾਜ ਜੀ ਚਲੇ ਗਏ। ਉਨ੍ਹਾਂ ਨੇ ਕਿਹਾ, ਇਹ ਤਾਂ ਆ ਗਏ, ਅਸੀਂ ਦੀਵਾਨ ਨਹੀਂ ਲਗਣ ਦੇਣਾ। ਉਹ ਪਟਿਆਲੇ ਤੋਂ - ਵਾਜਾ ਹੁੰਦਾ ਹੈ, ਗ੍ਰਾਮੋਫੋਨ - ਉਹ ਲੈ ਆਏ, ਤੇ ਜੋ ਸ਼ੈਲਾ ਹੁੰਦਾ ਸੀ - ਪਟਿਆਲੇ, ਉਹਦੇ ਬਹੁਤ ਗੰਦੇ ਗੀਤ ਹੁੰਦੇ ਸੀ - ਰਿਕਾਰਡ ਕਰੇ ਹੋਏ। ਉਨ੍ਹਾਂ ਨੇ ਲਿਆ ਕੇ ਉਧਰ ਨੂੰ ਮੂੰਹ ਕਰਕੇ ਲਾ ਦਿਤਾ, ਜਿੱਧਰ ਮਹਾਰਾਜ ਨੇ ਦੀਵਾਨ ਲਾਉਣਾ ਸੀ। ਜਦੋਂ ਮਹਾਰਾਜ ਕੀਰਤਨ ਕਰਨ ਲੱਗੇ, ਕਹਿੰਦੇ, "ਪ੍ਰੇਮੀਓ! ਇਹਨੂੰ ਬੰਦ ਕਰਾਓ, ਐਨਾ ਗੰਦਾ ਰਿਕਾਰਡ ਹੈ, ਬੀਬੀਆਂ ਬੈਠੀਆਂ ਨੇ, ਸੰਗਤ ਬੈਠੀ ਐ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਹੈ।" ਪੰਜ ਚਾਰ ਬੰਦੇ ਕਹਿਣ ਗਏ। ਉਹ ਕਹਿੰਦੇ, "ਤੁਸੀਂ ਆਪਣਾ ਕੰਮ ਕਰੋ, ਅਸੀਂ ਆਪਣਾ ਕਰਨਾ ਹੈ। ਸਾਡਾ ਨਹੀਂ ਜੀਅ ਕਰਦਾ ਕੁਛ ਸੁਣਨ ਨੂੰ? ਅਸੀਂ ਨਹੀਂ ਸੁਣਨਾ ਦੀਵਾਨ।" ਮਹਾਰਾਜ ਜੀ ਅਖੰਡ ਕੀਰਤਨ ਕਰੀ ਗਏ, ਕੋਈ ਵਿਚਾਰ ਨਾ ਕਰਿਆ। ਦੂਸਰਾ ਦਿਨ ਹੋ ਗਿਆ, ਤੀਸਰੇ ਦਿਨ ਫੇਰ ਬੰਦੇ ਭੇਜੇ ਕਿ ਜਾਓ ਪੁੱਛੋ! ਬੇਨਤੀ ਕਰੋ ਹੱਥ ਬੰਨ੍ਹ ਕੇ ਕਿ ਗੁਰੂਆਂ ਨਾਲ ਨਹੀਂ ਕਰੀਦੀਆਂ ਇਹ ਗੱਲਾਂ,

ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾ ਕਰਨ; ਅਤਿ ਦਾ ਤੇ ਖੁਦਾ ਦਾ ਵੈਰ ਹੋਇਆ ਕਰਦਾ ਹੈ। ਫੇਰ ਬੇਨਤੀ ਕਰੀ ਜਾ ਕੇ। ਤੀਸਰਾ ਦਿਨ ਆ ਗਿਆ। ਮਹਾਰਾਜ ਕਹਿੰਦੇ, "ਚੰਗਾ ਭਾਈ! ਹੁਣ ਮਿੱਤਰਾਂ ਦੀ ਲੜਾਈ ਹੈ - ਉਹ ਜਾਣੇ, ਇਹ ਜਾਨਣ।" ਉਹ ਸ਼ਰਾਬ ਪੀਂਦੇ ਸੀ। ਉਥੇ ਹੀ ਲੜਨ ਲਗ ਪਏ - ਆਪਸ ਵਿਚ, ਦੋ ਕਤਲ ਹੋ ਗਏ - ਓਥੇ ਹੀ। ਖੂਨ ਹੋ ਗਏ, ਨੱਠੇ ਭੱਜੇ ਫਿਰਦੇ ਨੇ, ਪੁਲਿਸ ਨੇ ਆ ਕੇ ਸਾਰੇ ਹੀ ਫੜ ਲਏ; ਕਈਆਂ ਨੂੰ ਫਾਂਸੀ ਹੋ ਗਈ, ਬਾਕੀਆਂ ਨੂੰ ਉਮਰ ਕੈਦ ਹੋ ਗਈ। ਮਹਾਰਾਜ ਕਹਿੰਦੇ-

***ਓਇ ਵਿਚਾਰੇ ਕਿਆ ਕਰਹਿ***
***ਜਾ ਭਾਗ ਧੁਰਿ ਮੰਦੇ॥ ਅੰਗ - ੩੦੬***

ਦਰਗਾਹ ਵਿਚੋਂ ਹੀ ਮੰਦੇ ਭਾਗ ਸੀ -

***ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ॥***
***ਅੰਗ - ੩੦੬***

ਜਿਹਨੂੰ ਪਾਰਬ੍ਰਹਮ ਨੇ ਹੀ ਮਾਰ ਦਿਤਾ, ਉਹਨੂੰ ਕੌਣ ਬਚਾਊ -

***ਵੈਰੁ ਕਰਹਿ ਨਿਰਵੈਰ ਨਾਲਿ***
***ਧਰਮ ਨਿਆਇ ਪਚੰਦੇ॥ ਅੰਗ - ੩੦੬***

ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਫੇਰ ਪਚ-ਪਚ ਕੇ ਮਰ ਦੇ ਨੇ -

***ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥***
***ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥***
***ਅੰਗ - ੩੦੬***

ਬਾਬਾ ਕਰਮ ਸਿੰਘ ਜੀ ਮਹਾਰਾਜ (ਹੋਤੀ ਮਰਦਾਨ) - ਆਪ ਦੇ ਕੋਲ ਸੰਗਤਾਂ ਜਾਂਦੀਆਂ ਨੇ ਤੇ ਉਹ ਇਕ ਪਿੰਡ ਵਿਚੋਂ ਲੰਘ ਕੇ ਜਾਂਦੀਆਂ ਸੀ, ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਪਾਸ ਬਜਰੂੜ ਵਿਚੋਂ ਲੰਘ ਕੇ ਜਾਇਆ ਕਰਦੀਆਂ ਸਨ - ਉਥੋਂ ਦੀ ਰਸਤਾ ਸੀ। ਉਨ੍ਹਾਂ ਪਿੰਡ ਵਾਲਿਆਂ ਨੇ ਕੀ ਕਰਿਆ ਕਿ ਕੁੱਤੇ ਛੱਡਣੇ ਸ਼ੁਰੂ ਕਰ ਦਿਤੇ, ਕੁੱਤੇ ਆ ਕੇ ਸੰਗਤਾਂ ਨੂੰ ਕੱਟਿਆ ਕਰਨ, ਕੱਪੜੇ ਪਾੜ ਦਿਆ ਕਰਨ, ਹਫੜਾ-ਦਫੜੀ ਮਚ ਜਾਇਆ ਕਰੇ। ਬਾਬਾ ਜੀ ਨੂੰ ਬੇਨਤੀ ਕਰੀ। ਬਾਬਾ ਜੀ ਕਹਿੰਦੇ ਕਿ ਐਂ ਕਰੋ ਪ੍ਰੇਮੀਓ! ਦੂਜਾ ਰਸਤਾ ਕਿੰਨੀ ਕੁ ਦੂਰੀ ਤੇ ਹੈ? ਕਹਿੰਦੇ, "ਮੀਲ ਦੋ ਮੀਲ ਦਾ ਫੇਰ ਪੈਂਦਾ ਹੈ।" ਬਾਬਾ ਜੀ ਕਹਿੰਦੇ, "ਓਧਰ ਦੀ ਆ ਜਾਇਆ ਕਰੋ ਭਾਈ।" ਸੰਗਤਿ ਓਧਰ ਦੀ ਆਉਣ ਲਗ ਗਈ, ਇਹ ਕੁੱਤੇ ਲੈ ਕੇ ਉਥੇ ਬੈਠਣ ਲਗ ਗਏ ਤੇ ਕੁੱਤੇ ਛੱਡ ਦਿਆ ਕਰਨ। ਸੰਗਤ ਨੇ ਬੇਨਤੀ ਕਰੀ ਕਿ ਬਾਬਾ ਜੀ! ਹੁਣ ਤਾਂ ਕੋਈ ਰਾਹ ਹੀ ਨਹੀਂ ਹੈ - ਉਹ ਵੀ ਰੋਕ ਲਿਆ, ਇਹ ਵੀ ਰੋਕ ਲਿਆ। ਕਹਿੰਦੇ, "ਚੰਗਾ ਭਾਈ! ਫਿਰ ਨਿਰੰਕਾਰ ਜਾਣੇ, ਇਹ ਜਾਨਣ।"

ਸੋ ਐਸਾ ਹੋਇਆ ਕਿ ਮੁੱਢ ਹੀ ਵੱਢਿਆ ਗਿਆ - 'ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ।' ਹੁਣ ਡਾਲ ਸੁੱਕਣ ਲਗ ਗਏ, ਬੰਦੇ ਮਰਨੇ ਸ਼ੁਰੂ ਹੋ ਗਏ, ਬੀਬੀ ਕੋਈ ਵੀ ਨਾ ਮਰੇ, ਮਨੁੱਖ ਸਾਰੇ ਹੀ ਮਰੀ ਜਾਣ ਰੋਜ਼ - ਕਦੇ ਦੋ, ਕਦੇ ਤਿੰਨ, ਕਦੇ ਚਾਰ। ਅਖੀਰ ਸਾਰੇ ਹੀ ਮਰ ਗਏ ਤੇ ਇਕ ਦਸ ਮਹੀਨੇ ਦਾ ਬੱਚਾ ਬਚਿਆ। ਉਹ ਬੀਬੀ ਸਿਆਣੀ ਸੀ, ਬੱਚਾ ਲਿਜਾ ਕੇ ਬਾਬਾ ਜੀ ਜੀ ਦੇ ਚਰਨਾਂ ਵਿਚ ਰੱਖ ਦਿਤਾ ਕਿ ਮਹਾਰਾਜ! ਭਾਂਵੇਂ ਮਾਰੋ, ਭਾਵੇਂ ਰੱਖੋ; ਇਹ ਸਾਡੇ ਬੰਦਿਆਂਦਾ ਕਸੂਰ ਸੀ, ਉਨ੍ਹਾਂ ਨੇ ਆਪਣੀ ਕੀਤੀ ਦਾ ਫਲ ਭੁਗਤ ਲਿਆ; ਕ੍ਰਿਪਾ ਕਰੋ, ਹੁਣ ਮਿਹਰ ਦੇ ਘਰ ਵਿਚ ਆਓ। ਕਹਿੰਦੇ, "ਬੀਬੀ! ਚੰਗਾ ਹੋਇਆ ਤੂੰ ਸੰਗਤ ਦੀ ਸ਼ਰਨ ਵਿਚ ਲੈ ਆਈ। ਇਹ ਹੁਣ ਅੱਲ੍ਹਾ ਨੇ ਰੱਖ ਲਿਆ ਤੇ ਤੂੰ ਇਹਦਾ ਨਾਮ ਹੀ 'ਅੱਲ੍ਹਾ ਦਿਤਾ' ਰੱਖੀਂ। ਸੋ ਇਸ ਤਰ੍ਹਾਂ ਨਾਲ ਮਹਾਰਾਜ ਕਹਿੰਦੇ, ਉਹ ਤਾਂ ਖਤਮ ਹੋ ਜਾਂਦਾ ਹੈ - 'ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ।'

ਹੁਣ ਤਪੇ ਨੂੰ ਖਿੱਚੀ ਫਿਰਦੇ ਨੇ - ਧੜੇ ਬਣਾ ਲਏ। ਕਹਿੰਦੇ, ਸੂਰਜ ਤਾਂ ਡੁਬਦਾ ਜਾਂਦਾ ਹੈ। ਕਦੇ ਐਧਰਲੇ ਖਿੱਚਣ ਲਗ ਗਏ, ਜਿਵੇਂ ਰੱਸਾ ਖਿੱਚੀਦਾ ਹੈ, ਕਦੇ ਉਧਰਲੇ ਲਗ ਗਏ। ਇਕ ਦੇ ਹੱਥ ਵਿਚ ਬਾਂਹ ਐਧਰਲੀ ਆ ਗਈ, ਇਕ ਦੇ ਓਧਰਲੀ; ਇਕ ਨੇ ਲੱਤਾਂ ਫੜ ਲਈਆਂ ਤੇ ਲਈਂ ਫਿਰਦੇ ਨੇ। ਹੱਡੀਆਂ ਨਿਕਲ ਆਈਆਂ। ਜਿਹਦੇ ਹੱਥ ਵਿਚ ਹੱਡੀ ਆ ਗਈ, ਨੱਠ ਕੇ ਆਪਣੇ ਖੇਤ ਵਿਚ ਲੈ ਜਾਂਦਾ ਹੈ - ਉਥੇ ਹੀ ਮੀਂਹ ਪੈ ਜਾਂਦਾ ਹੈ। ਬੁਰਾ ਹਾਲ ਹੋ ਗਿਆ - ਉਹਦਾ। ਸਾਰੇ ਹੀ ਆ ਗਏ ਤੇ ਕਹਿਣ ਲੱਗੇ, ਬਾਬਾ ਅਮਰਦਾਸ ਜੀ! ਤੇਰੇ ਅਸੀਂ ਬੜੇ ਧੰਨਵਾਦੀ ਹਾਂ, ਤੂੰ ਮੀਂਹ ਪੁਆ ਦਿਤਾ; ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ। ਇਹ ਤਪੇ ਨੇ ਸਾਨੂੰ ਬੇਮੁੱਖ ਕਰ ਦਿਤਾ ਸੀ। ਹੁਣ ਕ੍ਰਿਪਾ ਕਰ, ਉਨ੍ਹਾਂ ਨੂੰ ਵਾਪਸ ਲਿਆ। ਜੇ ਤੇਰੇ ਵਿਚ ਐਨੀ ਤਾਕਤ ਹੈ, ਉਹ ਤਾਂ ਸਾਰੀਆਂ ਸ਼ਕਤੀਆਂ ਦੇ ਭੰਡਾਰ ਨੇ। ਅਸੀਂ ਭੁੱਲ ਗਏ, ਗਲਤੀ ਕੀਤੀ। ਦੂਜੇ ਦਿਨ ਮਹਾਰਾਜ ਦੇ ਨਾਲ ਸਾਰਾ ਪਿੰਡ, ਪੰਚਾਇਤ, ਭੇਟਾ ਲੈ ਕੇ ਦੁੱਧ ਵਗੈਰਾ ਦੀਆਂ ਕਾੜ੍ਹਨੀਆਂ ਸਿਰਾਂ ਤੇ ਰੱਖ ਕੇ ਮਹਾਰਾਜ ਜੀ ਕੋਲ ਨੂੰ ਭੁੱਲ ਬਖਸ਼ਾਉਣ ਵਾਸਤੇ ਜਾਂਦੇ ਨੇ ਤੇ ਓਥੇ ਜਾ ਕੇ ਬੇਨਤੀਆਂ ਕਰਦੇ ਨੇ ਬਾਰ-ਬਾਰ -

***ਧਾਰਨਾ - ਤੇਰੇ ਵਰਗਾ ਨਾ ਦਿਆਲ,***
***ਸੱਚੇ ਪਾਤਸ਼ਾਹ,***
***ਪਾਪੀ ਮੇਰੇ ਵਰਗਾ ਕੋਈ ਨਾ- ੨,੩***

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ॥***
***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥***
***ਕਾਮ ਕ੍ਰੋਧੁ ਮਦੁ ਲੋਭ ਮੋਹੁ ਅਹੰਕਾਰੁ ਕਰੰਦਾ॥***
***ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ॥***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥***
***ਭਾਈ ਗੁਰਦਾਸ ਜੀ - ਵਾਰ ੩੬/੨੧***

ਮਹਾਰਾਜ ਜੀ ਦੀ ਹਜ਼ੂਰੀ ਵਿਚ ਗਏ। ਬਾਬਾ ਅਮਰਦਾਸ ਜੀ ਨੇ ਜਾ ਕੇ ਨਮਸ਼ਕਾਰ ਕਰੀ ਤਾਂ ਗੁਰੂ ਮਹਾਰਾਜ ਨੇ ਪਿੱਠ ਕਰ ਲਈ। ਦੂਸਰੇ ਪਾਸੇ ਗਏ, ਫਿਰ ਮਹਾਰਾਜ ਨੇ ਪਿੱਠ ਕਰ ਲਈ। ਹੈਰਾਨ ਹੋ ਗਏ, ਮਹਾਰਾਜ ਕੀ ਗੱਲ ਹੋ ਗਈ? ਓਧਰ ਗਏ, ਫਿਰ ਮਹਾਰਾਜ ਨੇ ਪਿੱਠ ਕਰ ਲਈ। ਉਸ ਵੇਲੇ ਆਪ ਜੀ ਨੇ ਬਹੁਤ ਅਧੀਨਗੀ ਨਾਲ ਇਉਂ ਬੇਨਤੀ ਕੀਤੀ -

***ਧਾਰਨਾ - ਬਖਸ ਲੇਹੁ ਮਹਾਰਾਜ,***
***ਹਮ ਤੇ ਬਿਗਰੀ, ਹਮ ਤੇ ਬਿਗਰੀ - ੨,੩.***

"ਪਾਤਸ਼ਾਹ! ਭੁੱਲਣਹਾਰ ਹਾਂ, ਗੁਨਹਗਾਰ ਹਾਂ, ਆਪ ਸਦਾ ਹੀ ਬਖਸ਼ੰਦ ਹੋ; ਕ੍ਰਿਪਾ ਕਰੋ ਪਾਤਸ਼ਾਹ! ਕੀ ਭੁੱਲ ਹੋ ਗਈ? ਆਪ ਕ੍ਰਿਪਾ ਕਰਕੇ ਸਿੱਧੇ ਰਸਤੇ ਪਾਓ।" ਮਹਾਰਾਜ ਕਹਿੰਦੇ, "ਪੁਰਖਾ! ਤਪੇ ਨੂੰ ਕਿਉਂ ਮਰਵਾਇਆ ਤੈਂ? ਕਿਉਂ ਐਸਾ ਬਚਨ ਕੀਤਾ? ਐਨੀਆਂ ਸ਼ਕਤੀਆਂ ਦਾ ਭੰਡਾਰ ਹੋ ਕੇ ਜਰ ਨਾ ਸਕਿਆ?" "ਪਾਤਸ਼ਾਹ! ਸਭ ਕੁਛ ਸਹਿ ਸਕਦਾ ਹਾਂ ਮੈਂ; ਟੁਕੜੇ ਟੁਕੜੇ ਕਰ ਦੇਵੋ, ਕੋਈ ਫਰਿਆਦ ਨਹੀਂ, ਕੋਈ ਬਚਨ ਨਹੀਂ ਮੈਂ ਕਰਦਾ। ਪਰ ਪਾਤਸ਼ਾਹ! ਹਜ਼ੂਰ ਦੀ ਨਿਰਾਦਰੀ ਨਹੀਂ ਸਹਿ ਸਕਦਾ। ਐਨੇ ਨਿਰਾਦਰ ਦੇ ਨਾਲ ਆਪ ਨੂੰ ਕੱਢਿਆ ਗਿਆ, ਐਨੀ ਬੇ-ਅਦਬੀ ਕਰੀ, ਐਸੇ ਕੁਵਾਕ ਬੋਲੇ ਇਨ੍ਹਾ ਲੋਕਾਂ ਨੇ, ਤੇ ਉਹਨੇ ਕਿੰਨਾ ਇਨ੍ਹਾਂ ਨੂੰ ਬਹਿਕਾਇਆ, ਕਿੰਨਾਂ ਗਲਤ ਰਸਤੇ ਪਾਇਆ ਕਿ ਆਪ ਨਾਲ ਹੱਥੋ ਪਾਈ ਕਰਨ ਤਕ ਉਤਰ ਆਏ। ਪਾਤਸ਼ਾਹ! ਮੈਂ ਕਿਵੇਂ ਸਹਿ ਸਕਦਾ ਹਾਂ, ਮੇਰਾ ਤਾਂ ਮਰਨ ਹੋ ਜਾਂਦਾ ਹੈ। ਸਿੱਖ ਨਹੀਂ ਜਿਉਂਦਾ ਰਹਿ ਸਕਦਾ ਜੇ ਗੁਰੂ ਦੀ ਕੋਈ ਬੇ-ਇੱਜ਼ਤੀ ਕਰ ਦੇਵੇ - ਬੇਅਦਬੀ ਕਰ ਦੇਵੇ। ਪਾਤਸ਼ਾਹ! ਮੇਰੇ ਵਿਤੋਂ ਵੱਧ ਗੱਲ ਹੋ ਗਈ; ਸੋਧ ਦਿਓ।" ਕਹਿੰਦੇ, "ਬਾਬਾ ਅਮਰਦਾਸ! ਅਸੀਂ ਜੇ ਚਾਹੁੰਦੇ, ਸਭ ਕੁਛ ਕਰ ਸਕਦੇ ਸੀ; ਕਿਸੇ ਦੀ ਤਾਕਤ ਨਹੀਂ ਸੀ, ਪਰ ਸਹਿਜ ਵਿਚ ਵਰਤਣਾ ਚਾਹੀਦਾ ਹੈ। ਅੱਜ ਤਾਂ ਹੋ ਗਿਆ। ਅੱਗੇ ਵਾਸਤੇ ਕਦੇ ਸ਼ਕਤੀ ਨਹੀਂ ਦਿਖਾਉਣੀ - ਅਜਰ ਨੂੰ ਜਰ ਲਉ। ਕਿੰਨੀਆਂ ਤਕਲੀਫਾਂ ਆਉਣੀਆਂ ਨੇ - ਕਿਸੇ ਨੂੰ ਤੱਤੀਆਂ ਤਵੀਆਂ ਤੇ ਬਿਠਾਉਣਾ ਹੈ, ਕਿਸੇ ਨੂੰ ਦੇਗ ਵਿਚ ਉਬਾਲਾ ਦੇਣਾ ਹੈ, ਕਿਤੇ ਬੱਚਿਆਂ ਨੂੰ ਸ਼ਹੀਦ ਕਰਨਾ ਹੈ, ਕੰਧਾਂ ਵਿਚ ਚਿਣਨਾ ਹੈ - ਬੱਚਿਆਂ ਨੂੰ, ਕਿੰਨੇ ਨਿਰਾਦਰ ਕਰਨੇ ਨੇ; ਫੇਰ ਸ਼ਕਤੀਆਂ ਹੀ ਦਿਖਾਈ ਜਾਇਆ ਕਰਾਂਗੇ? ਨਹੀਂ ਸ਼ਕਤੀ ਦਿਖਾਉਣੀ - ਜਰ ਜਾ।" ਮੁਆਫ ਕਰਿਆ। "ਪਾਤਸ਼ਾਹ! ਤੁਸੀਂ ਤਾਂ ਖਿਮਾ ਦੇ ਭੰਡਾਰ ਹੋ, ਤੁਸੀਂ ਤਾਂ ਆਪ ਮਾਲਕ ਹੋ ਸਭ ਕੁਛ ਦੇ।"

ਸੋ ਇਸ ਤਰ੍ਹਾਂ 'ਖਿਮਾ' ਦਾ ਜ਼ਿਕਰ ਹੋ ਰਿਹਾ ਸੀ ਕਿ 'ਖਿਮਾ' ਪ੍ਰਮੇਸ਼ਰ ਦੇ ਰਸਤੇ ਤੇ ਜਾਣ ਵਾਸਤੇ ਕਿੰਨਾ ਮਜ਼ਬੂਤ ਡੰਡਾ ਹੈ। ਜੇ ਖਿਮਾ ਤੋਂ ਬਿਨਾਂ ਚੜ੍ਹਨਾ ਚਾਹੇ - ਨਹੀਂ ਚੜ੍ਹ ਸਕਦਾ ਕਿਉਂਕਿ ਜਿਥੇ ਖਿਮਾਂ ਹੁੰਦੀ ਹੈ, ਉਥੇ ਆਪ ਹੋਇਆ ਕਰਦਾ ਹੈ-

***ਧਾਰਨਾ - ਜਹਾਂ ਲੋਭ ਤਹਿ ਕਾਲ ਹੈ,***
***ਜਹਾਂ ਲੋਭ ਤਹਿ ਕਾਲ ਹੈ - ੨.***

ਜਿਥੇ ਲੋਭ ਹੋਵੇਗਾ, ਉਥੇ ਕਾਲ ਹੋਵੇਗਾ ਤੇ -

***.......................ਜਹਾ ਖਿਮਾ ਤਹ ਆਪਿ॥***
***ਅੰਗ - ੧੩੭੨***

ਜਿਸ ਹਿਰਦੇ ਵਿਚ ਖਿਮਾਂ ਹੋਵੇਗੀ - ਉਥੇ ਵਾਹਿਗੁਰੂ ਵਸਦਾ ਹੈ -

***ਕਬੀਰਾ ਜਹਾ ਗਿਆਨੁ ਤਹ ਧਰਮੁ ਹੈ***
***ਜਹਾ ਝੂਠੁ ਤਹ ਪਾਪੁ॥ ਅੰਗ - ੧੩੭੨***

ਜਿਥੇ ਗਿਆਨ ਹੋਵੇਗਾ, ਉਥੇ ਧਰਮ ਹੋਵੇਗਾ; ਜਿਸ ਹਿਰਦੇ ਵਿਚ ਝੂਠ ਹੈ, ਫਰੇਬ ਹੈ, ਉਥੇ ਪਾਪ ਹੀ ਪਾਪ ਹੋਵੇਗਾ। ਡਰੋ ਝੂਠ ਤੋਂ ਪ੍ਰੇਮੀਓ! ਇਹ ਬੜੀ ਬੁਰੀ ਬਲਾ ਹੈ। ਸਹਿਜ ਸੁਭਾਅ ਹੀ ਝੂਠ ਬੋਲੀ ਜਾਂਦੇ ਨੇ। ਨਾਲੇ ਪਤਾ ਹੁੰਦਾ ਹੈ ਕਿ ਬੰਦਾ ਝੂਠ ਬੋਲੀ ਜਾ ਰਿਹਾ ਹੈ, ਪਰ ਸੰਤ ਨਹੀਂ ਕਹਿੰਦੇ ਹੁੰਦੇ - ਚੁੱਪ ਕਰ ਜਾਂਦੇ ਨੇ ਕਿ ਇਹ ਤਾਂ ਮੂਰਖ ਬੰਦਾ ਹੈ। ਲੇਕਿਨ ਉਥੇ ਪਾਪ ਆ ਜਾਂਦਾ ਹੈ - ਜਿਥੇ ਝੂਠ ਹੋਵੇ।

ਇਸ ਤਰ੍ਹਾਂ ਇਕ ਵਾਰ ਮੂਸਾ ਜੀ ਨੇ ਖੁਦਾ ਨੂੰ ਬੇਨਤੀ ਕੀਤੀ ਕਿ ਹੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਇਉਂ ਤਾਂ ਦੱਸੋ ਕਿ ਤੁਹਾਡੀ ਦਰਗਾਹ ਦੇ ਅੰਦਰ ਕਿਹੜਾ ਮਕਬੂਲ ਹੈ? ਮਕਬੂਲ ਕਹਿੰਦੇ ਨੇ - ਪਿਆਰਾ। ਪ੍ਰਵਾਨ ਕਿਹੜਾ ਹੈ?

ਮੂਸਾ ਨੇ ਅਰਜ਼ ਕੀਤੀ ਕਿ ਐ ਬਾਰੇ ਅਲਾਹ! ਮਕਬੂਲ ਤੇਰੇ ਬੰਦੋਂ ਮੇਂ ਹੈ ਕੌਨ ਸਿਵਾ। ਇਹ ਦੱਸ ਕਿ ਬੰਦੇ ਤੇਰੇ ਬੇਅੰਤ ਨੇ, ਤੈਨੂੰ ਕਿਹੜਾ ਮਕਬੂਲ ਹੈ - ਕਿਹੜਾ ਪਿਆਰਾ ਹੈ। ਇਰਸ਼ਾਦ ਹੂਆ, "ਵੋਹ ਹੈ ਬੰਦਾ ਮੇਰਾ, ਜੋ ਲੇ ਸਕੇ, ਔਰ ਨਾ ਲੇ, ਬਦੀ ਕਾ ਬਦਲਾ। ਜਿਸਦੇ ਵਿਚ ਤਾਕਤ ਹੋਵੇ, ਇਕ ਬਚਨ ਨਾਲ ਫਨਾਹ ਕਰ ਦੇਵੇ; ਤਾਕਤ ਹੋਵੇ ਬਦਲਾ ਲੈਣ ਦੀ, ਲੇਕਿਨ ਫਿਰ ਵੀ ਸੋ ਇਸ ਤਰ੍ਹਾਂ ਖਿਮਾ, ਕ੍ਰੋਧ ਦਾ ਨਾਸ਼ ਕਰਦੀ ਹੈ। ਕ੍ਰੋਧ ਅੰਧਕਾਰ ਹੁੰਦਾ ਹੈ -

***ਕ੍ਰੋਧ ਅੰਧਕਾਰ ਕੇ ਬਿਕਾਰ ਉਰ ਭਏ ਅਤਿ,***
***ਤ੍ਰਿਕੁਟੀ ਚਢਾਏ ਖਲ ਫੀਕ ਮੁਖ ਬੋਲਈ॥***
***ਨੈਨ ਕਰੇ ਲਾਲ ਸੁ ਬਿਹਾਲ ਹੋਠ ਡਸੇ ਅਤਿ,***
***ਜਰੇ ਅੰਗ ਸੰਗ ਸੁ ਭੁਜੰਗ ਬਿਖ ਘੋਲਈ॥***
***(ਪ੍ਰਬੋਧ ਚੰਦ੍ਰ ਨਾਟਕ)***

ਕਹਿੰਦੇ, ਅੱਖਾਂ ਚਾੜ੍ਹ ਲੈਂਦਾ ਹੈ, ਤ੍ਰਿਕੁਟੀ ਤੇ ਵਲ ਪਾ ਲੈਂਦਾ ਹੈ, ਫਿੱਕਾ ਮੁੱਖ ਕਰ ਲੈਂਦਾ ਹੈ ਤੇ ਫਿਕੀਆਂ ਫਿਰ ਗੱਲਾਂ ਬੋਲਦਾ ਹੈ। ਨੈਣ ਲਾਲ ਹੋ ਜਾਂਦੇ ਨੇ ਤੇ ਬੁੱਲ੍ਹ ਚੱਬਣੇ ਸ਼ੁਰੂ ਕਰ ਦਿੰਦਾ ਹੈ, ਤੇ ਅੰਗ ਅੰਗ 'ਚੋਂ ਇਉਂ ਹੁੰਦਾ ਹੈ ਜਿਵੇਂ ਸੱਟ ਮਾਰੋ ਸੱਪ ਦੇ, ਪਰ ਉਹਨੂੰ ਮਾਰੋ ਨਾ, ਜਿਵੇਂ ਉਹ ਵਿਸ਼ ਘੋਲਦਾ ਹੈ, ਇਉਂ ਕ੍ਰੋਧੀ ਬੰਦਾ ਵਿਸ਼ ਘੋਲਦਾ ਹੈ।

***ਧੀਰ ਜੇ ਗੰਭੀਰ ਨੀਰ ਸਾਗਰ ਸਮਾਨ ਅਤਿ,***
***ਭਜੇ ਨ ਬਿਕਾਰ ਨਹਿ ਰੰਚ ਉਰ ਡੋਲਈ॥***
***ਖਿਮਾ ਵੰਤ ਸੰਤ ਭਗਵੰਤ ਕੇ ਮਹੰਤ ਜਨ,***
***ਬੋਲੇ ਮਧੁ ਬੈਨ ਜਨ ਅਮੀ ਝੁਕ ਝੋਲਈ॥***
***(ਪ੍ਰਬੋਧ ਚੰਦ੍ਰ ਨਾਟਕ)***

ਜਿਹੜੇ ਸਾਧੂ ਹੁੰਦੇ ਨੇ, ਉਹ ਸਮੁੰਦਰ ਵਰਗੇ ਹੁੰਦੇ ਨੇ, ਗੰਭੀਰ ਹੁੰਦੇ ਨੇ, ਰੰਚ ਜਿੰਨਾਂ ਵੀ ਨਹੀਂ ਡੋਲਦੇ ਕ੍ਰੋਧੀ ਦੇ ਬਚਨ ਸੁਣ ਕੇ, ਤੇ ਅੰਮ੍ਰਿਤ ਵਰਗੇ ਬਚਨ ਬੋਲਣ ਤੋਂ ਹਟਦੇ ਨਹੀਂ।

***ਖੇਦ ਨ ਜ਼ਬਾਨ ਕੋ ਨ ਸੀਸ ਕੋ ਮਹਾਨ ਦੂਖ,***
***ਚਿਤ ਕੋ ਨ ਤਾਪ ਨਹਿ ਦੇ ਦੁਖ ਪਾਇ ਹੈ॥***
***ਹਿੰਸਾ ਆਦਿ ਦੋਖ ਬਿਨ ਕ੍ਰੋਧ ਕੋ ਨਿਫੋਟ ਹਨੋ,***

***ਖਿਮਾ ਮੇਰੋ ਨਾਮ ਜਗ ਮੇਰੋ ਜਸ ਗਾਇ ਹੈ॥***

***ਪ੍ਰਬੋਧ ਚੰਦ੍ਰ ਨਾਟਕ***

ਖਿਮਾ ਕਹਿੰਦੀ, ਮੈਂ ਕ੍ਰੋਧ ਦਾ ਨਾਸ਼ ਕਰ ਦਿੰਦੀ ਹਾਂ ਤੇ ਨ ਸਿਰ ਦੁਖਣ ਦਿੰਦੀ ਹਾਂ, ਨਾ ਜ਼ੁਬਾਨ ਤੋਂ ਕੋਈ ਔਖੀਆਂ ਗੱਲਾਂ ਕਹਿਣ ਦਿੰਦੀ ਹਾਂ, ਨਾ ਚਿਤ ਵਿਚ ਕੋਈ ਤਾਪ ਰਹਿਣ ਦਿੰਦੀ ਹਾਂ ਤੇ ਨਾ ਹਿੰਸਾ ਦਾ ਦੋਖ ਲਗਣ ਦਿੰਦੀ ਹਾਂ। ਸੋ ਇਸ ਤਰ੍ਹਾਂ ਖਿਮਾ ਕਹਿੰਦੀ ਹੈ ਕਿ ਮੇਰਾ ਜਸ ਲੋਕ ਗਾਉਂਦੇ ਨੇ ਤੇ ਮੈਂ ਕ੍ਰੋਧ ਦਾ ਨਾਸ਼ ਕਰ ਦਿੰਦੀ ਹਾਂ।

***ਸੁ ਖਿਮਾ ਕਹਿ ਦੇਵ ਸੁਨੋ ਮਨ ਮੈਂ***
***ਨਰ ਕ੍ਰੋਧ ਕਰੇ ਤਬ ਮੋਨ ਗਹੀਜੈ॥***

***(ਪ੍ਰਬੋਧ ਚੰਦ੍ਰ ਨਾਟਕ)***

ਕਹਿੰਦੇ, ਕਿਹੜੇ ਹਥਿਆਰ ਨੇ ਤੇਰੇ ਕੋਲ? ਖਿਮਾਂ ਕਹਿੰਦੀ ਕਿ ਜਦੋਂ ਕੋਈ ਆਦਮੀ ਕ੍ਰੋਧ ਕਰਦਾ ਹੈ, ਮੈਂ ਮੂੰਹ ਬੰਦ ਕਰ ਲੈਂਦੀ ਹਾਂ - ਬੋਲਦੀ ਹੀ ਨਹੀਂ - ਜਵਾਬ ਹੀ ਨਹੀਂ ਦਿੰਦੀ -

***ਵਹਿ ਗਾਰ ਬਕੇ ਮੁਖ ਭੀਤਰ***
***ਜੋ ਪੁਨ ਤਾਂ ਪ੍ਰਤਿ ਕੋਮਲ ਵਾਕ ਭਨੀਜੈ॥***

***ਪ੍ਰਬੋਧ ਚੰਦ੍ਰ ਨਾਟਕ***

ਜਦੋਂ ਉਹ ਗਾਲ੍ਹਾਂ ਕੱਢੀ ਜਾਂਦਾ ਹੈ, ਹਟਦਾ ਹੀ ਨਹੀਂ, ਫਿਰ ਮੈਂ ਮਿੱਠੇ ਬਚਨ ਕਰਦੀ ਹਾਂ ਕਿ ਨਾ ਪ੍ਰੇਮੀਆਂ! ਤੈਨੂੰ ਗੁੱਸਾ ਆ ਗਿਆ। ਐਵੇਂ ਨਾ ਤੂੰ ਕ੍ਰੋਧ ਕਰ! ਕ੍ਰੋਧ ਕਰਨਾ ਚੰਗਾ ਨਹੀਂ, ਐਵੇਂ ਤੈਨੂੰ ਗਲਤ ਫਹਿਮੀ ਲਗ ਗਈ -

***ਜੁ ਧਿਕਾਰ ਕਰੇ ਸੁ ਪਰੇ ਤਿਹ ਆ ਪਦ***
***ਪੇਖ ਮਹਾਂ ਕਰੁਣਾ ਉਰ ਕੀਜੈ॥***

***(ਪ੍ਰਬੋਧ ਚੰਦ੍ਰ ਨਾਟਕ)***

ਜੇ ਧਿਕਾਰ ਧਿਕਾਰ ਕਰਦਾ ਹੈ, ਧੱਕੇ ਮਾਰਦਾ ਹੈ; ਅਸੀਂ ਚਰਨ ਫੜ ਲੈਂਦੇ ਹਾਂ, ਬਹੁਤ ਦਇਆ ਦੇ ਨਾਲ ਅਸੀਂ ਬਚਨ ਕਰਦੇ ਹਾਂ -

***ਤਨ ਤਾੜਨ ਮੈਂ ਹਰਖੇ ਉਰ ਮੈਂ ਕ੍ਰਿਤ***
***ਪੂਰਬ ਪਾਪ ਸੁ ਮੇ ਅਬ ਖੀਜੈ॥***

***(ਪ੍ਰਬੋਧ ਚੰਦ੍ਰ ਨਾਟਕ)***

ਕਹਿੰਦੀ, ਜੇ ਘਸੁੰਨ ਮਾਰਦਾ ਹੈ ਤਾਂ ਅਸੀਂ ਇਉਂ ਸਮਝਦੇ ਹਾਂ ਕਿ ਮੇਰੇ ਪਿਛਲੇ ਜਨਮਾਂ ਦੇ ਪਾਪ ਝੜ ਗਏ। ਇਹ ਖਿਮਾ ਕਹਾਇਆ ਕਰਦੀ ਹੈ, ਐਸਾ ਬਾਣੀ ਦੇ ਅੰਦਰ ਫੁਰਮਾਨ ਹੈ -

***ਧਾਰਨਾ - ਪੈਰ ਤਿਨ੍ਹਾਂ ਦੇ ਚੁੰਮ੍ਹ,***
***ਜਿਹੜੇ ਮਾਰਨ ਤੈਨੂੰ ਮੁੱਕੀਆਂ।***

***ਫਰੀਦਾ ਜੋ ਤੈ ਮਾਰਨਿ ਮੁਕੀਆਂ***
***ਤਿਨ੍ਹਾ ਨ ਮਾਰੇ ਘੁੰਮਿ ॥***
***ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥***

***ਅੰਗ - ੧੩੭੮***

***ਫਰੀਦਾ ਥੀਉ ਪਵਾਹੀ ਦਭੁ ॥***
***ਜੇ ਸਾਂਈ ਲੋੜਹਿ ਸਭੁ ॥***
***ਇਕੁ ਛਿਜਹਿ ਬਿਆ ਲਤਾੜੀਅਹਿ ॥***
***ਤਾਂ ਸਾਈ ਦੈ ਦਰਿ ਵਾੜੀਅਹਿ ॥***

***ਫਰੀਦਾ ਥੀਉ ਪਵਾਹੀ ਦਭੁ ॥***
***ਜੇ ਸਾਂਈ ਲੋੜਹਿ ਸਭੁ ॥***
***ਇਕੁ ਛਿਜਹਿ ਬਿਆ ਲਤਾੜੀਅਹਿ ॥***
***ਤਾਂ ਸਾਈ ਦੈ ਦਰਿ ਵਾੜੀਅਹਿ ॥ ਅੰਗ-੧੩੭੮***

ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ -

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨ ਪ੍ਰੀਤਿ॥***

***ਸ਼ਬਦ ਹਜ਼ਾਰੇ ਪਾਤਸ਼ਾਹੀ ੧੦***

ਜੇ ਮਿਲਣਾ ਰੱਬ ਨੂੰ, ਤਾਂ ਇਹ ਗੁਣ ਧਾਰਨ ਕਰ ਲੈ ਪ੍ਰੇਮੀਆਂ। ਸੋ ਇਹ ਛੇਵਾਂ ਯਮ ਹੈ, ਨੇਮ ਹੈ - ਇਹਦੀ ਵਿਆਖਿਆ ਕਰੀ ਹੈ।

ਗੁਰੂ ਮਹਾਰਾਜ ਗੁਰੂ ਨਾਨਾਕ ਸਾਹਿਬ ਕਹਿਣ ਲੱਗੇ, ਰਾਜਾ ਸ਼ਿਵਨਾਭ! ਇਹ ਜੀਵਨ ਦੇ ਡੰਡੇ ਜਿੰਨਾਂ ਚਿਰ ਤੂੰ ਕਾਇਮ ਨਹੀਂ ਕਰਦਾ - ਵਧ ਨਹੀਂ ਸਕਦਾ - ਨਾਮ ਵੱਲ। ਇਹ ਜ਼ਰੂਰੀ ਹੈ ਕਿ ਪਹਿਲਾ ਇਹਨੂੰ ਧਾਰਨ ਕਰ, ਇਹਦੀ ਤਿਆਰੀ ਕਰ ਕਿਉਂਕਿ -

***ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਅੰਗ - ੪***

ਗੁਣ ਪੈਦਾ ਕਰਨੇ ਪੈਣੇ ਨੇ, ਫੇਰ ਭਗਤੀ ਹੋਇਆ ਕਰਦੀ ਹੈ। ਜੋ ਕੋਈ ਕਹੇ, ਜੀ ਮੇਰੇ ਵਿਚ ਗੁਣ ਨੇ, ਮੈਨੂੰ ਭਗਤੀ ਕਰਨ ਦੀ ਕੀ ਲੋੜ ਹੈ। ਮਹਾਰਾਜ ਕਹਿੰਦੇ -

***ਮਨ ਏਕੁ ਨ ਚੇਤਸਿ ਮੂੜ ਮਨਾ॥***
***ਹਰਿ ਬਿਸਰਤ ਤੇਰੇ ਗੁਣ ਗਲਿਆ॥ ਅੰਗ - ੧੨***

ਜਦ ਰੱਬ ਨੂੰ ਭੁੱਲ ਜਾਵੇਂਗਾ ਤਾਂ ਇਨ੍ਹਾਂ ਗੁਣਾਂ ਨੇ ਗਲ ਜਾਣਾ ਹੈ, ਬਿਕਾਰ ਪੈਣ ਜਾਣੇ ਨੇ, ਕਿਰਮ ਪੈ ਜਾਣੇ ਨੇ, ਕੀੜੇ ਪੈ ਜਾਣੇ ਨੇ; ਇਹ ਗੁਣ 'ਹਉਮੈ ਦੇ ਗੁਣ' ਕਹਾਉਣ ਲਗ ਜਾਣੇ ਨੇ - ਕੁਦਰਤੀ ਨਹੀਂ ਰਹਿਣੇ।

ਇਸ ਕਰਕੇ ਜੇ ਵਾਹਿਗੁਰੂ ਵੱਲ ਨੂੰ ਵਧਣਾ ਹੈ, ਜੇ ਨਾਮ ਨੂੰ ਪ੍ਰਾਪਤ ਕਰਨਾ ਹੈ ਤਾਂ ਇਹ ਜੋ ਅੰਦਰਲੀਆਂ ਰਹਿਤਾਂ ਦਾ ਮੈਂ ਜ਼ਿਕਰ ਕੀਤਾ ਹੈ, ਇਨ੍ਹਾਂ ਨੂੰ ਧਿਆਨ ਨਾਲ ਸਮਝੋ; ਗੀਤ ਨਾ ਬਣਾਓ ਇਸਨੂੰ। ਈਰਖਾ ਨੂੰ, ਕ੍ਰੋਧ ਨੂੰ ਮਾਰਨ ਵਾਲੀ ਜੇ ਕੋਈ ਚੀਜ਼ ਹੈ ਤਾਂ ਉਹ 'ਖਿਮਾ' ਹੈ - ਖਿਮਾਂ ਵਿਚ ਰਹੋ। ਖਿਮਾਂ ਜਿਸ ਹਿਰਦੇ ਵਿਚ ਹੋਵੇਗੀ, ਉਥੇ ਵਾਹਿਗੁਰੂ ਦੇ ਨਾਮ ਦੀ ਧੁਨਕਾਰ ਪੈਦਾ ਹੋਵੇਗੀ। ਜਿਥੇ ਕ੍ਰੋਧ ਹੋਵੇਗਾ, ਉਥੇ ਨਾਮ ਦੀ ਧੁਨ ਪ੍ਰਗਟ ਨਹੀਂ ਹੁੰਦੀ। ਜਿਥੇ ਈਰਖਾ ਹੋਵੇਗੀ, ਉਥੇ ਰਸ ਦੀ ਲਿਵਤਾਰ ਟੁੱਟ ਜਾਇਆ ਕਰਦੀ ਹੈ - ਨਹੀਂ ਆਇਆ ਕਰਦੀ ਹਿਰਦੇ ਵਿਚ। ਸੋ ਇਹ ਫਜ਼ੂਲ ਚੀਜ਼ਾ ਨੇ। ਇਨ੍ਹਾਂ ਨੂੰ ਭੁੱਲੋ ਤੇ ਆਪਣੇ ਜੀਵਨ ਨੂੰ ਸਫਲ ਕਰੋ। ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ। 'ਅਨੰਦ ਸਾਹਿਬ' ਦਾ ਪਾਠ ਹੋਵੇਗਾ, ਫਿਰ 'ਗੁਰ ਸਤੋਤਰ' ਵਿਚ ਬੋਲਣ ਦੀ ਖੇਚਲ ਕਰਿਓ।

ਅਰਦਾਸ

ਹੁਕਮਨਾਮਾ

(------)

# ਸੰਤ ਮਾਤਾ ਬੀਜੀ ਰਣਜੀਤ ਕੌਰ ਜੀ
# ਟਰਸਟ ਰਤਵਾੜਾ ਸਾਹਿਬ ਚੇਅਰਪਰਸਨ

ਸੰਤ ਮਾਤਾ ਬੀਜੀ ਜੀ ਦੇ ਪਵਿੱਤਰ ਪਾਵਨ ਸਰੀਰ ਦਾ ਜਨਮ 8 ਅਗਸਤ 1918 ਪਿੰਡ ਦਾਉਦਪੁਰ (ਨੇੜੇ ਖੰਨਾ) ਜਿਲਾ - ਲੁਧਿਆਣਾ (ਪੰਜਾਬ) ਪਿਤਾ ਸੰਤ ਬਾਬਾ ਹੀਰਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖ ਤੋਂ ਹੋਇਆ । ਆਪ ਜੀ ਦੇ ਸਰੀਰਕ ਜਨਮ ਤੋਂ 8 ਸਾਲ ਪਹਿਲਾਂ ਅਖੰਡ ਕੀਰਤਨੀ ਜਥੇ ਦੇ ਨਾਲ ਸਬੰਧਤ ਆਪ ਦੇ ਪਿਤਾ ਬਾਬਾ ਹੀਰਾ ਸਿੰਘ ਜੀ ਨੇ ਅਗੰਮੀ ਬਚਨ ਕੀਤੇ ਕਿ ਧਮੋਟ ਇਸ ਜਥੇਦਾਰ ਕਰਤਾਰ ਸਿੰਘ ਜੀ ਦੇ ਘਰ ਇਕ ਬਖਸ਼ੀ ਰੂਹ ਦੇ ਸਰੀਰ ਨੇ ਜਨਮ ਲੈਣਾ ਹੈ ਅਤੇ ਸਾਡੇ ਘਰ ਪਿੰਡ ਦਾਉਦਪੁਰ ਬੱਚੀ ਦੇ ਸਰੀਰ ਵਿੱਚ ਬਖਸ਼ੀ ਰੂਹ ਦਾ ਪ੍ਰਕਾਸ਼ ਹੋਣਾ ਹੈ। ਉਨ੍ਹਾਂ ਦੋਵਾਂ ਸਰੀਰਾਂ ਦਾ ਜਨਮਾਂ-ਜਨਮਾਂ ਦਾ ਸਬੰਧ ਚਲਿਆ ਆ ਰਿਹਾ ਹੈ ਅਤੇ ਅਉਣ ਵਾਲੇ ਸਮੇਂ ਦੇ ਵਿੱਚ ਵੀ ਦੋਵੇਂ ਸਰੀਰਾਂ ਦਾ ਸੰਜੋਗ ਗ੍ਰਹਿਸਤ ਆਸ਼ਰਮ ਦਾ ਲਿਖਿਆ ਹੋਇਆ ਹੈ । ਸੰਤਾਂ ਦੇ ਬਚਨ ਅਟੱਲ ਹੋਇਆ ਕਰਦੇ ਹਨ :-



ਪਰਮ ਸਤਿਕਾਰਯੋਗ ਸੰਤ ਮਾਤਾ ਰਣਜੀਤ ਕੌਰ ਜੀ
ਟਰਸਟ ਚੇਅਰਪਰਸਨ ਰਤਵਾੜਾ ਸਾਹਿਬ

*ਸਾਰਗ ਮਹਲਾ ੫ ॥*
*ਮਾਈ ਸਤਿ ਸਤਿ ਸਤਿ ਹਰਿ*
*ਸਤਿ ਸਤਿ ਸਤਿ ਸਾਧਾ ॥*
*ਬਚਨੁ ਗੁਰੂ ਜੋ ਪੂਰੇ ਕਹਿਓ*
*ਮੈ ਛੀਕਿ ਗਾਂਠਰੀ ਬਾਧਾ ॥ ਰਹਾਉ ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ*
*ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥*
*ਅੰਡ ਬਿਨਾਸੀ ਜੇਰ ਬਿਨਾਸੀ*
*ਉਤਭੁਜ ਸੇਤ ਬਿਨਾਧਾ ॥*
*ਚਾਰਿ ਬਿਨਾਸੀ ਖਟਹਿ ਬਿਨਾਸੀ*
*ਇਕਿ ਸਾਧ ਬਚਨ ਨਿਹਚਲਾਧਾ ॥ ੨ ॥*
*ਰਾਜ ਬਿਨਾਸੀ ਤਾਮ ਬਿਨਾਸੀ*
*ਸਾਤਕੁ ਭੀ ਬੇਨਾਧਾ ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ*
*ਇਕਿ ਸਾਧ ਬਚਨ ਆਗਾਧਾ ॥ ੩ ॥*
*ਆਪੇ ਆਪਿ ਆਪ ਹੀ ਆਪੇ ਸਭੁ*
*ਆਪਨ ਖੇਲੁ ਦਿਖਾਧਾ ॥*
*ਪਾਇਓ ਨ ਜਾਈ ਕਹੀ ਭਾਂਤਿ*
*ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥*
*ਅੰਗ - ੧੨੦੪*

ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀਏ ਵਾਲੇ ਦੇ ਸਿਰਲੇਖ ਹੇਠ ਰੰਗਲੇ ਸੱਜਣ ਪੁਸਤਕ ਵਿੱਚ ਜੋ ਮਹਾਨ ਕਰਮ ਯੋਗੀ ਅਖੰਡ ਕੀਰਤਨੀ ਜਥਿਆਂ ਦੇ ਬਾਨੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਬਚਨ ਇਸੇ ਮਹੀਨੇ ਦੀ ਆਤਮ ਮਾਰਗ ਪਤ੍ਰਿਕਾ ਵਿੱਚ ਅੰਕਿਤ ਹਨ ।

ਸਮੇਂ ਦੇ ਰਿਤੀ ਰਿਵਾਜ ਅਨੁਸਾਰ ਛੋਟੀ ਉਮਰ ਦੇ ਵਿੱਚ ਹੀ ਆਪ ਜੀ ਦਾ ਵਿਆਹ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਨਾਲ ਹੋ ਗਿਆ । 13 ਸਾਲ ਦੀ ਉਮਰ ਵਿੱਚ ਹੀ ਆਪ ਨੇ ਸੌਹਰੇ ਘਰ ਧਮੋਟ ਵਿੱਚ ਜਾ ਕੇ ਸਾਰਿਆਂ ਦੀ ਸੇਵਾ ਸੰਭਾਲ ਕਰਕੇ ਬਹੁਤ ਹੀ ਪਿਆਰ ਸਤਿਕਾਰ ਪ੍ਰਾਪਤ ਕੀਤਾ । ਜਦੋਂ 18 ਸਾਲ ਦੀ ਭਰ ਜਵਾਨੀ ਵਿੱਚ ਸੰਤ ਮਹਾਰਾਜ ਘਰ ਬਾਰ ਛੱਡ ਕੇ ਸਿੰਧ ਵਿੱਚ 22-22 ਘੰਟੇ

ਤਪ ਕਰਦੇ ਸਨ ਉਸ ਸਮੇਂ ਆਪ ਨੇ ਵੀ ਸਿੰਧ ਵਿੱਚ ਜਾ ਕੇ ਬੀਬੀਆਂ ਨੂੰ ਗੁਰਮੁਖੀ ਪੜ੍ਹਾ ਕੇ ਗੁਰਬਾਣੀ ਪੜ੍ਹਨ ਦੀ ਸੇਧ ਦਿਤੀ । ਇਕ ਵਾਰੀ ਸੰਤ ਮਹਾਰਾਜ ਨੇ 9 ਮਹੀਨੇ ਲਗਾਤਾਰ under ground ਭੌਰੇ ਵਿੱਚ ਤਪ ਕਰਨ ਦਾ ਸੰਕਲਪ ਕੀਤਾ ਤਾਂ ਆਪ ਨੇ ਉਨ੍ਹਾਂ ਨੂੰ ਜੋ ਸੇਧ ਦਿਤੀ ਮਹਾਂਪੁਰਸ਼ਾਂ ਦੇ ਕਥਨ ਅਨੁਸਾਰ ਇਸ ਤਰ੍ਹਾਂ ਹੈ –

"ਆਪਾਂ ਪੁਜਾਰੀ ਬਣ ਕੇ ਕਿਸੇ ਅੱਗੇ ਹੱਥ ਨਹੀਂ ਕਰਨੇ ਹਨ ਗ੍ਰਿਹਸਤ ਆਸ਼ਰਮ ਵਿੱਚ ਰਹਿੰਦੇ ਹੋਏ ਗੁਰੂ ਨਾਨਕ ਮਾਰਗ ਨੂੰ ਅਪਣਾ ਕੇ ਦਾਤਾ ਪਦ ਵਿੱਚ ਬਖਸ਼ਿਸ਼ ਵਾਲੇ ਹੱਥ ਨਾਲ ਦਾਨ ਕਰਨਾ ਹੈ । ਸੰਤ ਮਾਤਾ ਜੀ ਦੀ ਸਲਾਹ ਨੂੰ ਮਨ ਕੇ ਆਪ ਫੌਜ ਵਿੱਚ ਭਰਤੀ ਹੋ ਗਏ ਉਸ ਉਪਰੰਤ ਸਿਵਲ ਵਿੱਚ ਸਰਵਿਸ ਕਰਦੇ ਹੋਏ ਆਖਰ ਦੇ ਵਿੱਚ ਖੇਤੀ ਬਾੜੀ ਫਾਰਮ ਚਲਾਉਂਦੇ ਹੋਏ ਦਾਤਾ ਪਦ ਵਿੱਚ ਹੀ ਵਿਚਰਦੇ ਰਹੇ ਹਨ । ਆਪ ਜੀ ਪੂਜਾ ਦੇ ਧਾਨ ਨੂੰ ਆਪਣੇ ਘਰ ਅੰਦਰ ਨਹੀਂ ਪ੍ਰਵੇਸ਼ ਕਰਨ ਦਿੰਦੇ ਹਨ ਜੋ ਵੀ ਨਿੱਜ ਦੀ ਲੋੜ ਹੈ ਉਹ ਆਪਣੀ ਕਿਰਤ ਕਮਾਈ ਵਿੱਚੋਂ ਹੀ ਪੂਰੀ ਕੀਤੀ ਹੈ । ਆਪ ਦੀ ਹੀ ਪ੍ਰੇਰਨਾਂ ਸ਼ਕਤੀ ਮਹਾਂਪੁਰਸ਼ਾਂ ਦੀ ਜਿੰਦਗੀ ਦੇ ਹਰ ਖੇਤਰ ਦੀ ਸਫਲਤਾ ਦਾ ਰਾਜ ਹੈ । ਜਿੰਦਗੀ ਦੇ ਹਰ ਖੇਤਰ ਵਿੱਚ ਆਪ ਜੀ ਨੇ ਸਾਰੀ ਜਿੰਮੇਵਾਰੀ ਆਪਣੇ ਉਤੇ ਲਈ ਹੈ ਫਾਰਮ ਚਲਾਉਂਦੇ ਹੋਏ ਮਹਾਂਪੁਰਸ਼ ਤਾਂ ਨਾਮ ਅਭਿਆਸ ਕਮਾਈ ਕਰਦੇ ਜਾਂ ਸਤਿਸੰਗ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਕਰਦੇ ਕਰਾਉਂਦੇ ਜਗ੍ਹਾ ਜਗ੍ਹਾ ਦੇ ਉਤੇ ਵਿਚਰਦੇ ਰਹਿੰਦੇ ਸਨ । ਬੀਜੀ ਫਾਰਮ ਦਾ ਕੰਮ ਨੌਕਰਾਂ ਤੋਂ ਆਪਣੀ ਦੇਖ ਰੇਖ ਹੇਠ ਕਰਵਾਉਂਦੇ ਰਹਿੰਦੇ ਸਨ । ਸਤਿਸੰਗ ਵਿੱਚ ਵੀ ਸਾਰਾ ਪ੍ਰਬੰਧ ਆਪ ਹੀ ਦੇਖਦੇ ਸਨ । ਜਦੋਂ ਕੋਈ ਸ਼ਰਾਬੀ ਸਤਿਸੰਗ ਵਿੱਚ ਆ ਜਾਂਦਾ ਤਾਂ ਆਪ ਪਿਆਰ ਨਾਲ ਉਸ ਨੂੰ ਅੱਗੇ ਲਿਜਾ ਕੇ ਬਿਠਾਉਂਦੇ ਸਨ ਪਿਆਰ ਨਾਲ ਹੀ ਅੱਗੇ ਤੋਂ ਜੀਵਨ ਬਦਲ ਦਿੰਦੇ ਸਨ ਜਿਵੇਂ ਕਿ ਮਾਤਾ ਲੋਈ ਜੀ ਨੇ ਕੋਹੜੀ ਰਾਜੇ ਦੇ ਰੋਗ ਨੂੰ ਦੂਰ ਕੀਤਾ ਸੀ । ਆਪ ਨੇ ਕਿੰਨਿਆਂ ਹੀ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ ਦੁਧ ਪੁੱਤ ਦੀਆਂ ਦਾਤਾਂ ਦੇ ਭੰਡਾਰੇ ਬਖਸ਼ਿਸ਼ ਕੀਤੇ ਹਨ ਐਸੀਆਂ ਬਖਸ਼ਿਸ਼ਾਂ ਨੂੰ ਅੱਖਰਾਂ ਵਿੱਚ ਰੂਪਮਾਨ ਕਰਨਾਂ ਬਹੁਤ ਹੀ ਮੁਸ਼ਕਿਲ ਕੰਮ ਹੈ ।



**ਪਰਮ ਪੂਜਯ ਸਤਿਕਾਰਯੋਗ ਬੀਜੀ ਜੀ ਅਪ੍ਰੈਲ 2001 ਵਿੱਚ ਗੁਰੂ ਗੋਬਿੰਦ ਸਿੰਘ ਵਿਦਿਆ ਦਾ ਉਦਘਾਟਨ ਕਰਦੇ ਹੋਏ ਨਾਲ ਹਨ ਸੰਤ ਮਹਾਰਾਜ ਰਤਵਾੜਾ ਸਾਹਿਬ**

ਹੁਣ ਵੀ ਆਪ ਜੀ ਦੀ ਅਸ਼ੀਰਵਾਦ ਨਾਲ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਆਏ ਸਾਧੂ ਮੁਸਾਫਰਾਂ ਨੂੰ ਜਾਤੀ ਤੇ ਅਮੀਰ–ਗਰੀਬੀ ਦੇ ਵਿਤਕਰੇ ਤੋਂ ਬਿਨਾਂ ਸਭ ਨੂੰ ਅੰਨ, ਬਸਤਰ ਤੇ ਰਿਹਾਇਸ਼ ਦੁਆਰਾ ਹਰ ਪ੍ਰਕਾਰ ਦੀ ਸਹੂਲਤ ਦੇ ਕੇ ਸੁਖ ਬਖਸ਼ੀਸ਼ ਹੋ ਰਹੇ ਹਨ । ਧੰਨ ਧੰਨ ਸੰਤ ਮਹਾਰਾਜ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੀ ਪਵਿੱਤਰ ਚਰਨ ਸ਼ੋਹ ਪ੍ਰਾਪਤ ਰਤਵਾੜਾ ਸਾਹਿਬ ਅਨੇਕਾਂ ਹੀ ਕਾਰਜ ਚਲਾਏ ਜਾ ਰਹੇ ਹਨ। ਆਪ ਨੇ ਆਪਣੇ ਕਰ ਕੰਵਲਾਂ ਦੁਆਰਾ ਤੇ ਧੰਨ ਧੰਨ ਸਾਹਿਬ ਸ੍ਰੀ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਵਿੱਤਰ ਨਾਮ ਤੇ ਅਪ੍ਰੈਲ 2001 ਵਿੱਚ "ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ" ਐਫੀਲੀਏਟਡ (ਸੀ.ਬੀ.ਐਸ.ਈ. ਦਿੱਲੀ) ਦਾ ਉਦਘਾਟਨ ਕਰਕੇ ਰੋਪੜ ਦੇ ਪਿਛੜੇ ਇਲਾਕੇ ਨੂੰ ਇੱਕ ਵੱਡੀ ਅਲੀਸ਼ਾਨ ਇਮਾਰਤ ਬਣਾ ਕੇ ਸਕੂਲ ਦੀ ਸਥਾਪਨਾ ਕੀਤੀ। ਮਹਾਂਪੁਰਖਾਂ ਦੀ ਦੂਰ ਦ੍ਰਿਸ਼ਟੀ ਰੰਗ ਲਿਆਈ । ਸਕੂਲ ਖੁਲ੍ਹੇ ਨੂੰ 9 ਸਾਲ ਹੀ ਹੋਏ ਹਨ ਕਿ ਇਸ ਪਛੜੇ ਇਲਾਕੇ ਦੇ ਬੱਚੇ 95% ਨੰਬਰ ਲੈ ਕੇ ਅੱਲਗ ਅੱਲਗ ਵਿਸ਼ਿਆਂ ਵਿੱਚ ਪੜਾਈ ਵਿੱਚ ਅੱਗੇ ਆ ਰਹੇ ਹਨ। ਅੱਜ ਇਸ ਮਿਸ਼ਨ ਨਾਲ ਸਬੰਧਤ ਸਕੂਲਾਂ ਵਿੱਚ ਹਜਾਰਾਂ ਬੱਚਾ ਇਸ ਇਲਾਕੇ ਵਿਚੋਂ ਆ ਕੇ ਦੁਨਿਆਵੀ ਵਿਦੀਆ ਦੇ ਨਾਲ ਨਾਲ ਜੋ ਰਤਵਾੜਾ ਸਾਹਿਬ ਦਾ ਰੂਹਾਨੀ ਨਜਾਰਾ ਹੈ ਉਸ ਦਾ ਅਨੰਦ ਮਾਣ ਰਿਹਾ ਹੈ। ਹਜਾਰਾਂ ਦਰੱਖਤ ਜਿਨਾਂ ਵਿੱਚ ਮੌਲਸਰੀ, ਔਲਾ, ਬਹੇੜਾ, ਅੰਬ, ਆਂਵਲਾ, ਨਿੰਮ, ਪਿੱਪਲ, ਬਰੋਟੇ, ਜਾਮਣ, ਨਿੰਬੂ, ਜਮੋਆ, ਟਾਹਲੀ, ਅਰਜਨ, ਅਸ਼ੋਕਾ, ਅਮਰੂਦ, ਬੇਰ, ਕੇਲੇ, ਸਟੀਵੀਆ, ਹਲਦੀ, ਜੜ੍ਹੀ ਬੂਟੀਆਂ, ਚਕਰਸੀਆ ਆਦਿ ਦਰਖਤ ਲਗਾ ਕੇ ਆਸ਼ਰਮ ਅੰਦਰ ਆਕਸੀਜਨ ਦੀ ਮਾਤਰਾ, ਵਾਤਾਵਰਣ ਨੂੰ ਸ਼ੁੱਧ ਪਵਿੱਤਰ ਰੱਖਣ ਵਾਸਤੇ ਲਗਾਏ ਗਏ ਹਨ। ਮਹਾਂਪੁਰਖਾਂ ਨੇ ਮਾਰਬਲ ਲਗਾਉਣ ਦੀ ਬਜਾਏ ਗੁਰਦੁਆਰਾ ਸਾਹਿਬ ਦੇ ਦੁਆਲੇ ਬਹੁਤ ਸੋਹਣੇ ਪਾਰਕ ਬਣਾਏ ਹਨ ਜਿਨ੍ਹਾਂ ਵਿੱਚ ਬੈਠ ਕੇ ਰੂਹਾਨੀ ਅਨੰਦ ਦੀਆਂ ਝਰਨਾਹਟਾਂ ਮਹਿਸੂਸ ਹੁੰਦੀਆਂ ਹਨ। ਮਹਾਂਪੁਰਖਾਂ ਨੇ ਇਸ ਭੂਮੀ ਦਾ ਕਣ ਕਣ ਨਾਮ ਜਪ ਕੇ ਪਵਿੱਤਰ ਕੀਤਾ ਹੋਇਆ ਹੈ। 1986 ਵਿੱਚ ਰਤਵਾੜਾ ਸਾਹਿਬ ਅਸਥਾਨ ਦਾ ਪਵਿੱਤਰ ਨੀਂਹ

ਪੱਥਰ ਮਹਾਂਪੁਰਖਾਂ ਨੇ ਆਪਣੇ ਕਰ ਕੰਵਲਾਂ ਦੁਆਰਾ ਕੀਤਾ ਤਾਂ ਉਸ ਤੋਂ ਬਾਅਦ ਨੀਂਹ ਪੱਥਰ ਵਿੱਚ ਸੰਤ ਮਾਤਾ ਜੀ ਤੋਂ ਚਾਂਦੀ ਦਾ ਸਿੱਕਾ ਰਖਵਾਇਆ ਸੀ ਇਸ ਭੇਦ ਨੂੰ ਸਤਿ ਪੁਰਸ਼ਾਂ ਨੇ ਪਰਗਟ ਕਰਦੇ ਹੋਏ ਕਿਹਾ ਸੀ ਕਿ ਜਿਸ ਘਰ ਵਿੱਚ ਜਨਮ ਲੈਣ ਵਾਲੀ ਬੱਚੀ ਨੂੰ ਜੀ ਆਇਆਂ ਕਿਹਾ ਜਾਵੇਗਾ ਅਤੇ ਇਸਤਰੀ ਜਾਤੀ ਦਾ ਵੱਧ ਤੋਂ ਵੱਧ ਸਤਿਕਾਰ ਕੀਤਾ ਜਾਵੇਗਾ ਉਸ ਘਰ ਵਿੱਚ ਕਦੇ ਵੀ ਧਨ ਦੌਲਤ ਲੱਛਮੀ ਦੀ ਘਾਟ ਨਹੀਂ ਆਉਂਦੀ ਹੈ । ਗੁਰੂ ਸਾਹਿਬ ਦਾ ਵੀ ਫੁਰਮਾਨ ਹੈ -

***ਭੰਡਿ ਜੰਮੀਐ ਭੰਡਿ ਨਿੰਮੀਐ***
***ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ***
***ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ***
***ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥***

***ਅੰਗ - ੪੭੩***




**ਦੇਹਰਾਦੂਨ ਜੌਲੀਗਰਾਂਟ ਵਿਖੇ ਮੈਡੀਕਲ ਕਾਲਜ ਦੇ ਸ਼ਿਲਾਨਿਆਸ ਤੋਂ ਪਹਿਲਾਂ ਪਰਮ ਸਤਿਕਾਰ ਯੋਗ ਬੀਜੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ। ਨਾਲ ਡਾ. ਸਵਾਮੀ ਰਾਮ ਜੀ ਅਤੇ ਸੰਤ ਮਹਾਰਾਜ ਰਤਵਾੜਾ ਸਾਹਿਬ**

ਉਜਾੜ ਜੰਗਲ ਬੀਆਵਾਨ ਨੂੰ ਅਬਾਦ ਕਰਨ ਵਾਸਤੇ ਆਪ ਜੀ ਨੇ ਆਪਣੀ ਪੂਰੀ ਸ਼ਕਤੀ ਰਤਵਾੜਾ ਸਾਹਿਬ ਅਸਥਾਨ ਤੇ ਲਗਾ ਦਿੱਤੀ ਹੈ। ਅਨੇਕਾਂ ਕਾਰ ਸੇਵਾ ਅਸਥਾਨ ਤੇ ਚਲਾਈਆਂ ਗਈਆਂ ਜਗਿਆਸੂ ਭੌਰਿਆਂ ਵਾਂਗ ਨਾਮ ਬਾਣੀ ਦੀ ਮਹਿਕ ਲੈਣ ਵਾਸਤੇ ਲਗਾਤਾਰ ਆਉਣ ਲੱਗੇ ਜਿੱਥੇ ਪਹਿਲਾਂ ਜੰਗਲ ਬੇਲੇ, ਸਰਕੜਾ ਸੀ ਉਸ ਨੂੰ ਸੰਗਤਾਂ ਦੇ ਸਹਿਯੋਗ ਨਾਲ ਪੁੱਟਣ ਲਈ ਸੰਗਤਾਂ ਨੇ ਆਪਣਾ ਯੋਗਦਾਨ ਆਪਣੇ ਟਰੈਕਟਰਾਂ ਟਰਾਲੀਆਂ ਰਾਂਹੀ ਸੇਵਾ ਕਰਕੇ ਪਾਇਆ। ਅਸਥਾਨ ਤੇ ਆਪ ਜੀ ਦੀ ਦੇਖ ਰੇਖ ਹੇਠ ਦਿਨ ਦੁਗਣੀ ਰਾਤ ਦੂਣੀ ਚੌਗਣੀ ਤਰੱਕੀ ਹੋ ਰਹੀ ਹੈ। ਆਸ਼ਰਮ ਦੇ ਨਾਲ ਲੱਗਦੀ ਨਦੀ ਦਾ ਵਹਾਅ ਪੂਰੇ ਜੋਰ ਨਾਲ ਲੰਘਦਾ ਹੋਣ ਕਰਕੇ ਇਸ ਦੀ protection ਵਾਸਤੇ ਆਪ ਜੀ ਦੀ ਦੂਰ ਦ੍ਰਿਸ਼ਟੀ ਹੋਣ ਕਾਰਨ ਨਦੀ ਦੇ ਕੰਢੇ ਤੇ ਅਨੇਕਾਂ ਦਰਖਤ ਜਮੋਏ ਲਗਵਾਏ ਤਾਂ ਜੋ ਨਦੀ ਦਾ ਪਾਣੀ ਆਸ਼ਰਮ ਵੱਲ ਨਾ ਆ ਸਕੇ। ਇਕ ਵਾਰ ਮਹਾਂਪੁਰਸ਼ ਆਪਣੇ ਪਰਿਵਾਰ ਵਿੱਚ ਅਮਰੀਕਾ ਗਏ ਹੋਏ ਸਨ। ਇਹ ਗੱਲ 1988 ਦੀ ਹੈ ਕਿ ਮੀਂਹ ਬਹੁਤ ਜੋਰ ਨਾਲ ਆ ਗਿਆ ਐਨੀ ਜੋਰ ਨਾਲ ਵਾਰਸ਼ ਪਈ ਕਿ ਨਦੀ ਆਪਣੇ ਹੱਦ ਬੰਨੇ ਢਾਹਉਂਦੀ ਰਤਵਾੜਾ ਸਾਹਿਬ ਆਸ਼ਰਮ ਵੱਲ ਨੂੰ ਵੱਧਦੀ ਆ ਰਹੀ ਸੀ ਅਨੁਮਾਨ ਲਗਾਇਆ ਗਿਆ ਜੇ ਏਸ ਤਰ੍ਹਾਂ ਪਾਣੀ ਚੜ੍ਹਦਾ ਗਿਆ ਤਾਂ ਰਾਤ ਨੂੰ ਆਸ਼ਰਮ ਵਿੱਚ ਆ ਵੜੇਗਾ, ਮਹਾਂਪੁਰਖਾਂ ਨੂੰ ਅਮਰੀਕਾ ਟੈਲੀਫੋਨ ਕੀਤਾ ਗਿਆ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਪੰਜ ਸਿੰਘ ਦੇਗ ਬਣਾ ਕੇ ਅਰਦਾਸ ਕਰ ਕੇ ਆਓ ਤੇ ਬੇਨਤੀ ਕਰੋ ਕਿ ਇਹ ਜਗ੍ਹਾਂ ਛੱਡ ਦਿਤੀ ਜਾਵੇ ਅਤੇ ਨਦੀ ਆਪਣੇ ਰੁੱਖ ਪਰ੍ਹਾਂ ਨੂੰ ਮੋੜ ਲਵੇ। ਮਹਾਂਪੁਰਖਾਂ ਦੇ ਬਚਨ ਮੁਤਬਿਕ ਪੰਜ ਸਿੰਘਾਂ ਨੇ ਦੇਗ ਬਣਾ ਕੇ ਅਰਦਾਸ ਕੀਤੀ । ਰਾਤ ਰਾਤ ਵਿੱਚ ਹੀ ਨਦੀ ਨੇ ਆਪਣਾ ਰੁਖ ਪਰ੍ਹਾਂ ਨੂੰ ਮੋੜ ਲਿਆ ਅਤੇ ਵੱਡੇ ਵੱਡੇ ਪੱਥਰ ਆਸ਼ਰਮ ਵਾਲੇ ਪਾਸੇ ਲਗਾ ਗਈ । ਕਿਉਂਕਿ ਗੁਰੂ ਪਾਤਿਸ਼ਾਹ ਦਾ ਫੁਰਮਾਨ ਹੈ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***
***ਭੈ ਵਿਚਿ ਅਗਨਿ ਕਢੈ ਵੇਗਾਰਿ ॥***
***ਭੈ ਵਿਚਿ ਧਰਤੀ ਦਬੀ ਭਾਰਿ ॥***
***ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥***
***ਭੈ ਵਿਚਿ ਰਾਜਾ ਧਰਮੁ ਦੁਆਰੁ ॥***
***ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥***
***ਕੋਹ ਕਰੋੜੀ ਚਲਤ ਨ ਅੰਤੁ ॥***
***ਭੈ ਵਿਚਿ ਸਿਧ ਬੁਧ ਸੁਰ ਨਾਥ ॥***


***ਭੈ ਵਿਚਿ ਆਡਾਣੇ ਆਕਾਸ ॥***
***ਭੈ ਵਿਚਿ ਜੋਧ ਮਹਾਬਲ ਸੂਰ ॥***
***ਭੈ ਵਿਚਿ ਆਵਹਿ ਜਾਵਹਿ ਪੂਰ ॥***
***ਸਗਲਿਆ ਭਉ ਲਿਖਿਆ ਸਿਰਿ ਲੇਖੁ ॥***
***ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥***

***ਅੰਗ - ੪੬੪***

ਇਸੇ ਤਰ੍ਹਾਂ ਇਸ ਸੰਪਰਦਾਇ ਦੇ ਉਪਰਲੇ ਸਾਧੂ ਸੰਤਾਂ ਨਾਲ ਘਟਨਾਂ ਵਾਪਰਦੀਆਂ ਆ ਰਹੀਆਂ ਹਨ - ਬਾਬਾ ਕਰਮ ਸਿੰਘ ਜੀ ਦੇ ਅਸਥਾਨ ਹੋਤੀ ਮਰਦਾਨ ਵਿਖੇ ਇੱਕ ਵਾਰ ਜਿਸਦੇ ਕੰਢੇ ਆਪ ਜੀ ਦੀ ਰਿਹਾਇਸ਼ ਸੀ ਉਸ 'ਕਲਪਾਣੀ' ਨਾਮੀ ਨਾਲੇ ਵਿੱ ਬਾਰਸ਼ਾਂ ਦੇ ਦਿਨੀਂ ਪਹਾੜੀ ਇਲਾਕੇ ਵਿੱਚ ਵਰਖਾ ਹੋਣ ਕਰਕੇ ਬੜਾ ਹੜ੍ਹ ਆ ਗਿਆ। ਦਰਿਆ ਆਪਣੇ ਕਿਨਾਰੇ ਢਾਹ ਕੇ ਹੱਦਾਂ ਤੋਂ ਬਾਹਰ ਵਗਣ ਲੱਗ ਪਿਆ। ਸਾਰੇ ਪਾਣੀ ਹੀ ਪਾਣੀ ਹੋ ਗਿਆ। ਹਾ-ਹਾ ਕਾਰ ਮੱਚ ਗਈ ਡੇਰੇ ਦੇ ਅੰਦਰ ਵੀ ਪਾਣੀ ਚਲਾ ਗਿਆ। ਲੰਗਰ ਦੇ ਬਰਤਨ ਤੇ ਹੋਰ ਸਮਾਨ ਪਾਣੀ ਵਿੱਚ ਤਰਨ ਲੱਗਾ। ਉਸ ਸਮੇਂ ਲਾਂਗਰੀ ਨੇ ਦੌੜ ਕੇ ਗੁਫਾ ਵਿੱਚ ਬੈਠੇ ਪ੍ਰਮੇਸ਼ਰ ਨਾਲ ਜੁੜੇ ਰੱਬੀ ਨੂਰ ਦੇ ਪਾਸ ਆ ਕੇ ਅਰਜ ਕੀਤੀ, "ਗਰੀਬ ਨਿਵਾਜ ! ਦਰਿਆ ਵਿੱਚ ਬੜਾ ਜੋਰਦਾਰ ਹੜ੍ਹ ਆ ਗਿਆ ਹੈ। ਪਾਣੀ ਨਾਲ ਡੇਰੇ ਦਾ ਨੁਕਸਾਨ ਹੋ ਰਿਹਾ ਹੈ ਆਪ ਕ੍ਰਿਪਾ ਕਰੋ।" ਉੱਧਰ ਮਰਦਾਨ ਦੇ ਬਜਾਰਾਂ ਵਿੱਚ ਵੀ ਜਲ ਫਿਰ ਰਿਹਾ ਸੀ। ਲੋਕਾਂ ਦੀ ਅਵਾਜਾਈ ਬੰਦ ਹੋ ਗਈ ਸੀ। ਉਸ ਸਮੇਂ ਬਾਬਾ ਜੀ ਨੇ ਛੋਟੇ ਸੰਤ ਭਾਈ ਲਾਲ ਸਿੰਘ ਜੀ ਨੂੰ ਹੁਕਮ ਕੀਤਾ ਕਿ ਇਹ ਬਰਨ ਦੇਵਤਾ ਗੁਰੂ ਘਰੋਂ ਪ੍ਰਸ਼ਾਦਿ ਲੈਣ ਆਇਆ ਹੈ। ਜਾਓ ਕੁਝ ਕੁ ਨਕਦੀ ਮਾਇਆ ਬਾਦਾਮ ਪਤਾਸੇ ਤੇ ਮਿਸ਼ਰੀ ਦਾ ਪ੍ਰਸ਼ਾਦਿ ਦਰਿਆ ਦੀ ਭੇਟਾ ਕਰ ਦਿਉ। ਅਤੇ ਨਾਲ ਇਹ ਬਚਨ ਆਖਣਾ :

***ਕੰਧੀ ਵਹਣ ਨ ਢਾਹਿ***
***ਤਉ ਭੀ ਲੇਖਾ ਦੇਵਣਾ॥***
***ਜਿਧਰਿ ਰਬ ਰਜਾਇ***
***ਵਹਣੁ ਤਿਦਾਊ ਗੰਉ ਕਰੇ॥*** ਅੰਗ - ੧੩੮੨

ਹਜ਼ੂਰ ਦਾ ਹੁਕਮ ਸੁਣ ਕੇ ਜਦੋਂ ਭਾਈ ਲਾਲ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਤਾਂ 'ਭੈ ਵਿਚਿ ਪਵਣੁ ਵਹੈ ਸਦਵਾਉ' ਦੇ ਮਹਾਂਵਾਕ ਅਨੁਸਾਰ ਭੁੱਖੇ ਸ਼ੇਰ ਵਾਗੂੰ ਸ਼ੁਕਦਾ ਦਰਿਆ ਇੱਕ ਦਮ ਥੱਲੇ ਬਹਿ ਗਿਆ ਅਤੇ ਪਹਿਲਾਂ ਵਾਗੂੰ ਨੀਵਾਂ ਹੋ ਕੇ ਚਲਣ ਲੱਗਾ।



**ਅਪ੍ਰੈਲ 1995 ਵਿਸਾਖੀ ਦੇ ਸ਼ੁਭ ਦਿਹਾੜੇ ਤੇ ਪਰਮ ਸਤਿਕਾਰਯੋਗ ਬੀਜੀ ਜੀ ਆਤਮ ਮਾਰਗ ਮੈਗਜੀਨ ਪ੍ਰਕਾਸ਼ਿਤ ਕਰਦੇ ਹੋਏ।**

***ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ॥***
***ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥***
***ਅੰਗ-੮੧੭***

ਭਾਈ ਸਾਹਿਬ ਭਾਈ ਦਇਆ ਸਿੰਘ ਜੀ ਤੋਂ ਚੱਲੀ ਇਹ ਸੰਪਰਦਾਇ ਵਿੱਚ ਇਕ ਤੋਂ ਇਕ ਚੜ੍ਹਦੀ ਕਲਾ ਵਾਲੇ ਮਹਾਂਪੁਰਖ ਹੋਏ ਸਿਰਮੌਰ ਰਤਨ ਸਾਹਿਬ ਭਾਈ ਦਿਆ ਸਿੰਘ ਜੀ, ਪਹਿਲੇ ਰਤਨ ਬਾਬਾ ਸੋਭਾ ਸਿੰਘ ਜੀ, ਦੂਜੇ ਰਤਨ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ, ਤੀਸਰੇ ਰਤਨ ਸਾਹਿਬ ਬਾਬਾ ਭਾਗ ਸਿੰਘ ਜੀ ਕੁਰੀ, ਚੌਥੇ ਰਤਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਪੰਜਵੇਂ ਰਤਨ ਬਾਬਾ ਮਹਾਰਾਜ ਸਿੰਘ ਜੀ, ਛੇਵੇਂ ਰਤਨ ਬਾਬਾ ਰਾਮ ਸਿੰਘ ਜੀ, ਸੱਤਵੇਂ ਰਤਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਅੱਠਵੇਂ ਰਤਨ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ, ਨੌਵੇਂ ਰਤਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਸਮੇਤ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਤੋਂ ਵਰੋਸਾਇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮਾਤਾ ਜੀ ਰਤਵਾੜਾ ਸਾਹਿਬ ਵਾਲੇ ਇਸ ਸੰਪ੍ਰਦਾਇ ਵਿੱਚ ਕਹਣੀ ਕਰਨੀ ਦੇ ਸੂਰੇ 'ਸੂਰ ਬੀਰ ਬਚਨ ਕੇ ਬਲੀ' ਮਹਾਂਪੁਰਖ ਹੋਏ ਸ਼ਕਤੀਆਂ ਜਿਨ੍ਹਾਂ ਦੇ ਚਰਨਾਂ ਵਿੱਚ ਆਮ ਹੀ ਹੋਇਆ ਕਰਦੀਆਂ ਸਨ।

ਸੰਤ ਮਹਾਰਾਜ ਦੇ ਨਾਲ ਆਪ ਨੇ ਜਦੋਂ ਰੋਪੜ ਜਿਲ੍ਹੇ ਵਿੱਚ

ਪ੍ਰਚਾਰ ਅਰੰਭਿਆ ਇਹ ਗੱਲਾਂ ਆਮ ਸੁਣਨ ਨੂੰ ਮਿਲਦੀਆਂ ਸਨ। ਬਹੁਤ ਸਮੇਂ ਦੀ ਬਾਤ ਹੈ ਜਦੋਂ ਰਤਵਾੜਾ ਸਾਹਿਬ ਵਾਲੇ ਮਹਾਂਪੁਰਖ ਸ੍ਰੀ ਮਾਨ 108 ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜੇ ਸਾਹਿਬ ਵਲਿਆਂ) ਪਾਸ 1973 ਵਿੱਚ ਗਏ ਤਾਂ ਉਨ੍ਹਾਂ ਨੇ ਹੁਕਮ ਕੀਤਾ ਕਿ ਇਕ ਲੱਖ ਰੁਪਈਆ ਉਨ੍ਹਾਂ ਵਲੋਂ ਲੈ ਕੇ, ਵੀਡੀਓ ਫਿਲਮਾਂ ਰਾਹੀਂ latest scientific media ਦੀ ਵਰਤੋਂ ਕਰਕੇ ਗੁਰਮਤਿ ਸਿਧਾਤਾਂ ਨੂੰ ਪ੍ਰਚਾਰਨ ਦਾ ਜਤਨ ਕਰੋ। ਮਹਾਂਪੁਰਸ਼ਾਂ ਨੇ ਤਿੰਨ ਵਾਰੀ ਆਗਿਆ ਕਰੀ ਪਰ ਐਡੀ ਵੱਡੀ ਰਕਮ ਜੋ ਅੱਜ ਦੇ ਘਟੋ-ਘਟ 30 ਲੱਖ ਦੇ ਬਰੋਬਰ ਹੈ, ਲੇਣ ਤੋਂ ਸੰਕੋਚ ਕੀਤਾ ਅਤੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਕਿਹਾ ਕ ਮੇਰੀ ਕਮਾਈ ਵਿੱਚ ਹੀ ਬਰਕਤ ਪਾ ਦੇਵੋ, ਮੈਂ ਬਹੁਤੀ ਫਸਲ ਉਗਾਵਾਂ, ਮਿਹਨਤ ਕਰਾਂ ਅਤੇ ਉਸ ਵਿਚੋਂ ਧਨ ਬਚਾ ਕੇ ਆਪ ਦਾ ਹੁਕਮ ਕਮਾਵਾਂ। ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ ਬ੍ਰਹਮ ਲੀਨ ਹੋ ਗਏ, ਸਮਾਂ ਲੰਘਦਾ ਗਿਆ 1986 ਵਿੱਚ ਪੂਰੇ 13 ਸਾਲ ਲੰਘ ਜਾਣ ਪਿਛੋਂ ਪਹਿਲੀ ਵੀਡਿਓ ਫਿਲਮ ਬਣੀ ਲਗਾਤਾਰ ਵੱਖ ਵੱਖ ਗੁਰਮਤਿ ਦੇ ਗੂੜ੍ਹ ਸਿਧਾਂਤਾ ਨੂੰ ਛੋਹਦੀਆਂ ਫਿਲਮਾਂ ਤਿਆਰ ਕੀਤੀਆਂ ਗਈਆਂ। ਫਿਲਮਾਂ ਨੂੰ ਸੋਹਣੀਆਂ ਖੂਬਸੂਰਤ, ਚੰਗੀ ਦਿਖ ਬਣਾਉਣ ਵਿੱਚ ਬੀਜੀ ਦਾ ਹੀ ਯੋਗਦਾਨ ਹੈ। ਇਨ੍ਹਾਂ ਫਿਲਮਾਂ ਦਾ ਐਤਨਾ ਪ੍ਰਭਾਵ ਪਿਆ ਕਿ ਵਿਦੇਸ਼ਾਂ ਵਿੱਚ ਵਸਦੇ ਅਸਾਡੇ ਵੀਰ, ਬੱਚੇ ਗੁਰੂ ਨਾਨਕ ਸਿਧਾਂਤਾਂ ਵਲ ਨੂੰ ਪ੍ਰੇਰਿਤ ਹੋ ਗਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸਾਏ ਮਾਰਗ ਨੂੰ ਅਪਣਾਅ ਕੇ ਅਧਿਆਤਮ ਮਾਰਗ ਤੇ ਚਲਣ ਲੱਗੇ। ਸ਼ਰਾਬਾਂ-ਕਬਾਬਾਂ ਅਤੇ ਹੋਰ ਕੁਰੀਤੀਆਂ ਦਾ ਦ੍ਰਿੜ੍ਹਤਾ ਨਾਲ ਤਿਆਗ ਕਰਕੇ ਗੁਰਮਤਿ ਦੇ ਧਾਰਨੀ ਹੁੰਦੇ ਗਏ। ਥੋੜੇ ਜਿਹੇ ਸਮੇਂ ਵਿੱਚ ਹੀ ਲੱਖਾਂ ਹੀ ਪ੍ਰੇਮੀਆਂ ਨੇ ਵਿੱਧੀ ਪੂਰਵਕ ਅਮ੍ਰਿਤ ਛਕ ਕੇ ਸਿੱਖੀ ਮੰਡਲ ਵਿੱਚ ਪ੍ਰਵੇਸ਼ ਕਰ ਲਿਆ। ਸੰਤ ਮਾਤਾ ਜੀ ਦਾ ਮਹਾਂਪੁਰਸ਼ਾਂ ਦੇ ਸਤਿਸੰਗ ਤੋਂ ਬਾਅਦ ਬਹੁਤ ਹੀ ਸਿਧਾ ਸਪਸ਼ਟ ਬੀਬੀਆਂ ਪ੍ਰਥਾਇ ਉਪਦੇਸ਼ ਕਵਿਤਾ ਰਾਹੀਂ ਹੁੰਦਾ ਸੀ। ਆਪ ਜੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਦੀ ਪ੍ਰੇਰਨਾਂ ਦੇ ਰਹੇ ਹਨ -

***ਜਾਗਤ ਜੋਤਿ ਜਪੈ ਨਿਸ ਬਾਸਰ,***<br>
***ਏਕ ਬਿਨਾ ਮਨਿ ਨੈਕੁ ਨ ਆਨੈ।***<br>
***ਪੂਰਨ ਪ੍ਰੇਮ ਪ੍ਰਤੀਤਿ ਸਜੈ,***<br>
***ਬ੍ਰਤ, ਗੋਰ ਮੜੀ ਮਠ ਭੂਲਿ ਨ ਮਾਨੈ***<br>
***ਤੀਰਥੁ ਦਾਨ ਦਯਾ ਤਪ ਸੰਜਮ,***<br>
***ਏਕ ਬਿਨਾ ਨਹਿ ਏਕੁ ਪਛਾਨੈ***<br>
***ਪੂਰਨ ਜੋਤਿ ਜਗੈ ਘਟ ਮਹਿ ਤਬ,***<br>
***ਖਾਲਸਾ ਤਾਹਿ ਨਖਾਲਸ ਜਾਨੈ।***



**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਸ਼ਿਲਾਨਿਆਸ ਸਮੇਂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਪਰਮ ਸਤਿਕਾਰਯੋਗ ਬੀਜੀ ਜੀ ਤੋਂ ਨੀਂਹ ਵਿੱਚ ਚਾਂਦੀ ਦੇ ਰੁਪਏ ਰਖਵਾਉਂਦੇ ਹੋਏ।**

ਇਹ ਇਕ ਬਹੁਤ ਵੱਡੀ ਸਫਲਤਾ ਸੀ ਜਿਸ ਦੇ ਸਿੱਟੇ ਵੱਜੋਂ ਇਨ੍ਹਾਂ ਨੂੰ ਸਿੱਖੀ ਨਾਲ ਐਤਨਾ ਪਿਆਰ ਹੋਇਆ ਕਿ ਮਹਾਂਪੁਰਖਾਂ ਨੂੰ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਪ੍ਰੇਮੀਆਂ ਲਈ 1000X240 ਫੁੱਟ ਦੇ ਮਹਾਨ ਪੰਡਾਲ ਹਰ ਸਾਲ ਲਾਉਣੇ ਪਏ। 300x180 ਫੁਟ ਦੇ ਵਿਸ਼ਾਲ ਪੰਡਾਲ ਲੰਗਰ ਛਕਣ ਵਾਲਿਆਂ ਲਈ ਲਾਉਣੇ ਪਏ ਜਿਥੇ ਇਕ ਘੰਟੇ ਵਿੱਚ 18000 ਤੋਂ ਵੱਧ ਪ੍ਰੇਮੀ ਲੰਗਰ ਛਕ ਜਾਂਦੇ ਸਨ। (ਮਹਾਂਪੁਰਖਾਂ ਦੀ ਚਲਾਈ ਪ੍ਰਪਾਟੀ ਅਨੁਸਾਰ ਹੁਣ ਵੀ ਇਹ ਸਮਾਗਮ ਆਉਣ ਵਾਲੀ ਮਿਤੀ 28, 29,30 ਅਤੇ 31 ਅਕਤੂਬਰ ਨੂੰ ਰਤਵਾੜਾ ਸਾਹਿਬ ਦੀ ਮਹਾਨ ਤਪੋ ਭੂਮੀ ਉਪਰ ਮਹਾਂਪੁਰਖਾਂ ਦੀ ਬਰਸੀ ਦੇ ਰੂਪ ਵਿੱਚ ਮਨਾਏ ਜਾਂਣੇ ਹਨ। ਜਿਸ ਵਿੱਚ ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੇ ਅਨੇਕਾਂ ਦੇਸ਼ ਵਿਦੇਸ਼ਾਂ ਤੋਂ ਪ੍ਰੇਮੀ ਰਤਵਾੜਾ ਸਾਹਿਬ ਪਹੁੰਚ ਰਹੇ ਹਨ। ਸਾਡੇ ਕੋਲ ਈਮੇਲ ਟੈਲੀਫੋਨ, ਮੋਬਾਇਲ ਫੈਕਸ ਰਾਹੀਂ ਸਨੇਹੇ ਆ ਰਹੇ ਹਨ, ਉਨ੍ਹਾਂ ਦੀ ਦੇਖ ਰੇਖ ਯੋਗ ਰਿਹਾਇਸ਼ ਦਾ ਪ੍ਰਬੰਧ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਹੀ ਕੀਤਾ ਗਿਆ ਹੈ, ਤਾਂ ਜੋ ਸੰਗਤਾਂ ਚਾਰ ਦਿਨ ਦੇ ਸਮਗਾਮ ਦਾ ਪੂਰਾ ਪੂਰਾ ਲਾਹਾ ਉਠਾਇਆ ਜਾ ਸਕੇ। ਸਮਾਗਾਮ ਦਾ ਪ੍ਰੋਗਰਾਮ ਅੰਮ੍ਰਿਤਵੇਲੇ 3.00 ਤੋਂ ਸ਼ੁਰੂ ਹੋ ਕੇ ਰਾਤ 11.00 ਵਜੇ ਤੱਕ ਹੁੰਦਾ ਹੈ। ਜਿਸ ਵਿੱਚ ਅੰਮ੍ਰਿਤਵੇਲੇ 3.00 ਵਜੇ ਤੋਂ 4.00 ਵਜੇ ਤੱਕ ਟਰਸਟ ਦੇ ਬਾਨੀ ਮਹਾਂਪੁਰਖਾਂ ਦੁਆਰਾ ਦੱਸੀ ਜੁਗਤ ਅਨੁਸਾਰ ਕੇਸੇਟ ਲਗਾ ਕੇ ਸਵਾਸ ਰਾਹੀਂ ਸਿਮਰਨ ਕਰਵਾਇਆ ਜਾਂਦਾ ਹੈ। 4.00 ਤੋਂ 6.00 ਵਜੇ ਤੱਕ ਆਸਾ ਜੀ ਦੀ ਵਾਰ ਦੇ ਕੀਰਤਨ, 7.00 ਵਜੇ ਧੰਨ ਧੰਨ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਥਾ, ਉਪਰੰਤ 8.00 ਵਜੇ ਤੋਂ ਸੰਤ ਸਮਾਗਾਮ ਸ਼ੁਰੂ ਹੋ ਜਾਂਦਾ ਹੈ। ਜਿਸ ਵਿਚ ਵੱਖ ਵੱਖ ਸੰਪ੍ਰਦਾਇ ਦੇ ਸਾਧੂ ਸੰਤ ਮਹਾਤਮਾ ਆਪਣੇ ਅਨੁਭਵੀ ਕੀਰਤਨ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਸ਼ਾਮ 4.00 ਵਜੇ ਦਿਨ ਦੇ ਦਿਵਾਨ ਦੀ ਸਮਾਪਤੀ ਦੀ ਅਰਦਾਸ ਉਪਰੰਤ 5.00 ਵਜੇ ਰਹਿਰਾਸ, ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ, ਮਹਾਂਪੁਰਖਾਂ ਦੇ ਵੀਡੀਓ ਕੈਸੇਟ ਰਾਹੀਂ ਪ੍ਰਵਚਨ ਉਪਰੰਤ ਉਦਾਸੀ ਸੰਪ੍ਰਦਾਇ ਆਨ ਮੱਤਾਂ ਦੇ ਸਾਧੂ ਸੰਤ ਸੂਫੀ, ਢਾਡੀ ਸੰਗਤਾਂ ਨੂੰ ਨਿਹਾਲ ਕਰਦੇ ਹਨ ਅਤੇ 11.00 ਵਜੇ ਸਮਾਪਤੀ ਦੀ ਅਰਦਾਸ ਕੀਤੀ ਜਾਂਦੀ ਹੈ। ਇਹ ਸਮਾਗਮ 1000X240 ਦੇ ਵੱਡੇ ਪੰਡਾਲ ਵਿੱਚ ਮਨਾਇਆ ਜਾਂਦਾ ਹੈ। ਸਮਾਗਮ ਦੁਰਾਨ 24 ਘੰਟੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹਿੰਦੇ ਹਨ। ਅੱਖਾਂ ਦਾ ਫਰੀ ਮੈਡੀਕਲ ਕੈਂਪ ਲਗਾਇਆ ਜਾਣਾ ਹੈ ਜਿਸ ਵਿੱਚ ਲੋੜ ਵੰਦ ਪ੍ਰੇਮੀਆਂ ਨੂੰ ਲੈਨਸ, ਐਨਕਾਂ ਅਤੇ ਅੱਖਾਂ ਦੇ ਫਰੀ ਓਪਰੇਸ਼ਨ ਕੀਤੇ ਜਾਣੇ ਹਨ। ਇਸੇ ਤਰਾਂ ਦੇਹਰਾਦੂਨ ਜੌਲੀ ਗਰਾਂਟ ਤੋਂ ਡਾ. ਸਵਾਮੀ ਰਾਮ ਜੀ ਦੇ ਹਾਸਪਿਟਲ ਤੋਂ ਡਾਕਟਰਾਂ ਦੀ ਟੀਮ ਨੇ ਅਉਣਾ ਹੈ ਜੋ ਕਿ ਲੱਖਾਂ ਰੁਪਏ ਦੀਆਂ ਫਰੀ ਦਵਾਈਆਂ ਸੰਗਤਾਂ ਨੂੰ ਚੈਕਅਪ ਕਰਕੇ ਦਵਾਈਆਂ ਦੇਣਗੇ।) ਇਹ ਇਕ ਉਤਸ਼ਾਹ ਸੀ ਜੋ ਉਨ੍ਹਾਂ ਸੰਗਤਾਂ ਵਿੱਚ ਪੈਦਾ ਹੋਇਆ ਜਿਹੜੇ 1986 ਤੋਂ ਪਹਿਲਾਂ ਤਮਾਕੂ ਬੀਜਦੇ ਸਨ, ਜਰਦੇ ਵਿਚ ਤਮਾਕੂ ਖਾਂਦੇ ਸਨ, ਸ਼ਰਾਬ ਪੀਂਦੇ ਸਨ ਅਤੇ ਸੱਪਾਂ, ਭੂਤਾਂ-ਪ੍ਰੇਤਾਂ, ਦਰੱਖਤਾਂ ਨੂੰ ਮੱਥੇ ਟੇਕਦੇ ਸਨ; ਤਾਂਤਰੀ ਲੋਕ ਇਨ੍ਹਾਂ ਨੂੰ ਖੂਬ ਲੁੱਟ ਰਹੇ ਸਨ ਪਰ ਜਦੋਂ ਗੁਰਮਤਿ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਇਹ ਪਖੰਡਾਂ ਦੀ ਖੇਲ੍ਹ ਕਰਨ ਵਾਲੇ ਲੋਕ ਆਪਣੇ ਆਪ ਹੀ ਰੋਪੜ, ਬਨੂੰੜ, ਰਾਜਪੁਰਾ, ਅੰਬਾਲਾ, ਪਟਿਆਲਾ ਅਤੇ ਫਤਹਿਗੜ੍ਹ ਦੇ ਇਲਾਕੇ ਵਿਚੋਂ ਅਲੋਪ ਹੋ ਗਏ ਅਤੇ ਇਹ ਸੁਚੱਜਾ ਤੇ ਸਚਿਆਰ ਜੀਵਨ ਦ੍ਰਿਸ਼ਟੀ ਗੋਚਰੇ ਹੋਣ ਲੱਗਿਆ। ਨਸ਼ੇ ਛੱਡਣ ਨਾਲ ਜਨਤਾ ਦੀ ਸਿਹਤ ਉਤੇ ਬਹੁਤ ਚੰਗਾ ਅਸਰ ਪਿਆ। ਪ੍ਰਸਪਰ ਮਿਲਵਰਤਣ ਦਾ ਭਾਵ, ਸੇਵਾ ਕਰਨ ਦੀ ਲਾਲਸਾ ਨਾਲ ਇਕ ਬੜਾ ਨਿਰੋਇਆ ਭਾਈਚਾਰਾ ਹੋਂਦ ਵਿੱਚ ਆਇਆ। ਇਲਾਕੇ ਦੇ ਲੋਕਾਂ ਦੀ ਆਰਥਿਕ ਹਾਲਤ ਨਸ਼ੇ ਛੱਡਣ ਨਾਲ ਪਲਟਾ ਖਾ ਗਈ, ਬਹੁਤ ਸੋਹਣੀ ਖੇਤੀ ਅਤੇ Dairy farming ਹੋਣ ਲੱਗੀ। ਬੱਚੇ ਪੜ੍ਹਾਈ-ਲਿਖਾਈ ਵਿੱਚ ਆਪਣਾ ਤਾਣ ਲਾਉਣ ਲਗੇ ਅਤੇ ਇਹੀ ਇਲਾਕੇ ਜਿਨ੍ਹਾਂ ਨੂੰ backward ਸਮਝ ਕੇ ਕੋਈ ਪ੍ਰਚਾਰਕ ਇਨ੍ਹਾਂ ਥਾਵਾਂ ਤੇ ਆਇਆ ਨਹੀਂ ਸੀ ਕਰਦਾ; ਅੱਜ ਇਹ ਅਗਾਂਹ-ਵਧੂ ਹੋਣ ਦੇ ਪ੍ਰਤੀਕ ਨਜਰ ਆਉਣ ਲਗੇ ਹਨ । ਪਿੰਡਾਂ-ਪਿੰਡਾਂ ਵਿੱਚ ਆਸਾ ਜੀ ਦੀ ਵਾਰ ਦੇ ਕੀਰਤਨ ਕਰਨ ਵਾਲੇ, ਆਪਣੀਆਂ ਹੋਰ ਧਾਰਮਿਕ ਕ੍ਰਿਆਵਾਂ ਨਿਭਾਉਣ ਵਾਲੇ ਪੈਦਾ ਹੋ ਗਏ ਅਤੇ ਇਕ ਤਰ੍ਹਾਂ ਨਾਲ ਇਨ੍ਹਾਂ ਇਲਾਕਿਆਂ ਵਿਚ ਇਨਕਲਾਬ ਹੀ ਆ ਗਿਆ । ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਆਦਰਸ਼ਾਂ ਵਿਚ ਕਿਸੇ ਮਜ੍ਹਬ, ਸੰਪ੍ਰਦਾ, ਕਿਸੇ ਰਜਸੀ ਪਾਰਟੀ ਨਾਲ, ਨਾ ਹੀ ਹਿੱਤ ਅਤੇ ਨਾ ਹੀ ਅਹਿਤ ਦੀ ਨੀਤੀ ਨੂੰ ਮੁਖ ਰਖ ਕੇ ਉਸ ਮੁਤਾਬਿਕ ਕੰਮ ਹੁੰਦਾ ਰਿਹਾ ਹੈ। ਅਸੀਂ ਸਰਬਤ ਦਾ ਭਲਾ ਚਾਹੁੰਦੇ ਹੋਏ ਅੱਗੇ ਵਧਦੇ ਗਏ ਅਤੇ ਕਿਸੇ ਨਾਲ ਵੀ ਅਸੀਂ confrontation ਵਿੱਚ ਨਾ ਆਏ। ਇਕੋ ਆਤਮਾ ਸਾਰਿਆਂ ਵਿੱਚ ਪ੍ਰੀਪੂਰਨ ਸਮਝ ਕੇ ਇਸ ਦਾ ਪ੍ਰਕਾਸ਼ ਹਨ੍ਹੇਰਿਆਂ ਹਿਰਦਿਆਂ ਵਿਚ ਫੈਲਾਉਣਾ, ਇਹ ਸਾਡਾ ਆਦਰਸ਼ ਹੈ। ਜਦੋਂ 1993 ਵਿਚ ਪਟਿਆਲਾ, ਰੋਪੜ, ਫਤਹਿਗੜ੍ਹ ਸਾਹਿਬ ਦੇ ਪਿੰਡ ਹੜ੍ਹਾਂ ਦੀ ਮਾਰ ਵਿੱਚ ਆਏ ਤਾਂ ਉਸ ਸਮੇਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੈਂਬਰਾਂ ਨੇ ਘਰ-ਘਰ ਵਿੱਚ ਜਾ ਕੇ ਲੋੜੀਂਦੀਆਂ ਵਸਤਾਂ,



**ਅਪ੍ਰੈਲ 2002 ਵਿੱਚ ਪਰਮ ਸਤਿਕਾਰਯੋਗ ਬੀਜੀ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦਾ ਉਧਘਾਟਨ ਕਰਦੇ ਹੋਏ**

ਵਸਤਰ ਅਤੇ ਹੋਰ ਅਨੇਕਾਂ ਚੀਜਾਂ ਨਾਲ ਸਹਾਇਤਾ ਕੀਤੀ। ਸਕੂਲ ਦੇ ਬੱਚਿਆਂ ਨੂੰ ਨਵੇਂ ਸਿਰਿਓ ਪੁਸਤਕਾਂ, ਵਰਦੀਆਂ, ਬੂਟ ਲੈ ਕੇ ਦਿਤੇ, ਸਕੂਲਾਂ ਨੂੰ disinfect ਕਰਾ ਕੇ ਸਫੈਦੀ ਕਰਾਈ, ਗਿਰੇ ਹੋਏ ਮਕਾਨਾਂ ਨੂੰ ਮੁੜ ਉਸਾਰਿਆ । ਇਸ ਮੰਤਵ ਲਈ ਮਿਸ਼ਨ ਵੱਲੋਂ ਉਸ ਸਮੇਂ 70 ਲੱਖ ਰੁਪਏ, ਬਿਨਾਂ ਕਿਸੇ ਤੋਂ ਪ੍ਰਸੰਸਾ ਲਏ, ਲੋੜਵੰਦਾਂ ਲਈ ਖਰਚ ਕੀਤੇ, ਅਨੇਕਾਂ ਹੀ ਲੜਕੀਆਂ ਜਿਨ੍ਹਾਂ ਦੇ ਦਾਜ ਹੜ੍ਹ ਗਏ ਸਨ, ਉਨ੍ਹਾਂ ਦੀਆਂ ਸ਼ਾਦੀਆਂ ਲਈ 30 ਸੂਟ, 31 ਭਾਂਡੇ, 4 ਬਿਸਤਰੇ, ਆਟਾ, ਖੰਡ ਅਤੇ ਲੋੜੀਂਦੀਆਂ ਵਸਤਾਂ ਹਰ ਇਕ ਨੂੰ ਦੇ ਕੇ ਕੀਤੇ ਗਏ । ਇਸ ਤਰ੍ਹਾਂ ਨਿਸ਼ਕਾਮ ਸੇਵਾ ਦਾ ਭਾਵ ਗੁਰਮਤਿ ਦੇ ਧਾਰਨੀਆਂ ਵਿੱਚ ਪ੍ਰਵੇਸ਼ ਕਰ ਗਿਆ । ਇਹ ਮਿਸ਼ਨ ਆਪਣੇ ਆਦਰਸ਼ਾਂ ਦੀ ਪ੍ਰਾਪਤੀ ਲਈ ਦਿਨ ਰਾਤ ਅੱਗੇ ਵਧਦਾ ਗਿਆ ਅਤੇ ਅਧਿਆਤਮਵਾਦ ਦੇ ਗੁੜ੍ਹ ਵਿਸ਼ਿਆਂ ਤੇ ਅਧਾਰਿਤ 45 ਦੇ ਕਰੀਬ ਹਿੰਦੀ ਅੰਗਰੇਜੀ ਅਤੇ ਪੰਜਾਬੀ ਵਿੱਚ ਪੁਸਤਕਾਂ ਛਾਪੀਆਂ ਗਈਆਂ। ਇਨ੍ਹਾਂ ਪੁਸਤਕਾਂ ਦੀ ਐਨੀ ਖਿਚ ਪਈ ਕਿ 13000 ਹਜਾਰ ਪੁਸਤਕਾਂ 1996 ਦੇ ਸਮਾਗਮ ਵਿੱਚ ਤਿੰਨ ਦਿਨ ਵਿੱਚ ਹੀ ਸੰਗਤਾਂ ਪਾਸ ਪਹੁੰਚ ਗਈਆਂ। ਅੱਜ ਇਨ੍ਹਾਂ ਪੁਸਤਕਾਂ ਦੀ ਮੰਗ ਸੰਸਾਰ ਅੰਦਰ ਬਹੁਤ ਵੱਧ ਚੁਕੀ ਹੈ ਚਾਹਵਾਨ ਮਹਾਂਪੁਰਖਾਂ ਦੇ ਪਿਆਰੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਇਨ੍ਹਾਂ ਪੁਸਤਕਾਂ ਨੂੰ ਆਪ ਪੜ੍ਹ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਤੋਂ ਜਾਣੂੰ ਹੋ ਰਹੇ ਹਨ । ਅਗੇ ਹੋਰ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਿੱਚ ਵੰਡ ਰਹੇ ਹਨ। ਅਪ੍ਰੈਲ 1995 ਦੀ ਸ਼ੁਭ ਵਿਸਾਖੀ ਨੂੰ ਸੰਤ ਮਾਤਾ ਜੀ ਦੇ ਕਰ ਕੰਵਲਾਂ ਰਾਹੀਂ ਰਿਲੀਜ ਕੀਤਾ ਆਤਮ ਮਾਰਗ ਮੈਗਜੀਨ ਜਿਸ ਵਿੱਚ ਅਨੁਭਵੀ ਮਹਾਂਪੁਰਸ਼ਾਂ ਦੇ ਲੇਖ ਜੋ ਦਵੈਤ ਰਹਿਤ ਸਨ ਅਤੇ ਉਨ੍ਹਾਂ ਵਿਦਵਾਨਾਂ ਦੇ ਲੇਖ, ਜਿਨ੍ਹਾਂ ਦੇ ਅੰਦਰ ਗੁਰਮਤਿ ਦਾ ਪ੍ਰਕਾਸ਼ ਹੈ, ਛਾਪੇ ਜਾਂਦੇ ਹਨ । ਬੇਅੰਤ ਪੱਤਰ ਸਭਨਾਂ ਸੰਸਥਾਵਾਂ ਵੱਲੋਂ ਇਸਦੀ ਪ੍ਰਸੰਸਾ ਵਿੱਚ ਅਸਾਨੂੰ ਪੁਜ ਰਹੇ ਹਨ ਕਿਉਂਕਿ ਅਨੁਭਵੀ ਵਿਦਵਾਨਾਂ, ਮਹਾਂਪੁਰਸ਼ਾਂ ਦੇ ਸਤਿ ਦੀ ਖੋਜ ਵਿੱਚ ਲਿਖੇ ਲੇਖ ਇਸ ਵਿੱਚ ਪ੍ਰਕਾਸ਼ਿਤ ਹੁੰਦੇ ਹਨ । ਰਾਜਨਿਤਕ ਉਲਝਣਾਂ ਅਤੇ ਸੰਪਰਦਾਇਕ ਵਖੇਰਵਿਆਂ ਤੋਂ ਅਸੀਂ ਬਿਲਕੁਲ ਨਿਰਲੇਪ ਰਹਿ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਅਤੇ ਗੁਰਮਤਿ ਨਾਲ ਮੇਲ ਖਾਂਦੇ ਇਤਿਹਾਸਕ ਲੇਖ ਪਾਠਕਾਂ ਦੀ ਸੇਵਾ ਵਿੱਚ ਛਾਪੇ ਜਾਂਦੇ ਹਨ । ਜਿਨ੍ਹਾਂ ਲੇਖਾਂ ਤੋਂ ਕੋਈ ਭਰਮ ਪੈਦਾ ਹੋਵੇ, ਕੋਈ ਵਹਿਮ ਉਤਪੰਨ ਹੁੰਦਾ ਹੋਵੇ, ਰਾਗ-ਦਵੈਸ਼ ਦਾ ਕੋਈ ਜਜਬਾ ਜਾਗਦਾ ਹੋਵੇ, ਉਹ ਲੇਖ ਇਸ ਮੈਗਜੀਨ ਵਿਚ ਅੰਕਿਤ ਨਹੀਂ ਹੁੰਦੇ । ਸਾਡਾ ਜੋ ਪ੍ਰਮ ਆਦਰਸ਼ ਹੈ, ਜਿਸ ਦੇ ਚਾਨਣੇ ਵਿੱਚ ਅਸੀਂ ਆਪਣੇ ਲਕਸ਼ ਵੱਲ ਨੂੰ ਵਧ ਰਹੇ ਹਾਂ, ਉਹ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣ ਹਾਰਾ ਪ੍ਰਭ ਬਿਨਾਂ ਨਹੀ ਜਾਣੀਐ ॥***
***ਅੰਗ-੮੪੬***




**ਤਾਮਿਲਨਾਡੂ ਵਿੱਚ ਆਈ ਸੁਨਾਮੀ ਸਮੇਂ ਪਰਮ ਸਤਿਕਾਰਯੋਗ ਬੀਜੀ ਰਤਵਾੜਾ ਸਾਹਿਬ ਤੋਂ ਪੀੜਤਾਂ ਵਾਸਤੇ ਸਮੱਗਰੀ ਦੇ ਟਰੱਕ ਸ. ਸੰਤੋਖ ਸਿੰਘ ਰੰਧਾਵਾ ਤੋਂ ਰਵਾਨਾ ਕਰਵਾਉਂਦੇ ਹੋਏ।**

ਅੱਜ ਜਦੋਂ ਇਹ ਮੈਗਜੀਨ ਆਪਣੇ ਸੋਲਵੇਂ ਸਾਲ ਵਿੱਚ ਪੈਰ ਰਖ ਰਿਹਾ ਹੈ । ਅਸੀਂ ਸੰਸਾਰ ਦੇ ਸਾਰੇ ਵਿਦਵਾਨਾਂ, ਲੇਖਕਾਂ, ਅਨੁਭਵੀ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਸੁਲੇਖ ਅਸਾਨੂੰ ਭੇਜਣ, ਜੋ ਅਸਾਡੇ ਉਪਰ ਲਿਖੇ ਆਦਰਸ਼ ਦੇ ਫਰੇਮ ਵਿੱਚ ਪੂਰੀ ਤਰ੍ਹਾਂ ਨਾਲ ਫਿੱਟ ਆਉਂਦੇ ਹੋਣ । ਅਦਾਰਾ ਆਤਮ ਮਾਰਗ ਅੰਤਮ ਸੱਚ ਵਿੱਚ ਪੂਰਾ ਯਕੀਨ ਰੱਖਦਾ ਹੈ । ਇਸ ਸੱਚ ਦੀ ਪ੍ਰਾਪਤੀ ਲਈ ਲਿਖੇ ਲੇਖਾਂ ਦਾ ਪੂਰੀ ਤਰਾਂ ਸਨਮਾਨ ਕਰਦੇ ਹਾਂ । ਸੰਪ੍ਰਦਾਇਕ ਵਖੇਵੇਂ ਰਾਜਸੀ ਉਲਝਣਾਂ, ਖੰਡਨ-ਮੰਡਨ ਤੋਂ ਉਚੇ ਉਠ ਕੇ ਅਸਾਡਾ ਸਿਧਾਂਤ ਹੈ -

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਇਸ ਮੈਗਜੀਨ ਦੀ ਪਹੁੰਚ ਬਾਹਰਲੇ ਦੇਸ਼ਾਂ ਅਤੇ ਭਾਰਤ ਵਰਸ਼ ਦੇ ਸਾਰਿਆਂ ਸੂਬਿਆਂ ਤਾਂਈਂ ਹੈ।

**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਅੰਗ - ੯੬੭**

ਭਾਰਤ ਵਰਸ਼ ਦੇ ਅੰਦਰ ਅਤੇ ਬਾਹਰਲੇ ਦੇਸ਼ਾਂ ਦੇ ਅੰਦਰ ਬੈਠੇ ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੇ ਪਿਆਰ ਕਰਨ ਵਾਲੇ ਅਨੇਕਾਂ

ਮੈਂਬਰ ਆਤਮ ਮਾਰਗ ਦੇ ਬਣਾ ਕੇ ਅਦਾਰਾ ਆਤਮ ਮਾਰਗ ਵਿੱਚ ਹਰ ਮਹੀਨੇ ਹੀ ਭੇਜ ਰਹੇ ਹਨ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾ ਦਾ ਪ੍ਰਚਾਰ ਪ੍ਰਸਾਰ ਆਤਮ ਮਾਰਗ ਰਾਹੀਂ ਲਗਾਤਾਰ ਹੋ ਰਿਹਾ ਹੈ। ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਪਰਮ ਸਤਿਕਾਰਯੋਗ ਬੀਜੀ ਦੁਆਰਾ ਸੰਚਾਲਤ ਕਰਕੇ ਜੋ ਬਖਸ਼ਿਸ਼ ਆਤਮ ਮਾਰਗ ਰਾਹੀਂ ਸਾਨੂੰ ਪ੍ਰਵਚਨਾਂ ਦੀ ਕੀਤੀ ਹੈ ਜਿਸ ਦੀ ਦੇਣ ਅਸੀਂ ਨਹੀਂ ਦੇ ਸਕਦੇ।

ਸਮੇਂ ਦੀ ਨਜਾਕਤ ਨੂੰ ਸਮਝਦੇ ਹੋਏ ਵੱਧ ਰਹੇ ਭਿਆਨਕ ਰੋਗਾਂ ਦੀ ਰੋਕਥਾਂਮ ਵਾਸਤੇ ਸਰਬੱਤ ਦੇ ਭਲੇ ਲਈ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਵੱਲੋਂ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੇ ਅਸ਼ੀਰਵਾਦ ਨਾਲ ਇਸ ਸਾਲ ਜਨਵਰੀ 2009 ਤੋਂ ਪੂਰਨਮਾਸ਼ੀ ਦੀ ਰਾਤ ਨੂੰ ਨਵਾਂ ਪ੍ਰੋਗਰਾਂਮ ਚਲਾਇਆ ਗਿਆ ਹੈ। ਜਿਸ ਵਿੱਚ ਅਯੁਰਵੈਦ ਦੇ ਸੁ-ਪ੍ਰਸਿਧ ਵੈਦ ਮੇਘ ਨਾਥ ਜੀ ਫਫੜੇ ਭਾਈ ਕੇ ਤੋਂ ਪਹੁੰਚ ਕੇ ਸੰਗਤਾਂ ਨੂੰ ਅਯੁਰਵੈਦਿਕ ਚੰਦਰਮਾਂ ਦੀ ਰਿਸ਼ਮਾਂ ਵਿੱਚ ਜੜ੍ਹੀਆਂ ਬੂਟੀਆਂ ਦੁਆਰਾ ਦਰਗਾਹੀ ਪ੍ਰਸ਼ਾਦ ਦੇ ਰੂਪ ਵਿੱਚ ਤਿਆਰ ਕੀਤੀ ਖੀਰ ਛਕਾਈ ਜਾਂਦੀ ਹੈ ਅਤੇ ਅਸਥਾਨ ਦੇ ਸੇਵਾਦਾਰ ਬਾਬਾ ਹਰਪਾਲ ਸਿੰਘ ਜੀ ਦੁਆਰਾ ਗੁਰ ਮੰਤਰ ਚਕਿਤਸਾ ਦੁਆਰਾ ਨਾਮ ਅਭਿਆਸ ਕਰਵਾਇਆ ਜਾਂਦਾ ਹੈ । ਜੁਲਾਈ ਮਹੀਨੇ ਤੱਕ ਸਤਾਰਾਂ ਪੂਰਨਮਾਸ਼ੀਆਂ ਰਤਵਾੜਾ ਸਾਹਿਬ ਵਿਖੇ ਭਰ ਚੁਕੀਆਂ ਹਨ । ਜਿਨ੍ਹਾਂ ਦਾ ਨਤੀਜਾਂ ਦੇਖਣ ਨੂੰ ਮਿਲਿਆ ਜਿਹੜੀਆਂ ਬਿਰਧ ਮਾਈਆਂ ਨੇੜੇ ਦੇ ਪਿੰਡਾਂ ਵਿਚੋਂ ਤੁਰ ਕੇ ਰਤਵਾੜਾ ਸਾਹਿਬ ਨਹੀਂ ਆ ਸਕਦੀਆਂ ਸਨ ਉਹ ਆਪਣੇ ਆਪ ਚਲ ਕੇ ਆਉਣ ਲਗ ਪਈਆਂ ਹਨ । ਦਮੇ ਦੇ, ਸ਼ੁਗਰ ਦੇ ਅਤੇ ਅਨੇਕਾਂ ਭਿਆਨਕ ਰੋਗੀਆਂ ਦੇ ਰਤਵਾੜਾ ਸਾਹਿਬ ਪੂਰਨਮਾਸ਼ੀ ਤੇ ਆ ਕੇ ਦੱਸੇ ਪ੍ਰਹੇਜ ਮੁਤਾਬਿਕ ਰੋਗ ਟੁੱਟ ਰਹੇ ਹਨ ।



**1993 ਵਿੱਚ ਪਟਿਆਲੇ ਇਲਾਕੇ ਵਿੱਚ ਆਏ ਹੜ੍ਹਾਂ ਮੌਕੇ ਰਤਵਾੜਾ ਸਾਹਿਬ ਸੰਤ ਮਾਤਾ ਬੀਜੀ ਜੀ। ਸੰਗਤਾਂ ਨੂੰ ਧਰਵਾਸ ਦਿੰਦੇ ਹੋਏ।**

ਇਸੇ ਤਰ੍ਹਾਂ ਬਿਰਧਾਂ ਦੀ ਸੇਵਾ ਸੰਭਾਲ ਲਈ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਬਿਰਧ ਆਸ਼ਰਮ ਬਣ ਗਿਆ ਹੈ। ਜਿਸ ਦੇ ਸ਼ਿਲਾਨਿਆਸ ਪੱਥਰ ਨੂੰ ਪਰਮ ਸਤਿਕਾਰਯੋਗ ਬੀਜੀ ਨੇ ਆਪਣੇ ਬਖਸ਼ਿਸ਼ ਭਰੇ ਕਰਕੰਵਲ ਲਗਾ ਦਿਤੇ ਸਨ । ਇਸ ਸਾਰੇ ਕਾਰਜ ਦੀ ਸੇਵਾ ਸਵਰਗੀਆ ਡਾ. ਸਰਨ ਸਿੰਘ ਦੀ ਧਰਮ ਸੁਪੱਤਨੀ ਮਹਾਨ ਦਾਨੀ ਬੀਬੀ ਅਮਰਜੀਤ ਕੌਰ ਦਿੱਲੀ ਵਾਲਿਆਂ ਦੇ ਸਮੂੰਹ ਪਰਿਵਾਰ ਨੇ ਕਰੋੜਾਂ ਰੁਪਏ ਖਰਚ ਕਰ ਕੀਤੀ ਹੈ। ਇਸ ਵਿੱਚ ਅਤਿਅਧੁਨਿਕ ਸਹੂਲਤਾਂ ਨਾਲ ਲੈਸ 26 ਕਮਰੇ, ਸਾਰੀਆਂ ਅਤਿ ਅਧੁਨਿਕ ਸਹੂਲਤਾਂ ਵਾਲੇ ਵੱਡੇ ਯਾਤਰੂ ਨਿਵਾਸ, ਚਾਰ ਸਟਾਫ ਰੂਮ, ਮੈਡੀਕਲ ਵਿੰਗ, ਲਾਇਬਰੇਰੀ, ਕੌਮਿਊਨਿਟੀ ਰੂਮ ਡਾਈਨਿੰਗ ਰੂਮ, ਸਟੋਰ, ਹਰਿਆ ਭਰਿਆ ਵਾਤਾਵਰਣ ਸ਼ੁਧ ਰੱਖਣ ਵਾਸਤੇ ਸੁਰਬੀ ਐਸੋਸੀਏਟ ਆਰਕੀ ਟੈਕਟ ਚੰਡੀਗੜ੍ਹ ਵੱਲੋਂ ਡਿਜਾਇਨ ਤਿਆਰ ਕੀਤਾ ਗਿਆ ਸੀ। ਪਵਿੱਤਰ ਵਾਤਾਵਰਣ ਅੰਦਰ ਬਿਰਧ ਆਸ਼ਰਮ 10 ਮਹੀਨੇ ਵਿੱਚ ਬਣ ਕੇ ਤਿਆਰ ਹੋ ਚੁਕਿਆ ਹੈ। ਬੇਸਹਾਰਾ ਬਜੁਰਗ ਆ ਰਹੇ ਹਨ ਕੁਝ ਕਮਰੇ ਭਰ ਗਏ ਹਨ। ਸੇਵਾ ਸੰਭਾਲ ਸ਼ੁਰੂ ਹੋ ਚੁੱਕੀ ਹੈ।

ਸੰਤ ਬੀਜੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਚੇਅਰਪਰਸਨ ਜਿਨ੍ਹਾਂ ਨੂੰ ਮਾਣ ਪ੍ਰਾਪਤ ਹੈ ਜਿਨ੍ਹਾਂ ਦੇ ਪਤੀ ਪ੍ਰਮੇਸ਼ਰ ਵੀ ਇਕ ਸੰਤ, ਮਹਾਰਾਜ ਰਤਵਾੜਾ ਸਾਹਿਬ ਦੇ ਬਾਨੀ ਅਤੇ ਪਿਤਾ ਵੀ ਸੰਤ ਭਾਈ ਹੀਰਾ ਸਿੰਘ ਦਉਦਪੁਰੀਏ (ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਜਿੰਦਗੀ ਵਿੱਚ ਕਿਸੇ ਨੂੰ ਸੰਤ ਨਹੀਂ ਸੀ ਲਿਖਿਆ ਕਿਉਂਕਿ ਉਨ੍ਹਾਂ ਨੇ ਸਿਧਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਹਿਗੁਰੂ ਮੰਤਰ ਦੀ ਪ੍ਰਾਪਤੀ ਕੀਤੀ ਸੀ । ਆਪਨੇ ਇਕ ਪੁਸਤਕ "ਰੰਗਲੇ ਸੱਜਣ" ਲਿਖੀ ਜਿਸ ਵਿੱਚ ਪਰਮ ਸਤਿਕਾਰ ਯੋਗ ਬੀਜੀ ਦੇ ਪਿਤਾ ਨੂੰ ਸੰਤ ਭਾਈ ਹੀਰਾ ਸਿੰਘ ਨਾਲ ਸੰਬੋਧਨ ਕੀਤਾ ਹੋਇਆ ਹੈ।) ਸੰਤ ਮਾਤਾ ਬੀਜੀ ਜੀ ਦੀ ਰਹਿਨੁਮਾਈ ਹੇਠ ਰਤਵਾੜਾ ਸਾਹਿਬ ਚਲਾਏ ਜਾ ਰਹੇ ਹਨ ।

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਪਰਮ ਸਤਿਕਾਰਯੋਗ ਬੀਜੀ ਦਾ ਪਵਿੱਤਰ ਜਨਮ ਦਿਹਾੜਾ ਰਤਵਾੜਾ ਸਾਹਿਬ ਵਿਖੇ ਮਿਤੀ 8 ਅਗਸਤ ਨੂੰ ਬਹੁਤ ਧੂੰਮ-ਧਾਮ ਗੁ. ਰਤਵਾੜਾ ਸਾਹਿਬ ਨਾਲ ਮਨਾਇਆ ਜਾਣਾ ਹੈ ਜਿਸ ਵਿੱਚ ਖੀਰ ਮਾਲ ਪੂੜਿਆਂ ਦਾ ਲੰਗਰ ਅਤੁੱਟ ਵਰਤੇਗਾ। ਆਪ ਆਓ ਤੇ ਹੋਰਨਾਂ ਨੂੰ ਲਿਆਓ ਜੀ ।

# ਮਾਰਗ ਚੋਣ
# (Choosing A Path)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਸੁਸ਼ਮਨਾ ਦਾ ਪ੍ਰਯੋਗ

### ਸੁਸ਼ਮਨਾ ਦਾ ਪ੍ਰਯੋਗ

ਸੁਸ਼ਮਨਾ ਦਾ ਪ੍ਰਯੋਗ, ਸੁਸ਼ਮਨਾ ਨੂੰ ਜਾਗ੍ਰਣ ਕਰਨਾ ਇਹ ਦੋਨੋਂ ਚੀਜ਼ਾਂ ਯੋਗਿਕ ਅਭਿਆਸ ਲਈ ਬਹੁਤ ਹੀ ਮਹੱਤਵਪੂਰਨ ਹਨ। ਜੀਵ ਦਾ ਸ਼ਿਵ ਨਾਲ ਮਿਲਾਪ ਹੋਣ ਤੋਂ ਪਹਿਲਾਂ ਇਹ ਦੋਨੋਂ ਪੱਖ ਬਹੁਤ ਹੀ ਅਵੱਸ਼ਕ ਹਨ। ਬਹੁਤ ਵਾਰੀ ਜਗਿਆਸੂ ਇਹ ਕਹਿਣਗੇ ਕਿ ਮੈਡੀਟੇਸ਼ਨ ਕਰੀਆਂ ਉਨ੍ਹਾਂ ਦਾ ਮਨ ਭਟਕਦਾ ਰਹਿੰਦਾ ਹੈ, ਮਨ ਇਕਾਗਰ ਕਰਨਾ ਬਹੁਤ ਔਖਾ ਹੋ ਜਾਂਦਾ ਹੈ, ਭਾਵੇਂ ਉਹ ਰੋਜ਼ ਨਿਸ਼ਚਿਤ ਸਮੇਂ ਮੈਡੀਟੇਸ਼ਨ ਕਰਦੇ ਹਨ। ਇਹ ਦੇਖਿਆ ਗਿਆ ਹੈ ਕਿ ਸੁਸ਼ਮਨਾ ਦੇ ਪ੍ਰਯੋਗ ਤੋਂ ਬਿਨਾਂ ਮੈਡੀਟੇਸ਼ਨ ਇਕਾਗਰਤਾ ਨਾਲ ਹੋਣੀ ਔਖੀ ਹੈ ਕਿਉਂਕਿ ਸੁਸ਼ਮਨਾ ਦੇ ਪ੍ਰਯੋਗ ਤੋਂ ਬਿਨਾਂ ਮਨ ਪਰੇਸ਼ਾਨ ਹੀ ਰਹਿੰਦਾ ਹੈ। ਸੁਸ਼ਮਨਾ ਦੇ ਪ੍ਰਯੋਗ ਨਾਲ ਅਨੰਦ ਆਉਂਦਾ ਹੈ ਇਹ ਅਨੰਦ ਮਨ ਨੂੰ ਅੰਤਰਮੁਖੀ ਕਰਕੇ ਅੰਦਰ ਦਾ ਅਨੰਦ ਮਾਨਣ ਲਈ ਇੱਛਾ ਪੈਦਾ ਕਰਦਾ ਹੈ। ਸੁਸ਼ਮਨਾ ਦੇ ਪ੍ਰਯੋਗ ਦੇ ਦੋ ਤਰੀਕੇ ਹਨ। ਇਕ ਹੈ ਕਿ ਨਾੜੀ ਸੋਧਣ ਦੇ ਅਭਿਆਸ ਨਾਲ ਇੜਾ ਪਿੰਗਲਾ ਨੂੰ ਕ੍ਰਮਬਧ ਕਰਨ, ਨਾੜੀ ਸੋਧਨ ਦਿਨ ਵਿਚ ਘੱਟੋ-ਘੱਟ ਤਿੰਨ ਵਾਰੀ ਕਰਨਾ। ਦੂਸਰੇ ਅਭਿਆਸ ਜਿਵੇਂ ਕਿ ਅੰਦਰ ਦਾ ਕੁੰਭਕ ਇਹ ਸੁਆਸਾਂ ਤੇ ਕਾਬੂ ਕਰਦਾ ਹੈ।

ਜਦੋਂ ਤੁਸੀਂ ਆਪਣੇ ਸੁਆਸਾਂ ਨੂੰ ਦੇਖੋਗੇ ਤਾਂ ਪਤਾ ਲਗੇਗਾ ਕਿ ਇਕ ਨਾਸਿਕਾ ਸਦਾ ਹੀ ਦੂਸਰੀ ਨਾਲੋਂ ਵਧੇਰੇ ਤੇਜ਼ ਹੁੰਦੀ ਹੈ, ਦੂਸਰੀ ਥੋੜ੍ਹੀ ਸੁਸਤ ਹੁੰਦੀ ਹੈ, ਇਹ ਬਹਾਅ ਇੱਕ ਤੋਂ ਦੂਸਰੇ ਇਸ ਤਰ੍ਹਾਂ ਬਦਲਦਾ ਹੀ ਰਹਿੰਦਾ ਹੈ। ਬਹਾਅ ਬਦਲਣ ਤੋਂ ਪਹਿਲਾਂ ਥੋੜ੍ਹੀ ਦੇਰ ਲਈ ਸੁਸ਼ਮਨਾ ਦਾ ਪ੍ਰਯੋਗ ਹੁਦਾ ਹੀ ਹੈ, ਬਹੁਤ ਹੀ ਥੋੜ੍ਹੀ ਦੇਰ ਲਈ ਹੁੰਦਾ ਹੈ ਪਰ ਹੁੰਦਾ ਜ਼ਰੂਰ ਹੈ। ਜਿੰਨਾਂ ਵੀ ਇਹ ਸਮਾਂ ਹੁੰਦਾ ਹੈ ਭਾਵੇਂ ਕਿੰਨਾ ਹੀ ਥੋੜ੍ਹਾ ਹੋਵੇ ਕੁਝ ਕੁ ਘੜੀਆਂ ਹੀ ਕਿਉਂ ਨਾ ਹੋਣ ਇਹ ਘੜੀਆਂ ਅਤਿ ਅਨੰਦਮਈ ਹੁੰਦੀਆਂ ਹਨ, ਅਤਿ ਸ਼ਾਂਤਮਈ ਪਲ ਹੁੰਦੇ ਹਨ। ਯੋਗੀ ਇਨ੍ਹਾਂ ਘੜੀਆਂ ਨੂੰ ਲੰਮਾ ਖਿੱਚ ਲੈਂਦੇ ਹਨ, ਜਿੰਨਾਂ ਲੰਮਾ ਚਾਹੁੰਣ ਓਨਾਂ ਲੈ ਜਾਂਦੇ ਹਨ। ਇਸ ਮੇਲ ਨੂੰ ਸੰਧਿਆ ਕਿਹਾ ਗਿਆ ਹੈ, ਜਦੋਂ ਯੋਗੀ ਆਪਣੀ ਕੋਸ਼ਿਸ਼ ਨਾਲ ਆਪਣੀ ਸਮਰਥਾ ਨਾਲ ਇੜਾ ਪਿੰਗਲਾ ਦਾ ਮੇਲ ਕਰਦੇ ਹਨ, ਚੰਦ ਸੂਰਜ ਦਾ ਮੇਲ ਕਰਦੇ ਹਨ, ਰਾਤ ਦਿਨ ਦਾ ਮੇਲ ਕਰਦੇ ਹਨ ਇਸ ਮੇਲ ਨੂੰ ਸੰਧਿਆ ਕਿਹਾ ਜਾਂਦਾ ਹੈ। ਯੋਗੀ ਇਸ ਅਵਸਥਾ ਦਾ ਪ੍ਰਯੋਗ ਕਰਕੇ ਮੈਡੀਟੇਸ਼ਨ ਦਾ ਅਨੰਦ ਮਾਣਦੇ ਹਨ। ਮਨ ਤੇ ਸੁਆਸ ਬਿਲਕੁਲ ਵੱਖ ਨਹੀਂ ਕੀਤੇ ਜਾ ਸਕਦੇ, ਵਾਸਤਵ ਵਿੱਚ ਇਹ ਇਕੋ ਸਿੱਕੇ ਦੇ ਦੋ ਪਾਸੇ ਹਨ, ਇਸੇ ਕਰਕੇ ਇਨ੍ਹਾਂ ਦਾ ਇਕ ਦੂਸਰੇ ਉਤੇ ਪ੍ਰਭਾਵ ਪੈਣਾ ਅਵੱਸ਼ਕ ਹੈ, ਸੁਆਸ ਮਨ ਤੇ ਪ੍ਰਭਾਵ ਪਾਉਂਦੇ ਹਨ, ਮਨ ਸੁਆਸਾਂ ਉਤੇ।

ਜਦੋਂ ਸੁਸ਼ਮਨਾ ਦਾ ਪ੍ਰਯੋਗ ਕੀਤਾ ਜਾਂਦਾ ਹੈ ਯੋਗੀ ਮਹਿਸੂਸ ਕਰਦਾ ਹੈ ਕਿ ਗਰਮ ਕਰੰਟ ਉਸਦੇ ਦਿਮਾਗ ਵਿਚ ਜਾ ਰਿਹਾ ਹੋਵੇ ਇਸ ਤਰ੍ਹਾਂ ਲਗਦਾ ਹੈ ਕਿ ਕਿਸੇ ਨਾਲੀ ਰਾਹੀ ਹੇਠਾਂ ਤੋਂ ਉਪਰ ਤਕ ਗਰਮ ਹਵਾ ਜਾ ਰਹੀ ਹੈ, ਪ੍ਰਾਣਾਂ ਦੀ ਸ਼ਕਤੀ ਨਾਲ ਮੂਲਧਾਰਾ ਤੇ ਸਵਾਧਿਸ਼ਠਾਨ ਚੱਕਰ ਝਰਨਾਹਟ ਕਰਦੇ ਹਨ, ਜਿਸ ਨਾਲ ਮੂਲ ਸ਼ਕਤੀ ਦਾ ਜਾਗਰਣ ਹੁੰਦਾ ਹੈ। ਇਕ ਵਾਰੀ ਜਦੋਂ ਕੁੰਡਲਨੀ ਜਾਗ੍ਰਤ ਹੋ ਜਾਂਦੀ ਹੈ ਜਗਿਆਸੂ ਇਸ ਸ਼ਕਤੀ ਪ੍ਰਤੀ ਪੂਰੀ ਤਰ੍ਹਾਂ ਨਾਲ ਚੌਕਸ, ਪੂਰੀ ਤਰ੍ਹਾਂ ਨਾਲ ਸਾਵਧਾਨ ਰਹਿੰਦਾ ਹੈ। ਜਦੋਂ ਮੈਡੀਟੇਸ਼ਨ ਕਰਨ ਵਾਲਾ ਸਾਧਕ ਸੁਸ਼ਮਨਾ ਦਾ ਪ੍ਰਯੋਗ ਸਿੱਖ ਲੈਂਦਾ ਹੈ ਫੇਰ ਉਹ ਪੂਰੀ ਤਰ੍ਹਾਂ ਮੈਡੀਟੇਸ਼ਨ ਦਾ ਅਭਿਆਸ ਕਰਦਾ ਹੈ ਫੇਰ ਮੈਡੀਟੇਸ਼ਨ ਇਕ ਅਨੰਦ ਬਣ ਜਾਂਦਾ ਹੈ, ਇਕ ਅਨੰਦਮਈ ਅਨੁਭਵ ਹੋ ਜਾਂਦਾ ਹੈ। ਇਹ ਅਨੰਦ ਕਿਸੇ ਵੀ ਹੋਰ ਅਨੰਦ ਤੋਂ ਬਿਲਕੁਲ ਵੱਖ ਬਿਲਕੁਲ ਉਪਰ ਹੈ ਇਸ ਦੀ ਤੁਲਨਾ ਕਿਸੇ ਨਾਲ ਕੀਤੀ ਹੀ ਨਹੀਂ ਜਾ ਸਕਦੀ। ਸੁਸ਼ਮਨਾ ਜਾਗਰਣ ਤੋਂ ਬਾਅਦ ਦੀ ਮੈਡੀਟੇਸ਼ਨ ਬਹੁਤ ਹੀ ਉਤਮ ਮੈਡੀਟੇਸ਼ਨ ਹੈ, ਸ਼ਰਤ ਇਹ ਹੈ ਕਿ ਸੁਸ਼ਮਨਾ ਜਾਗਰਣ ਹੋ ਗਈ ਹੋਵੇ।

ਕੁੰਡਲਨੀ ਜਾਗਰਣ ਕਰਨ ਦਾ ਦੂਸਰਾ ਤਰੀਕਾ ਹੈ, ਮਨ ਨੂੰ ਧਿਆਨ ਨੂੰ, ਨਾਸਿਕ ਤੇ ਭਾਵ ਬੁਲਾਂ ਦੇ ਉਪਰ ਜਿਹੜੀ ਥਾਂ ਹੈ ਉਥੇ ਨਾਸਿਕਾ ਦੀ ਟਿਪ ਤੇ ਇਕਾਗਰ ਕੀਤਾ ਜਾਂਦਾ ਹੈ, ਗ੍ਰੰਥਾਂ ਵਿਚ ਲਿਖਿਆ ਗਿਆ ਹੈ, 'Nasagre dhyanam Kuryal' ਨਾਸਿਕਾ ਦੀ ਟਿਪ ਤੇ ਭਾਵ ਅਗਲੇ ਕੋਨੇ ਤੇ ਮੈਡੀਟੇਸ਼ਨ ਦੇ ਸਮੇਂ ਧਿਆਨ ਲਗਾਓ। ਬਹੁਤ ਵਾਰੀ ਇਸ ਨੂੰ ਗਲਤ ਸਮਝਿਆ ਜਾਂਦਾ ਹੈ, ਜਗਿਆਸੂ ਇਸ ਨੂੰ ਬਾਹਰ ਦੇ ਧਿਆਨ ਲਈ ਸਮਝ ਲੈਂਦੇ ਹਨ ਜੋ ਕਿ ਬਿਲਕੁਲ ਹੀ ਇਕ ਵੱਖਰੀ ਚੀਜ਼ ਹੈ। ਬਾਹਰੀ ਧਿਆਨ ਨੂੰ ਜੋ ਇਸ ਤਰ੍ਹਾਂ ਲਾਇਆ ਜਾਂਦਾ ਹੈ, ਉਹ ਤ੍ਰਾਟਕ ਹੈ ਉਸ ਨਾਲ ਸੁਸ਼ਮਨਾ ਜਾਗਰਣ ਨਹੀਂ ਹੁੰਦੀ। ਜਦੋਂ ਸੁਆਸ ਦੋਨੋਂ ਨਾਸਿਕਾ ਤੋਂ ਬਰਾਬਰ ਚੱਲਣ ਬਿਨਾਂ ਕਿਸੇ ਰੁਕਾਵਟ ਦੇ ਚੱਲਣ ਇਹ ਸੁਸ਼ਮਨਾ ਦਾ ਜਾਗਰਣ ਹੋਣ ਦਾ ਹੀ ਚਿੰਨ੍ਹ ਹੈ, ਜੇ ਇਸ ਦਾ ਅਭਿਆਸ ਲਗਾਤਾਰ ਰੋਜ਼ ਕੀਤਾ ਜਾਵੇ ਸੁਸ਼ਮਨਾ ਜਾਗਰਣ ਕੀਤੀ ਜਾ ਸਕਦੀ ਹੈ। ਸੁਸ਼ਮਨਾ ਜਾਗਰਣ ਕਰਨੀ ਸੁਸ਼ਮਨਾ ਦਾ ਪ੍ਰਯੋਗ ਕਰਨਾ ਇਹ ਇੱਕੋ ਗੱਲ ਹੈ। ਯੋਗੀ ਇਸ ਚੀਜ਼ ਨੂੰ ਆਪਣੀ ਇੱਛਾ ਅਨੁਸਾਰ ਜਦੋਂ ਚਾਹੁੰਣ ਆਪਣੇ ਕਾਬੂ ਵਿਚ ਆਪਣੇ ਕੰਟਰੋਲ ਅੰਦਰ ਕਰ ਲੈਂਦੇ ਹਨ ਤੇ ਜਦੋਂ ਚਾਹੁੰਣ ਮੈਡੀਟੇਸ਼ਨ ਕਰ ਸਕਦੇ ਹਨ ਜੇਕਰ ਸਾਧਕ ਰੀੜ ਦੀ ਹੱਡੀ ਅੰਦਰ ਜਾਂ ਦਿਮਾਗ ਅੰਦਰ ਠੰਢ ਮਹਿਸੂਸ ਕਰੇ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸ ਦਾ ਅਭਿਆਸ ਠੀਕ ਨਹੀਂ ਹੋ ਰਿਹਾ।

## ਪ੍ਰਾਣਾਯਾਮ ਦੇ ਹੋਰ ਤਰੀਕੇ

ਕੁੰਡਲਨੀ ਹੋਰ ਤਰੀਕਿਆਂ ਨਾਲ ਵੀ ਜਾਗਰਣ ਕੀਤੀ ਜਾ ਸਕਦੀ ਹੈ। ਛਾਤੀ ਨੂੰ ਪੱਟਾਂ ਤੇ ਲਗਾ ਕੇ ਸਿਰ ਗੋਡਿਆਂ ਤੇ ਰੱਖ

ਕੇ ਹੱਥਾਂ ਦੇ ਅੰਗੂਠੇ ਤੇ ਪਹਿਲੀ ਉਂਗਲੀ ਨਾਲ ਪੈਰਾਂ ਦੇ ਅੰਗੂ ਪਕੜਨੇ ਫੇਰ ਖੱਬੀ ਨਾਸਿਕਾ ਤੋਂ ਸੁਆਸ ਲੈਣਾ, ਸੁਆਸ ਅੰਦਰ ਰੱਖਣਾ ਖਿਚਾਅ ਰੱਖਣਾ ਤੇ ਧੁਨੀ ਤੇ ਗੁਦੇ ਨੂੰ ਇਕੱਠੇ ਖਿਚਣਾ ਭਾਵ ਜ਼ੋਰ ਲਗਾਉਣਾ। ਇਸ ਤਰ੍ਹਾਂ ਕਰਦਿਆਂ ਮੂਲਾਧਾਰ ਤੇ ਰੂੰ ਰੱਖ ਲਿਆ ਜਾਂਦਾ ਹੈ, ਫੇਰ ਉਸ ਤੇ ਦਬਾਅ ਪਾਇਆ ਜਾਂਦਾ ਹੈ। ਸੁਆਸ ਬਾਹਰ ਸੱਜੀ ਨਾਸਿਕਾ ਤੋਂ ਕੱਢਿਆ ਜਾਦਾ ਹੈ ਇਹ ਸਾਰੀ ਪ੍ਰਕ੍ਰਿਆ ਏਸੇ ਤਰ੍ਹਾਂ ਬਾਰ-ਬਾਰ ਇਕ ਘੰਟਾ ਤੇ ਤੀਹ ਮਿੰਟ ਕੀਤੀ ਜਾਂਦੀ ਹੈ ਭਾਵ ਡੇਢ ਘੰਟਾ ਕੀਤੀ ਜਾਂਦੀ ਹੇ ਬਾਰ-ਬਾਰ ਕੀਤੀ ਜਾਂਦੀ ਹੈ, ਨਾਸਿਕਾ ਬਦਲਦੇ ਰਹਿੰਦੇ ਹਨ ਸੁਆਸ ਅੰਦਰ ਲੈ ਕੇ ਜਾਣ ਬਾਹਰ ਕੱਢਣ ਲਈ। ਇਸ ਤਰ੍ਹਾਂ ਕਰਨ ਨਾਲ ਕੁੰਡਲਨੀ ਉਪਰ ਉਠ ਜਾਂਦੀ ਹੈ, ਉਹ ਅਪਾਣੀ ਜਗ੍ਹਾ ਛੱਕ ਕੇ ਸੁਸ਼ਮਨਾ ਦੀ ਜਗ੍ਹਾ ਛੱਡ ਕੇ ਪ੍ਰਾਣ ਸੁਸ਼ਮਨਾ ਵਿਚ ਆ ਜਾਂਦੇ ਹਨ। ਇਸ ਤੋਂ ਪਿਛੋਂ ਯੋਗੀ ਆਪਣੇ ਦੋਨੋਂ ਹੱਥ ਧੁੰਨੀ ਦੇ ਦੋਨੋਂ ਪਾਸੇ ਰੱਖ ਲੈਂਦਾ ਹੈ, ਪਸਲੀਆਂ ਨੂੰ ਘੁੱਟ ਕੇ ਪਕੜ ਲੈਂਦਾ ਹੈ, ਆਪਣੇ ਹੱਥਾਂ ਦੀਆਂ ਤਲੀਆਂ ਨਾਲ ਘੁੱਟ ਲੈਂਦਾ ਹੈ ਫੇਰ ਉਹ ਸੱਜੇ ਤੋਂ ਖੱਬੇ, ਖੱਬੇ ਤੋਂ ਸੱਜੇ ਨਿਉਲੀ ਕਰਦਾ ਹੈ ਇਹ ਕੋਈ ਚਾਲੀ ਮਿੰਟ ਕਰਦਾ ਹੈ ਇਸ ਤਰ੍ਹਾਂ ਕਰਕੇ ਕੁੰਡਲਨੀ ਜਾਗਰਣ ਕਰਦਾ ਹੈ।

ਦੂਸਰਾ ਤਰੀਕਾ ਹੈ ਇਕ ਪੈਡ ਇਕ ਛੋਟਾ ਜਿਹਾ ਪੈਡ, ਛੋਟੀ ਜਿਹੀ ਗੱਦੀ ਕਹਿ ਲਓ ਉਹ ਬਣਾ ਕੇ ਇੰਦ੍ਰੀ ਤੇ ਗੁਦੇ ਦੇ ਵਿਚਕਾਰ ਰੱਖ ਲਈ ਜਾਂਦੀ ਹੈ ਇਕ ਚੰਗਾ ਸੁਚੱਜਾ ਬੈਠਣ ਦਾ ਤਰੀਕਾ ਵਰਤਿਆ ਜਾਂਦਾ ਹੈ ਜਿਹੜਾ ਵੀ ਜਗਿਆਸੂ ਨੂੰ ਠੀਕ ਲੱਗੇ, ਕੋਈ ਯੋਗੀ ਕਮਲ ਭਾਵ ਪਦਮ ਆਸਨ ਵਰਤਦੇ ਹਨ ਪਰ ਇਸ ਤਰੀਕੇ ਵਿਚ ਬੈਠ ਕੇ ਮੂਲ ਬੰਧ ਲਗਾਉਣਾ ਔਖਾ ਹੋ ਜਾਂਦਾ ਹੈ। ਬਹੁਤ ਸਾਰੇ ਯੋਗੀ ਖੇਚਰੀ ਮੁਦਰਾ ਦਾ ਅਭਿਆਸ ਕਰਦੇ ਹਨ ਜਿਸ ਵਿਚ ਜੀਭ ਨੂੰ ਤਾਲੂ ਨਾਲ ਲਗਾਇਆ ਜਾਂਦਾ ਹੈ, ਅੱਖਾਂ ਭਰਵੱਟਿਆਂ ਦੇ ਵਿਚ ਵਾਲੀ ਜਗ੍ਹਾਂ ਤੇ ਇਕਾਗਰ ਕੀਤੀਆਂ ਜਾਦੀਆਂ ਹਨ। ਕੁੰਭਕ ਦਾ ਇਸ ਅਭਿਆਸ ਨਾਲ ਜਲੰਧਰ ਬੰਧ ਲਗਾ ਕੇ ਕੀਤਾ ਜਾਂਦਾ ਹੈ। ਠੋਡੀ ਨੂੰ ਤਾਲਾ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਕਰਕੇ ਸੁਆਸਾਂ ਨੂੰ ਸੁਸ਼ਮਨਾ ਰਾਹੀਂ ਅੰਦਰ ਬਾਹਰ ਕੀਤਾ ਜਾਂਦਾ ਹੈ, ਇੜਾ, ਪਿੰਗਲਾ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਕਰਕੇ ਕੁੰਡਲਨੀ ਜਾਗਰਣ ਕੀਤੀ ਜਾਂਦੀ ਹੈ, ਕੁੰਡਲਨੀ ਜਾਗਰਣ ਹੋਣ ਨਾਲ ਸੁਸ਼ਮਨਾ ਵਿੰਨੀ ਜਾਂਦੀ ਹੈ ਇਸ ਤਰ੍ਹਾਂ ਨਾਲ ਸਾਰੇ ਚੱਕਰ ਖੁਲ੍ਹ ਜਾਂਦੇ ਹਨ।

ਇਕ ਹੋਰ ਤਰੀਕਾ ਜਿਹੜਾ ਹੈ ਉਸਨੂੰ ਸ਼ਕਤੀਚਲਨ ਮੁਦਰਾ ਕਹਿੰਦੇ ਹਨ। ਸੱਪ ਦੀ ਤਰ੍ਹਾਂ ਲਿਪਟੀ ਸੁੱਤੀ ਕੁੰਡਲਨੀ ਜਿਹੜੀ ਮੂਲਾਧਾਰ ਚੱਕਰ ਵਿਚ ਹੈ ਜਦੋਂ ਉਸਨੂੰ ਕਾਲ ਅਗਨੀ ਭਾਵ ਉਪਾਨ ਵਾਯੂ ਜਾਂ ਕਹਿ ਲਵੋ ਸ਼ਕਤੀ ਦੀ ਹਵਾ ਮਿਲਦੀ ਹੈ ਤਾਂ ਕੁੰਡਲਨੀ ਸੁਚੇਤ ਹੋ ਜਾਂਦੀ ਹੈ, ਇਸ ਤਰ੍ਹਾਂ ਚਲਣ ਲਗ ਪੈਂਦੀ ਹੈ ਜਿਵੇਂ ਕਮਲ ਫੁੱਲ ਦਾ ਪਤਲਾ ਬਾਰੀਕ ਰੇਸ਼ਾ ਹੋਵੇ, ਧਾਗਾ ਹੋਵੇ। ਸੱਪ ਦੀ ਤਰ੍ਹਾਂ ਚਲਦੀ ਹੋਈ ਤੇ ਚਮਕਦੀ ਹੋਈ ਇਹ ਸੁਸ਼ਮਨਾ ਵਲ ਦੌੜ ਪੈਂਦੀ ਹੈ। ਸ਼ਕਤੀ ਚਲਨ ਲਈ ਪਦਮ ਆਸਨ ਤੇ ਸਿੱਧ ਆਸਨ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਅਭਿਆਸ ਲਈ ਸੁਆਸ ਸੱਜੀ ਨਾਸਿਕਾ ਰਾਹੀਂ ਅੰਦਰ ਕੀਤੇ ਜਾਂਦੇ ਹਨ, ਜਲੰਧਰ ਬੰਧ ਲਗਾਇਆ ਜਾਂਦਾ ਹੈ। ਅੱਖਾਂ ਨੱਕ ਦੀ ਨੋਕ ਤੇ ਇਕਾਗਰ ਕੀਤੀਆਂ ਜਾਂਦੀਆਂ ਹਨ ਜਾਂ ਫੇਰ ਭਰਵੱਟਿਆਂ ਦੇ ਵਿਚ ਵਾਲੀ ਜਗ੍ਹਾ ਤੇ। ਅਸਵਨੀ ਮੁਦਰਾ ਦੀ ਵਰਤੋਂ ਕੀਤੀ ਜਾਂਦੀ ਹੈ, ਫੇਰ ਉਦਿਆਨ ਬੰਧ ਦਾ ਪ੍ਰਯੋਗ ਕੀਤਾ ਜਾਂਦਾ ਹੈ। ਫੇਰ ਹੌਲੀ-ਹੌਲੀ ਖੱਬੀ ਨਾਸਿਕਾ ਤੋਂ ਸੁਆਸ ਬਾਹਰ ਕੱਢੇ ਜਾਂਦੇ ਹਨ ਇਹ ਵਿਧੀ ਬਾਰ-ਬਾਰ ਕੀਤੀ ਜਾਂਦੀ ਹੈ ਇਸ ਕ੍ਰਿਆ ਨਾਲ ਉਹ ਸਰਪ ਸ਼ਕਤੀ ਉਪਰ ਉਠਣ ਲਗ ਪੈਂਦੀ ਹੈ। ਸਰੀਰ ਪਸੀਨੇ ਨਾਲ ਭਿੱਜ ਜਾਂਦਾ ਹੈ ਇਸੇ ਪਸੀਨੇ ਨੂੰ ਉਸ ਦੇ ਉਤੇ ਮਲਿਆ ਜਾਂਦਾ ਹੈ ਭਾਵ ਲਗਾਇਆ ਜਾਂਦਾ ਹੈ, ਇਸ ਨੂੰ ਕੱਪੜੇ ਨਾਲ ਤੌਲੀਏ ਨਾਲ ਪੂੰਜਿਆ ਨਹੀਂ ਜਾਂਦਾ। ਇਸ ਮਾਰਗ ਤੇ ਚੱਲਣ ਵਾਲਾ ਇਹ ਕ੍ਰਿਆ, ਇਹ ਅਭਿਆਸ ਰੋਜ਼ ਇਕ ਤੋਂ ਡੇਢ ਘੰਟਾ ਕਰਦਾ ਹੈ।

ਇਸ ਮਾਰਗ ਵਾਲੇ ਦੀ ਖੁਰਾਕ ਜਿਹੜੀ ਸ਼ਾਸਤਰ ਵਿੱਚ ਦੱਸੀ ਗਈ ਹੈ ਉਹ ਹੈ ਚਾਵਲ, ਦੁੱਧ, ਗੰਨੇ ਦਾ ਰਸ, ਜੌਂ ਦਾ ਰਸ, ਪਾਣੀ ਫਲ। ਵੱਖ-ਵੱਖ ਸ਼ਾਸਤਰਾਂ ਵਿਚ ਕੁੰਡਲਨੀ ਜਾਗਰਣ ਕਰਨ ਲਈ ਵੱਖ ਵੱਖ ਸਮਾਂ ਦਿੱਤਾ ਗਿਆ ਹੈ। ਇਕ ਸ਼ਾਸਤਰ ਵਿਚ ਲਿਖਿਆ ਹੈ ਜੇ ਉਪਰ ਦੱਸੀ ਕ੍ਰਿਆ ਰੋਜ਼ ਚਾਲੀ ਮਿੰਟਾਂ ਲਈ ਕੀਤੀ ਜਾਵੇ ਤਾਂ ਇਕ ਸਾਲ ਅੰਦਰ ਕੁੰਡਲਨੀ ਜਾਗਰਣ ਹੋ ਜਾਂਦੀ ਹੈ। ਜਿੰਨੀਆਂ ਸ਼ੁੱਧ ਨਾੜੀਆਂ ਹੋਣਗੀਆਂ ਓਨਾਂ ਹੀ ਘੱਟ ਸਮਾਂ ਲੱਗੇਗਾ। ਓਨੀ ਹੀ ਸਫਲਤਾ ਹੋਵੇਗੀ। ਜੇਕਰ ਆਕਸੀਜਨ ਅੰਦਰ ਲੈ ਕੇ ਜਾਣੀ ਕਾਰਬਨ ਡਾਇਆਕਸਾਈਡ ਬਾਹਰ ਕੱਢਣੀ ਇਹ ਠੀਕ ਤਰ੍ਹਾਂ ਨਾਲ ਨਿਯਮ ਕਰ ਲਈ ਜਾਵੇ, ਨਾੜੀ ਸ਼ੋਧਨ ਦਾ ਅਭਿਆਸ ਚੰਗੀ ਤਰ੍ਹਾਂ ਨਾਲ ਕਰ ਲਿਆ ਜਾਵੇ, ਮਨ ਦੀ ਆਤਮਾ ਦੀ ਸ਼ੁਧਤਾ ਨਿਰਮਲਤਾ ਪ੍ਰਤੱਖ ਹੋ ਹੀ ਜਾਂਦੀ ਹੈ। ਜਿਹੜੇ ਜਗਿਆਸੂ ਅਜੇ ਪਹਿਲੇ ਪਹਿਲ ਸ਼ੁਰੂ ਕਰਦੇ ਹਨ ਉਨ੍ਹਾਂ ਨੂੰ ਪਹਿਲਾ ਭਾਸਤ੍ਰਿਕਾ ਪ੍ਰਾਣਾਯਾਮ ਕਰਨਾ ਚਾਹੀਦਾ ਹੈ ਫੇਰ ਨਾੜੀ ਸ਼ੋਧਨ, ਉਸ ਤੋਂ ਬਾਅਦ ਕੁੰਭਕ ਕਰਨਾ ਚਾਹੀਦਾ ਹੈ।

ਭਰਾਮਰੀ ਕੁੰਭਕ - ਭੂੰਡ ਦੀ ਤਰ੍ਹਾਂ ਭਿਣਕਣਾ ਕੁੰਭਕ ਸ਼ਾਂਤੀ ਨਾਲ ਬੈਠ ਕੇ ਯੋਗੀ ਦੋਨੋਂ ਨਾਸਿਕਾ ਰਾਹੀਂ ਹੌਲੀ-ਹੌਲੀ ਸੁਆਸ ਲੈਣੇ ਸ਼ੁਰੂ ਕਰਦਾ ਹੈ ਫੇਰ ਆਹਿਸਤਾ ਆਹਿਸਤਾ ਸੁਆਸਾਂ ਨੂੰ ਤੇਜ਼ ਕਰਦਾ ਜਾਂਦਾ ਹੈ ਉਦੋਂ ਤਕ ਤੇਜ਼ ਕਰਦਾ ਜਾਂਦਾ ਹੈ ਜਦੋਂ ਤਕ ਉਹ ਪਸੀਨੋ ਪਸੀਨੀ ਨਹੀਂ ਹੋ ਜਾਂਦਾ। ਫੇਰ ਦੋਨੋਂ ਨਾਸਿਕਾ ਦੁਆਰਾ ਸੁਆਸ ਅੰਦਰ ਖਿਚਦਾ ਹੈ, ਸੁਆਸ ਅੰਦਰ ਖਿੱਚਦਿਆਂ ਨਰ ਮੱਖੀ ਦੀ ਤਰ੍ਹਾਂ ਆਵਾਜ਼ ਕਰਦਾ ਹੈ, ਸੁਆਸਾਂ ਨੂੰ ਅੰਦਰ ਕਰਕੇ ਅੰਦਰ ਰੋਕਦਾ ਹੈ, ਕੁੰਭਕ ਕਰਦਾ ਹੈ ਤੇ ਹੌਲੀ-ਹੌਲੀ ਸੁਆਸ ਬਾਹਰ ਕੱਢਦਾ ਹੈ। ਇਹ ਅਭਿਆਸ ਰਸੰਧ ਯੋਗ ਸਮਾਧੀ (Rasandha Yoga Samadhi) ਤੋਂ ਪਹਿਲਾਂ ਕੀਤਾ ਜਾਂਦਾ ਹੈ ਵਾਸਤਵ ਵਿਚ ਇਹ ਰਸੰਧ ਯੋਗ ਸਮਾਧੀ ਦੇ ਲਈ ਤਿਆਰੀ ਹੀ ਹੈ। ਤੋਂ ਪਹਿਲਾਂ ਕੀਤਾ ਜਾਂਦਾ ਹੈ ਵਾਸਤਵ ਵਿਚ ਇਹ ਰਸੰਧ ਯੋਗ ਸਮਾਧੀ ਦੇ ਲਈ ਤਿਆਰੀ ਹੀ ਹੈ।

ਰਸੰਧਾ ਯੋਗ ਸਮਾਧੀ ਭਰਾਮਰੀ ਕੁੰਭਕ ਕਰਨ ਤੋਂ ਬਾਅਦ ਸੁਆਸ ਹੌਲੀ-ਹੌਲੀ ਬਾਹਰ ਕੱਢੇ ਜਾਂਦੇ ਹਨ ਸੁਆਸ ਬਾਹਰ ਕਢਦਿਆਂ ਸ਼ਹਿਦ ਦੀ ਮੱਖੀ ਦੀ ਤਰ੍ਹਾਂ ਆਵਾਜ਼ ਕੀਤੀ ਜਾਂਦੀ ਹੈ ਜਾਂ ਜਿਸ ਤਰ੍ਹਾਂ ਸ਼ਹਿਦ ਦੀ ਮੱਖੀ ਫੁੱਲਾਂ ਦਾ ਰਸ ਚੂਸਣ ਤੋਂ ਬਾਅਦ ਆਵਾਜ਼ ਕੱਢਦੀ ਹੈ। ਇਹ ਕਰਦਿਆਂ ਨਾਲ ਹੀ ਗਲੇ ਵਿਚੋਂ ਬਹੁਤ ਮੱਧਮ 'ਆਹ' ਦੀ ਆਵਾਜ਼ ਕੱਢੀ ਜਾਂਦੀ ਹੈ, ਤਾਲੂ

**(ਬਾਕੀ ਪੰਨਾ 46 ਪਰ)**

# ਅਰਦਾਸ ਸ਼ਕਤੀ

*ਰਘਬੀਰ ਸਿੰਘ 'ਬੀਰ'*

**ਅਰਦਾਸ ਦੀਆਂ ਅਵਸਥਾਵਾਂ**

**ਪਹਿਲੀ ਅਵਸਥਾ**

**ਸਰੀਰਕ ਸੁਖਾਂ ਦੀ ਅਰਦਾਸ -**

ਆਮ ਆਦਮੀ ਸਰੀਰਕ ਜਾਂ ਦੁਨਿਆਵੀ ਸੁਖਾਂ ਵਾਸਤੇ ਅਰਦਾਸ ਕਰਦੇ ਹਨ। ਇਨਸਾਨ ਦੀ ਬਹੁ-ਗਿਣਤੀ ਏਸੇ ਸ਼੍ਰੇਣੀ ਵਿਚ ਆ ਜਾਂਦੀ ਹੈ। ਆਪਣੀ ਸਰੀਰਕ ਜਾਂ ਦੁਨਿਆਵੀ ਉੱਨਤੀ ਵਾਸਤੇ ਪ੍ਰਾਰਥਨਾ ਕਰਨੀ ਕੋਈ ਬੁਰੀ ਗੱਲ ਨਹੀਂ ਜੋ ਲੋਕ ਆਖਦੇ ਹਨ ਕਿ -

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*
*ਅੰਗ - ੯੫੮*

ਉਹ ਇਹ ਨਹੀਂ ਜਾਣਦੇ ਕਿ ਨਾਮ ਦੀ ਉੱਚਤਾ ਸਾਰੇ ਪਦਾਰਥਾਂ ਨਾਲੋਂ ਵਿਸ਼ੇਸ਼ਤਾ, ਹਰ ਕਿਸੇ ਦੀ ਸਮਝ ਵਿਚ ਆਉਣੀ ਔਖੀ ਹੈ। ਇਨਸਾਨ ਰੱਬ ਪਾਸੋਂ ਉਹ ਚੀਜ਼ ਮੰਗਦਾ ਹੈ, ਜਿਸਨੂੰ ਉਹ ਸਭ ਤੋਂ ਚੰਗਾ ਤੇ ਜ਼ਰੂਰੀ ਸਮਝੇ। ਜਦ ਤਕ ਨਾਮ ਨਾਲ ਪਿਆਰ, ਇਸ ਦਾ ਅਭਿਆਸ ਤੇ ਇਸ ਦੇ ਵਡਮੁੱਲੇ ਲਾਭਾਂ ਦਾ ਇਨਸਾਨ ਨੂੰ ਪਤਾ ਨਾ ਲਗ ਜਾਵੇ, ਤਦ ਤਕ ਨਾਮ ਤੋਂ ਬਿਨਾਂ ਹੋਰ ਕੁਝ ਨਾ ਮੰਗਣਾ, ਅਸੰਭਵ ਹੈ। ਹੱਥ ਜੋੜ ਕੇ, ਅੱਖਾਂ ਮੀਟ ਕੇ ਨਾਮ ਦਾਨ ਮੰਗਣਾ ਤੇ ਦਿਲ ਵਿਚ ਦੁਨੀਆਂ ਦੇ ਸਾਧਾਰਨ ਸੁਖਾਂ ਵਾਸਤੇ ਤਰਸਣਾ ਕਿਸੇ ਪਾਸੇ ਵੀ ਪੂਰੀ ਨਹੀਂ ਪੈਣ ਦਿੰਦਾ। ਇਸ ਤਰ੍ਹਾਂ ਕਰਨਾ ਸਗੋਂ ਜ਼ਾਹਿਰਦਾਰ ਤੇ ਪਾਖੰਡੀ ਬਣਾ ਦਿੰਦਾ ਹੈ। ਜ਼ਿੰਦਗੀ ਦੇ ਜਾਇਜ਼ ਸੁਖ, ਜਿਹਾ ਕਿ ਤੰਦਰੁਸਤੀ ਇੱਜ਼ਤ ਦੀ ਗੁਜ਼ਰਾਨ, ਗਮਾਂ ਫਿਕਰਾਂ, ਬੀਮਾਰੀ ਤੋਂ ਆਜ਼ਾਦੀ, ਬਾਲ ਬੱਚੇ ਵਿਚ ਬੈਠਣ ਦੀ ਖੁਸ਼ੀ ਆਦਿ ਇਨਸਾਨੀ ਸਾਧਾਰਨ ਲੋੜਾਂ ਵਾਸਤੇ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਨੀ ਕੋਈ ਔਗੁਣ ਨਹੀਂ। ਭਗਤ ਗੁਰੂ, ਪੀਰ ਆਤਮਕ ਦਾਤਾ ਤੋਂ ਇਲਾਵਾ ਜ਼ਰੂਰੀ ਦੁਨਿਆਵੀ ਸੁਖ ਰੱਬ ਪਾਸੋਂ ਬਗੈਰ ਸੰਕੋਚ ਮੰਗਦੇ ਆਏ ਹਨ -

*ਕਬਯੋ ਵਾਚ ਬੇਨਤੀ। ਚੌਪਈ।*
*ਹਮਰੀ ਕਰੋ ਹਾਥ ਦੈ ਰੱਛਾ।*
*ਪੂਰਨ ਹੋਇ ਚਿਤ ਕੀ ਇੱਛਾ।*
*ਤਵ ਚਰਨਨ ਮਨ ਰਹੈ ਹਮਾਰਾ।*
*ਅਪਨਾ ਜਾਨ ਕਰੋ ਪ੍ਰਤਿਪਾਰਾ।*
*ਹਮਰੇ ਦੁਸ਼ਟ ਸਭੈ ਤੁਮ ਘਾਵਹੁ।*
*ਆਪੁ ਹਾਥੇ ਦੈ ਮੋਹਿ ਬਚਾਵਹੁ।*
*ਸੁਖੀ ਬਸੈ ਮੋਰੋ ਪਰਿਵਾਰਾ।*
*ਸੇਵਕ ਸਿਖ ਸਭੈ ਕਰਤਾਰਾ।*
*ਸੇਵਕ ਸਿੱਖ ਹਮਾਰੇ ਤਾਰੀਅਹਿ।*
*ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ।*

*ਧੰਨਾ ॥ ਗੋਪਾਲ ਤੇਰਾ ਆਰਤਾ ॥*
*ਜੋ ਜਨ ਤੁਮਰੀ ਭਗਤਿ ਕਰੰਤੇ*
*ਤਿਨ ਕੇ ਕਾਜ ਸਵਾਰਤਾ ॥ ੧ ॥ ਰਹਾਉ ॥*
*ਦਾਲਿ ਸੀਧਾ ਮਾਗਉ ਘੀਉ ॥*
*ਹਮਰਾ ਖੁਸੀ ਕਰੈ ਨਿਤ ਜੀਉ ॥*
*ਪਨ੍ਹੀਆ ਛਾਦਨੁ ਨੀਕਾ ॥*
*ਅਨਾਜੁ ਮਗਉ ਸਤ ਸੀ ਕਾ ॥ ੧ ॥*
*ਗਊ ਭੈਸ ਮਗਉ ਲਾਵੇਰੀ ॥*
*ਇਕ ਤਾਜਨਿ ਤੁਰੀ ਚੰਗੇਰੀ ॥*
*ਘਰ ਕੀ ਗੀਹਨਿ ਚੰਗੀ ॥*
*ਜਨੁ ਧੰਨਾ ਲੇਵੈ ਮੰਗੀ ॥ ਅੰਗ - ੬੯੫*

**ਦੂਸਰੀ ਅਵਸਥਾ**

ਜਿਉਂ ਜਿਉਂ ਆਤਮਕ ਅਵਸਥਾ ਤਰੱਕੀ ਕਰਦੀ ਜਾਵੇ, ਤਿਉਂ-ਤਿਉਂ ਇਨਸਾਨ ਦੀਆਂ ਖਾਹਿਸ਼ਾਂ, ਮੰਗਾਂ ਤੇ ਅਰਦਾਸਾਂ ਬਦਲਦੀਆਂ ਜਾਂਦੀਆਂ ਹਨ। ਉਹ ਸਰੀਰਕ ਸੁਖਾਂ ਨਾਲੋਂ ਜ਼ਿਆਦਾ ਅਨੰਦ ਆਤਮਕ ਤਰੱਕੀ ਵਿਚ ਪ੍ਰਤੀਤ ਕਰਦਾ ਹੈ। ਸਾਰੇ ਸੰਸਾਰੀ ਸੁਖ ਉਸਨੂੰ ਨਾਸ਼ਵੰਤ, ਆਰਜ਼ੀ ਤੇ ਫਜ਼ੂਲ ਨਜ਼ਰ ਆਉਣ ਲਗ ਜਾਂਦੇ ਹਨ, ਉਸ ਦਾ ਮਨ ਉਸ ਨੂੰ ਕਹਿਣਾ ਸ਼ੁਰੂ ਕਰ ਦੇਂਦਾ ਹੈ-

*ਕਿਆ ਮਾਂਗਉ ਕਿਛੁ ਥਿਰੁ ਨ ਰਹਾਈ।*

ਛੋਟਾ ਬੱਚਾ ਜਿਸ ਤਰ੍ਹਾਂ ਵਡੇਰੀ ਉਮਰ ਵਿਚ ਪਹੁੰਚ ਕੇ ਪਹਿਲੇ ਦਿਲ ਪਰਚਾਵੇ, ਖੇਲ੍ਹਾਂ ਖਿਡੌਣੇ ਭੁਲਾ ਕੇ, ਉਚੇਰੀਆਂ ਤੇ ਸਿਆਣੀਆਂ ਦਿਲਚਸਪੀਆਂ ਵਿਚ ਰੁਚੀ ਲਗਾਂਦਾ ਹੈ, ਉਸੇ ਤਰ੍ਹਾਂ ਇਸ ਅਵਸਥਾ ਦਾ ਪੁਰਸ਼, ਨਾ-ਪਾਏਦਾਰ ਦੁਨੀਆਂ ਦੇ ਆਰਜ਼ੀ ਸੁਖਾਂ ਤੋਂ ਅਸੰਤੁਸ਼ਟ ਹੋ ਜਾਂਦਾ ਹੈ। ਉਸਨੂੰ ਇਵੇਂ ਭਾਸਦਾ ਹੈ ਜਿਵੇਂ ਉਸ ਨੇ ਇਹ ਖੇਡ ਬੜੇ ਚਿਰ ਖੇਡ ਲਈ ਹੈ। ਉਸ ਦੀਆਂ ਰੁਚੀਆਂ ਕਿਸੇ ਅਟੱਲ ਸੁਖ ਦੀ ਪ੍ਰਾਪਤੀ ਵਲ ਮੋੜੇ ਪਾਂਦੀਆਂ ਹਨ। ਉਸ ਦੇ ਦਿਲ ਵਿਚੋਂ ਇਹ ਅਰਦਾਸ ਨਿਕਲਦੀ ਹੈ -

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥*
*ਅੰਗ - ੨੬੧*

ਇਥੇ ਪਹੁੰਚ ਕੇ ਆਦਮੀ ਨੂੰ ਵਿਚਾਰ ਦਾ ਸ਼ੌਂਕ, ਖੋਜ ਦੀ ਇਛਿਆ ਅਤੇ ਰਹਿਨੁਮਾਈ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਉਹ ਆਖਦਾ ਹੈ -

*ਮੈ ਅਜਾਨੁ ਜਨੁ ਤਰਿਬੇ ਨ ਜਾਨਉ*
*ਬਾਪ ਬੀਠੁਲਾ ਬਾਹ ਦੇ ॥ ਅੰਗ - ੮੭੩*

ਉਸ ਦੇ ਦਿਲ ਵਿਚ ਕਿਸੇ ਅਣਡਿਠੇ ਆਤਮਕ ਮੰਡਲ ਵਿਚ ਪਹੁੰਚਣ ਦੀ ਰੀਝ ਉਪਜਦੀ ਹੈ, ਇਸ ਅਵਸਥਾ ਦੇ ਆਦਮੀ

ਦੀ ਲੋੜ ਅਨੁਸਾਰ ਕੁਦਰਤ ਵਲੋਂ ਸਹਾਇਤਾ ਤੇ ਰਹਿਨੁਮਾਈ ਸ਼ੁਰੂ ਹੋ ਜਾਂਦੀ ਹੈ।

ਇਸ ਤੋਂ ਅੱਗੇ ਇਸ ਅਵਸਥਾ ਦਾ ਬੜਾ ਮੁਸ਼ਕਲ ਹਿੱਸਾ ਸ਼ੁਰੂ ਹੁੰਦਾ ਹੈ, ਮਨ ਨਾਲ ਬੜੀ ਕਸ਼ਮਕਸ਼ ਤੇ ਲੜਾਈ ਕਰਨੀ ਪੈਂਦੀ ਹੈ। ਮਨ ਦੇ ਪੁਰਾਣੇ ਸੁਭਾਅ, ਪੁਰਾਣੀਆਂ ਆਦਤਾਂ, ਪੁਰਾਣੇ ਖਿਆਲ ਛਡਣੇ ਤੇ ਨਵੀਆਂ ਆਦਤਾਂ ਪਾਣੀਆਂ ਪੈਂਦੀਆਂ ਹਨ ਨਵੇਂ ਦ੍ਰਿਸ਼ਟੀਕੋਣ ਨਾਲ ਦੁਨੀਆਂ ਨੂੰ ਦੇਖਣਾ ਪਹਿਲੇ ਪਹਿਲ ਓਪਰਾ ਤੇ ਕਠਨ ਕੰਮ ਜਾਪਦਾ ਹੈ। ਕਦੀ ਮਨ ਆਪਣੇ ਮਗਰ ਤੋਰਨ ਦਾ ਜ਼ੋਰ ਲਗਾਂਦਾ ਹੈ, ਸਰੀਰਕ ਰੱਸਾਂ ਦੀ ਮਿੱਠੀ ਯਾਦ ਡੋਰੇ ਪਾ ਪਾ ਕੇ ਆਪਣੇ ਵਲ ਖਿਚਦੀ ਹੈ, ਕਦੀ ਆਤਮਾ ਦੀ ਆਵਾਜ਼ ਨਵੀਆਂ ਉਮੀਦਾਂ, ਨਵੇਂ ਇਕਰਾਰ ਕਿਸੇ ਨਵੀਂ ਦੁਨੀਆਂ ਦੇ ਸੁਫਨੇ ਦਿਖਾ ਦਿਖਾ ਕੇ ਆਪਣੇ ਵਲ ਬੁਲਾਂਦੀ ਹੈ। ਇਹ ਸਰੀਰ ਤੇ ਆਤਮਾ ਦਾ ਘੋਲ ਪਹਿਲੇ ਬੜਾ ਭਿਆਨਕ ਮਾਲੂਮ ਹੁੰਦਾ ਹੈ। ਕਈ ਵਾਰੀ ਇੰਝ ਜਾਪਦਾ ਹੈ ਕਿ ਸਰੀਰਕ ਰਸਾਂ ਦੇ ਪੰਜੇ ਤੋਂ ਛੁਟਕਾਰਾ ਨਹੀਂ ਹੋਣਾ। ਇਸ ਅਵਸਥਾ ਦੇ ਇਕ ਤਿਆਗੀ ਮਹਾਤਮਾ ਮੈਨੂੰ ਮਿਲੇ, ਮੈਂ ਪੁਛਿਆ, ਮਹਾਰਾਜ! ਕੀ ਹਾਲ ਹੈ? ਆਖਣ ਲੱਗੇ ਬੜਾ ਭੈੜਾ ਹਾਲ ਹੈ। ਮੈਂ ਹੈਰਾਨ ਹੋ ਕੇ ਪੁਛਿਆ ਕੀ ਸਬੱਬ ਮਹਾਰਾਜ? ਆਖਣ ਲੱਗੇ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ, ਦੁਨੀਆਂ ਤੇ ਇਸ ਦੇ ਪਦਾਰਥ ਚੰਗੇ ਨਹੀਂ ਲਗਦੇ, ਪਰ ਹਰੀ ਦੇ ਪਾਸੇ ਵੀ ਚਿਤ ਹਰ ਵਕਤ ਨਹੀਂ ਲਗਦਾ। ਕਦੀ ਮਨ ਆਪਣਾ ਪਾਣੀ ਭਰਾਂਦਾ ਹੈ, ਕਦੀ ਗੁਰਦਵਾਰੇ ਜਾ ਸੇਵਾ ਕਰਦਾ ਹਾਂ। ਰਾਤਾਂ ਭਰ ਸੋਚਦਾ ਰਹਿੰਦਾ ਹਾਂ, ਕਦੀ ਚੰਡਾਲ ਦੇ ਕੰਮ ਕਰਨੇ, ਕਦੇ ਫਕੀਰੀ ਦਾ ਦਮ ਭਰਨਾ। ਇਹ ਕੀ ਹਾਲਤ ਹੋਈ, ਅਜਬ ਕਸ਼ਮਕਸ਼ ਹੈ।

***ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ।***

ਈਸ਼ਵਰ ਆਪਣੀ ਮੇਹਰ ਕਰੇ, ਹੋਰ ਕੋਈ ਆਸਰਾ ਨਹੀਂ। ਇਨ੍ਹਾਂ ਮਹਾਤਮਾ ਦੀ ਥੋੜ੍ਹੇ ਦਿਨ ਸੰਗਤ ਕਰਨ ਮਗਰੋਂ ਪਤਾ ਲੱਗਾ ਕਿ ਮਨ ਦੀ ਲੜਾਈ ਤੋਂ ਛੁਟਕਾਰਾ ਪਾਣ ਦੇ ਖਿਆਲ ਨਾਲ ਆਪ ਨੇ ਆਪਣੀ ਇੰਦਰੀ ਕੱਟ ਸੁਟੀ ਹੋਈ ਸੀ, ਪਰ ਮਨ ਅਜੇ ਵੀ ਸ਼ਾਂਤ ਨਹੀਂ ਸੀ।

ਕਈ ਖੋਜੀ ਇਥੇ ਪਹੁੰਚ ਕੇ ਨਿਰਾਸ ਹੋ ਜਾਂਦੇ ਤੇ ਖੋਜ ਛੱਡ ਦਿੰਦੇ ਹਨ। ਮੈਂ ਖੁਦ ਨਿਰਾਸਤਾ ਵਿਚ ਕਈ ਵਾਰੀ ਇਹ ਫੈਸਲਾ ਕੀਤਾ ਕਿ ਉਤਲੀਆਂ ਆਤਮਕ ਉਡਾਰੀਆਂ ਮੇਰੇ ਨਸੀਬਾਂ ਵਿਚ ਨਹੀਂ, ਮੈਂ ਨਫਸ ਦਾ ਬੰਦਾ ਹਾਂ ਤੇ ਨਫਸ ਦਾ ਬੰਦਾ ਹੀ ਰਹਾਂਗਾ। ਪਰ ਇਥੇ ਪਹੁੰਚ ਕੇ ਹੌਂਸਲਾ ਨਹੀਂ ਹਾਰਨਾ ਚਾਹੀਦਾ। ਬਹਾਦਰ ਆਦਮੀ ਦੇ ਸਾਮ੍ਹਣੇ ਸਭ ਮੁਸ਼ਕਲਾਂ ਧੂੰਏਂ ਵਾਂਗ ਪਤਲੀਆਂ ਹੁੰਦੀਆਂ-ਹੁੰਦੀਆਂ ਬਿਲਕੁਲ ਗਾਇਬ ਹੋ ਜਾਂਦੀਆਂ ਹਨ। ਰੱਬ ਉਤੇ ਪੂਰਨ ਭਰੋਸਾ ਰਖਿਆ, ਨਿਰਮਾਣ ਤੇ ਦਿਲੀ ਅਰਦਾਸਾਂ ਕੀਤਿਆਂ ਕੁਦਰਤ ਵਲੋਂ ਅਕਲ ਚਕ੍ਰਿਤ ਕਰਨ ਵਾਲੀ ਰਹਿਨੁਮਾਈ ਪ੍ਰਾਪਤ ਹੁੰਦੀ ਹੈ। ਅੱਜ ਬਿਲਕੁਲ ਨਿਰਾਸ ਤੇ ਨਿਰਬਲ ਹੋ ਕੇ ਬੈਠ ਜਾਈਦਾ ਹੈ, ਕੱਲ੍ਹ ਅੰਦਰੋਂ ਫੇਰ ਉਤਸ਼ਾਹ ਦੀਆਂ ਲਹਿਰਾਂ ਠਾਠਾਂ ਮਾਰਨ ਲਗ ਜਾਂਦੀਆਂ ਹਨ। ਅਭਿਆਸੀ ਔਕੜਾਂ ਨਾਲ ਫੇਰ ਮੋਰਚਾ ਲਗਾ ਦਿੰਦਾ ਹੈ, ਫਤਹਿ ਅੱਖਾਂ ਅੱਗੇ ਫਿਰਨ ਲਗ ਜਾਂਦੀ ਹੈ। ਰੱਬ ਦੀ ਹਸਤੀ ਦਾ ਅਸਲ ਯਕੀਨ ਹੀ ਤਦ ਆਉਂਦਾ ਹੈ, ਜਦ ਉਸਦਾ ਸਖੀ ਤੇ ਤਕੜਾ ਹੱਥ ਆਪਣੇ ਵਿਕੇ ਕੰਮ ਸਵਾਰਦਾ ਪ੍ਰਤੱਖ ਦੇਖੀਏ।

**ਤਨ ਤੇ ਮਨ ਦੇ ਰੋਗ -**

ਸਰੀਰਕ ਰੋਗਾਂ ਨਾਲੋਂ ਮਨ ਦੇ ਰੋਗ ਕਿਤੇ ਭਿਆਨਕ ਤੇ ਖਤਰਨਾਕ ਹੁੰਦੇ ਹਨ। ਸਰੀਰਕ ਰੋਗਾਂ ਤੋਂ ਆਦਮੀ ਖੁਦ ਛੁਟਕਾਰਾ ਪਾਉਣਾ ਚਾਹੁੰਦਾ ਹੈ, ਪਰ ਮਨ ਦੇ ਰੋਗ ਉਸਨੂੰ ਮਿੱਠੇ ਲਗਦੇ ਹਨ। ਉਨ੍ਹਾਂ ਤੋਂ ਤੰਗ ਆਇਆ ਹੋਇਆ ਵੀ ਉਨ੍ਹਾਂ ਨੂੰ ਨਹੀਂ ਛੱਡ ਸਕਦਾ। ਬੁਖਾਰ ਦਾ ਰੋਗੀ ਬੁਖਾਰ ਨੂੰ ਘਿਰਣਾ ਕਰਦਾ ਹੈ ਤੇ ਉਸ ਤੋਂ ਛੁਟਕਾਰਾ ਪਾਣ ਵਾਸਤੇ ਬਿਹਬਲ ਹੁੰਦਾ ਹੈ, ਪਰ ਸ਼ਰਾਬ ਪੀਣ ਵਾਲਾ ਜਾਂ ਕਾਮੀ ਪੁਰਸ਼ ਆਪਣੇ ਐਬਾਂ ਦੇ ਬੁਰੇ ਨਤੀਜੇ ਦੇਖਦਾ ਹੋਇਆ ਵੀ ਉਨ੍ਹਾਂ ਨੂੰ ਦਿਲੋਂ ਨਹੀਂ ਛਡਦਾ। ਐਸੀ ਹਾਲਤ ਵਿਚ ਬੜੀਆਂ ਡੂੰਘੀਆਂ ਤੇ ਲਗਾਤਾਰ ਅਰਦਾਸਾਂ ਦੀ ਲੋੜ ਹੁੰਦੀ ਹੈ। ਅਭਿਆਸੀ ਨਿਮਾਣਾ ਤੇ ਨਿਆਸਰਾ ਹੋ ਕੇ ਆਖਦਾ ਹੈ -

***ਕੁਚਿਲ ਕਠੋਰ ਕਪਟ ਕਾਮੀ ॥***
***ਜਿਉ ਜਾਨਹਿ ਤਿਉ ਤਾਰਿ ਸੁਆਮੀ ॥ ੧ ॥***
***ਰਹਾਉ ॥ ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ***
***ਅਪਨੀ ਕਲ ਧਾਰਿ ॥ ੧ ॥***
***ਜਾਪ ਤਾਪ ਨੇਮ ਸੁਚਿ ਸੰਜਮ ਨਾਹੀ***
***ਇਨ ਬਿਧੇ ਛੁਟਕਾਰ ॥***
***ਗਰਤ ਘੋਰ ਅੰਧ ਤੇ ਕਾਢਹੁ***
***ਪ੍ਰਭ ਨਾਨਕ ਨਦਰਿ ਨਿਹਾਰਿ ॥ ਅੰਗ - ੧੩੦੧***
***ਮਾਟੀ ਕਾ ਕਿਆ ਧੋਪੈ ਸੁਆਮੀ***
***ਮਾਣਸ ਕੀ ਗਤਿ ਏਹੀ ॥ ਅੰਗ - ੮੮੨***
***ਹਾ ਹਾ ਪ੍ਰਭ ਰਾਖਿ ਲੇਹੁ ॥***
***ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ***
***ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ਅੰਗ - ੬੭੫***
***ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥***
***ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ***
***ਆਇਓ ਸਰਨਿ ਤੁਹਾਰੇ ॥ ਅੰਗ - ੨੦੬***

**ਤੀਸਰੀ ਅਵਸਥਾ**

ਜਦ ਅਭਿਆਸੀ ਦੂਜੀ ਅਵਸਥਾ ਟੱਪਦਾ ਹੈ ਤਾਂ ਮੁਦਤਾਂ ਤੋਂ ਹੋ ਰਹੀ ਰਸਾ-ਕਸ਼ੀ ਵਿਚ ਮਨ ਨੂੰ ਨਿਰਬਲ ਤੇ ਆਪਣੇ ਮਗਰ ਖਿਚਿਆ ਆਉਂਦਾ ਦੇਖਦਾ ਹੈ। ਅਜੀਬ ਖੁਸ਼ੀ ਪ੍ਰਤੀਤ ਹੁੰਦੀ ਹੈ, ਦੁਨੀਆਂ ਸੁਹਾਵਣੀ ਤੇ ਰਹਿਣ ਦੇ ਯੋਗ ਨਜ਼ਰ ਆਉਂਦੀ ਹੈ। ਬਾਰਿਸ਼ ਮਗਰੋਂ ਜਿਸ ਤਰ੍ਹਾਂ ਸੰਸਾਰ ਨਿਖਰਿਆ ਹੋਇਆ ਜਾਪਦਾ ਹੈ, ਅਭਿਆਸੀ ਮਨ ਨਾਲ ਹੋਏ ਘੋਰ ਯੁੱਧ ਦੇ ਮਗਰੋਂ, ਆਪਣੇ ਆਪ ਨੂੰ ਤੇ ਸਾਰੇ ਬ੍ਰਹਿਮੰਡ ਨੂੰ ਨ੍ਹਾਤਾ-ਧੋਤਾ, ਹਲਕਾ ਤੇ ਉਤਸ਼ਾਹ ਭਰਿਆ ਦੇਖਦਾ ਹੈ, ਪੂਜਾ ਪਾਠ ਸਿਮਰਨ ਅਭਿਆਸ ਵਿਚ ਦਿਲ ਵਧੇਰੇ ਲਗਦਾ ਹੈ, ਸੁਰਤ ਠਹਿਰਨੀ ਸ਼ੁਰੂ ਹੋ ਜਾਂਦੀ ਹੈ।

**ਮਨ ਦੇ ਲੁਕਵੇਂ ਹਮਲੇ –**

ਇਸ ਅਵਸਥਾ ਵਿਚ ਮਨ ਅੱਗੇ ਨਾਲੋਂ ਕਮਜ਼ੋਰ ਜ਼ਰੂਰ ਹੋ ਜਾਂਦਾ ਹੈ ਪਰ ਲੜਾਈ ਖਤਮ ਨਹੀਂ ਹੁੰਦੀ। ਕਦੀ ਕਦੀ ਅਚਨਚੇਤ ਮਨ ਤੇ ਮਨ ਦੀਆਂ ਪੁਰਾਣੀਆਂ ਵਾਸ਼ਨਾਵਾਂ ਮਨੁੱਖ ਤੇ ਗਬਲਾ ਪਾ ਜਾਂਦੀਆਂ ਹਨ। ਮਨ ਸਹਿ ਸਹਿ ਕੇ ਤੇ ਵੇਲਾ ਤਾੜ ਤਾੜ ਕੇ ਹੱਲੇ ਕਰਦਾ ਹੈ। ਇਸ ਅਵਸਥਾ ਦਾ ਅਭਿਆਸੀ ਮਨ ਤੋਂ ਕਦੀ ਹਾਰ ਵੀ ਖਾ ਜਾਂਦਾ ਹੈ। ਪਰ ਕਿਉਂਕਿ ਮਨ ਵਿਚ ਉਹ ਪਹਿਲਾ ਅਖੜਪੁਣਾ ਕਮਜ਼ੋਰ ਹੋ ਚੁਕਿਆ ਹੁੰਦਾ ਹੈ, ਝੱਟ ਕਾਬੂ ਵਿਚ ਆ ਜਾਂਦਾ ਹੈ, ਗੁਰਬਾਣੀ ਦਾ ਪਾਠ ਤੇ ਦਿਲੀ ਅਰਦਾਸਾਂ ਮਨ ਨੂੰ ਫੇਰ ਬਿੱਲੀ ਵਾਂਗ ਨਿਰਬਲ ਬਣਾ ਦੇਂਦੀਆਂ ਹਨ, ਅਭਿਆਸੀ ਫੇਰ ਟਹਿਕ ਉਠਦਾ ਹੈ, ਉਤਸ਼ਾਹ ਨਾਲ ਆਤਮਿਕ ਮਾਰਗ ਤੇ ਕਦਮ ਧਰਨੇ ਸ਼ੁਰੂ ਕਰਦਾ ਹੈ। ਇਸ ਅਵਸਥਾ ਨੂੰ ਕਬੀਰ ਜੀ ਨੇ ਇੰਜ ਬਿਆਨ ਕੀਤਾ ਹੈ –

***ਗ੍ਰਿਹੁ ਤਜਿ ਬਨ ਖੰਡ ਜਾਈਐ***
***ਚੁਨਿ ਖਾਈਐ ਕੰਦਾ ॥***
***ਅਜਹੁ ਬਿਕਾਰ ਨ ਛੋਡਈ***
***ਪਾਪੀ ਮਨੁ ਮੰਦਾ ॥ ੧ ॥***
***ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥***
***ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥***
***ਅੰਗ – ੮੫੫***

***ਮਨ ਮੂਰਖ ਅਜਹੂ ਨਹ ਸਮਝਤ***
***ਸਿਖ ਦੈ ਹਾਰਿਓ ਨੀਤ ॥ ਅੰਗ – ੫੩੬***

**ਚੌਥੀ ਅਵਸਥਾ**

ਤੀਜੀ ਅਵਸਥਾ ਤੋਂ ਅੱਗੇ ਲੰਘਣਾ ਨਿਰੇ ਸਵਰਗ ਦੇ ਝੂਟੇ ਹਨ। ਭਾਵੇਂ ਮਨ ਦਾ ਸੁਭਾ ਆਖਰੀ ਮੰਜ਼ਲਾਂ ਤਕ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਰਹਿੰਦਾ ਹੈ ਪਰ ਨਿਰਮਲ ਹੁੰਦਾ-ਹੁੰਦਾ ਐਸਾ ਪਵਿੱਤਰ ਹੋ ਜਾਂਦਾ ਹੈ ਕਿ ਬਜਾਏ ਕੰਡੇ ਵਾਂਗ ਚੁਭਣ ਦੇ ਇਹ ਹੁਣ ਫੁੱਲਾਂ ਵਾਂਗ ਕੋਮਲ, ਸੁਗੰਧੀ ਭਰਿਆ ਤੇ ਖੂਬਸੂਰਤ ਮਾਲੂਮ ਹੁੰਦਾ ਹੈ। ਜਿਥੇ ਇਹ ਹਰ ਵਕਤ ਭਟਕਦਾ, ਭੌਂਦਾ ਤੇ ਨਾਚ ਕਰਦਾ ਰਹਿੰਦਾ ਸੀ, ਉਥੇ ਉਹ ਹਰ ਵਕਤ ਸਹਿਜ ਤੇ ਟਿਕਾਓ ਵਿਚ ਰਹਿੰਦਾ ਹੈ। ਸਹਿਜ ਵਿਚੋਂ ਇਕ ਮਸਤੀ ਜਿਸਨੂੰ ਗੁਰਬਾਣੀ ਵਿਚ ਰੰਗਣ ਆਖਦੇ ਹਨ, ਇਸ ਨੂੰ ਹਮੇਸ਼ਾ ਖੀਵਾ ਰਖਦੀ ਹੈ –

***ਮਾਈ ਮੈ ਧਨੁ ਪਾਇਓ ਹਰਿ ਨਾਮੁ ॥***
***ਮਨੁ ਮੇਰੋ ਧਾਵਨ ਤੇ ਛੂਟਿਓ***
***ਕਰਿ ਬੈਠੋ ਬਿਸਰਾਮੁ ॥ ਅੰਗ – ੧੧੮੬***

ਜਿਉਂ ਜਿਉਂ ਮਨ ਏਸ ਅਵਸਥਾ ਵਿਚ ਟਿਕਦਾ ਹੈ, ਇਸਨੂੰ ਪ੍ਰਤੀਤ ਹੁੰਦਾ ਹੈ ਕਿ ਅੱਗੇ ਵਾਂਗ ਹੁਣ ਉਹ ਇਕੱਲਾ ਨਹੀਂ, ਸਗੋਂ ਆਪਣੇ ਨਾਲ ਕਿਸੇ ਮਹਾਨ ਚੇਤਨ ਸ਼ਕਤੀ ਦੀ ਮੌਜੂਦਗੀ ਪ੍ਰਤੀਤ ਕਰਦਾ ਹੈ। ਕਦੀ ਕਦੀ ਟਿਕਾਓ ਵਿਚ ਇਸ ਸ਼ਕਤੀ ਦੇ ਨਾਲ ਜ਼ਰਾ ਛੋਹਿਆ ਅਨੰਦ ਤੇ ਰਸ ਦੀਆਂ ਝਰਨਾਟਾਂ ਸ਼ੁਰੂ ਹੋ ਜਾਂਦੀਆਂ ਹਨ। ਇਸ ਅਵਸਥਾ ਦੇ ਆਦਮੀ ਦੀ ਅਰਦਾਸ ਸ਼ੁਰੂ ਹੋ ਜਾਂਦੀਆਂ ਹਨ। ਇਸ ਅਵਸਥਾ ਦੇ ਆਦਮੀ ਦੀ ਅਰਦਾਸ ਉਹ ਪੁਰਾਣੀ ਸਰੀਰਕ ਸੁਖਾਂ ਤੇ ਦੁਨਿਆਵੀ ਤਰੱਕੀ ਵਾਲੀ ਅਰਦਾਸ ਨਹੀਂ ਹੁੰਦੀ, ਹਰ ਵਕਤ ਦਿਲ ਬਾਗ-ਬਾਗ ਤੇ ਸ਼ਾਂਤੀ ਭਰਪੂਰ ਰਹਿੰਦਾ ਹੈ। ਏਥੇ ਅਰਦਾਸ ਸ਼ੁਕਰੀਏ ਦਾ ਰੂਪ ਹੋ ਜਾਂਦੀ ਹੈ –

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***
***ਗਰੀਬ ਨਿਵਾਜੁ ਗੁਸਈਆ ਮੇਰਾ***
***ਮਾਥੈ ਛਤ੍ਰੁ ਧਰੈ ॥ ਅੰਗ – ੧੧੦੬***

ਜ਼ਿਆਦਾ ਤੋਂ ਜ਼ਿਆਦਾ ਚਿਰ ਇਸ ਅੰਦਰਲੀ ਸ਼ਕਤੀ ਕੋਲ ਰਹਿਣ ਨੂੰ ਦਿਲ ਕਰਦਾ ਹੈ। ਜਦੋਂ ਦੇਖੋ ਇਹ ਸ਼ਕਤੀ, ਚੜ੍ਹਦੀਆਂ ਕਲਾਂ, ਪੂਰੇ ਵਿਕਾਸ ਤੇ ਬੇ-ਪ੍ਰਵਾਹੀ ਵਿਚ ਟਿਕੀ ਨਜ਼ਰ ਆਉਂਦੀ ਹੈ। ਮਨ ਮਹਿਸੂਸ ਕਰਦਾ ਹੈ ਕਿ ਇਸ ਸ਼ਕਤੀ ਦੀ ਹੀ ਆਵਾਜ਼ ਉਸਨੂੰ ਆਪਣੇ ਵਲ ਹਮੇਸ਼ਾ ਤੋਂ ਬੁਲਾਂਦੀ ਰਹੀ ਹੈ। ਇਸ ਅਵਸਥਾ ਵਾਲਾ ਸੁਭਾਗੀ ਬੰਦਾ ਆਪਣੀਆਂ ਸਾਰੀਆਂ ਮੁਸ਼ਕਲਾਂ, ਆਪਣੇ ਸਾਰੇ ਦੁਖ ਏਸ ਅਨੰਦਮਈ ਸ਼ਕਤੀ ਦੇ ਹਵਾਲੇ ਕਰ ਕੇ ਆਪ ਨਿਸਚਿੰਤ ਹੋ ਜਾਂਦਾ ਹੈ। ਉਸ ਨੂੰ ਹੁਣ ਇਹ ਭਰੋਸਾ ਹੁੰਦਾ ਹੈ ਕਿ ਮੈਂ ਆਪਣੀਆਂ ਕੁਲ ਲੜਾਈਆਂ ਤੇ ਔਕੜਾਂ ਇਸ ਮਹਾਨ ਸ਼ਕਤੀ ਦੇ ਸਹਾਰੇ ਫਤਹਿ ਕਰ ਲੈਣੀਆਂ ਹਨ। ਇਸ ਟਿਕਾਣੇ ਤੇ ਪਹੁੰਚੇ ਹੋਏ ਅਭਿਆਸੀ ਦੀ ਅਰਦਾਸ ਹੁਣ ਕੁਝ ਹੋਰ ਹੁੰਦੀ ਹੈ –

***ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥***
***ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥***
***ਤੂੰ ਮੇਰਾ ਰਾਖਾ ਸਭਨੀ ਥਾਈ***
***ਤਾ ਭਉ ਕੇਹਾ ਕਾੜਾ ਜੀਉ ॥ ੧ ॥***
***ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥***
***ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥***
***ਤੁਝ ਬਿਨੁ ਦੂਜਾ ਅਵਰੁ ਨ ਕੋਈ***
***ਸਭੁ ਤੇਰਾ ਖੇਲੁ ਅਖਾੜਾ ਜੀਉ ॥ ਅੰਗ – ੧੦੩***

**ਪੰਜਵੀਂ ਅਵਸਥਾ**

ਇਸ ਅਵਸਥਾ ਵਿਚ ਖੇਡਣ ਵਾਲੇ ਪੁਰਸ਼ ਨੂੰ ਯਕੀਨ ਆ ਜਾਂਦਾ ਹੈ ਕਿ ਉਸ ਦੇ ਹਰ ਵੇਲੇ ਅੰਦਰ ਰਹਿਣ ਵਾਲੀ ਚੇਤਨ ਸ਼ਕਤੀ ਉਸ ਨਾਲੋਂ ਕਿਤੇ ਸਿਆਣੀ, ਬਲਵਾਨ ਤੇ ਉਸ ਦੀ ਸੱਚੀ ਹਮਦਰਦ ਹੈ। ਇਹੋ ਸ਼ਕਤੀ ਉਸ ਦੀ ਹਮੇਸ਼ਾ ਰਖਿਆ ਕਰਦੀ ਹੈ ਤੇ ਉਸ ਨੂੰ ਵਧਦਾ ਫੁਲਦਾ ਦੇਖਣਾ ਚਾਹੁੰਦੀ ਰਹੀ ਹੈ। ਉਸਨੂੰ ਇਹ ਵੀ ਪਤਾ ਲਗ ਜਾਂਦਾ ਹੈ ਕਿ ਉਸ ਦੀਆਂ ਆਪਣੀਆਂ ਸੋਚਾਂ, ਤਦਬੀਰਾਂ, ਸਿਵਾਏ ਉਸ ਮਹਾਨ ਸ਼ਕਤੀ ਦੇ ਰਸਤੇ ਵਿਚ ਰੋੜਾ ਅਟਕਾਣ ਦੇ ਹੋਰ ਕੁਝ ਫਾਇਦਾ ਨਹੀਂ ਪੁਚਾ ਸਕਦੀਆਂ। ਇਸ ਸ਼ਕਤੀ ਦੀ ਵਡਿਆਈ ਤੇ ਸਮਰੱਥਾ ਉਤੇ ਜਦ ਪੂਰਾ ਯਕੀਨ ਹੋ ਜਾਵੇ ਤਾਂ ਅਭਿਆਸੀ ਬੇਫਿਕਰੀ ਤੇ ਬੇਖੌਫੀ ਨਾਲ ਆਖਦਾ ਹੈ –

*ਜੀਅ ਜੰਤ ਸਭਿ ਸਰਣਿ ਤੁਮ੍ਾਰੀ*
*ਸਰਬ ਚਿੰਤ ਤੁਧੁ ਪਾਸੇ ॥*
*ਜੋ ਤੁਧੁ ਭਾਵੈ ਸੋਈ ਚੰਗਾ*
*ਇਕ ਨਾਨਕ ਕੀ ਅਰਦਾਸੇ ॥ ਅੰਗ - ੭੦*

ਉਹ ਸੂਲੀ ਤੇ ਚੜ੍ਹਨ ਵੇਲੇ ਵੀ ਇਸ ਮਹਾਨ ਸ਼ਕਤੀ ਨੂੰ ਆਪਣੇ ਅੰਗ ਸੰਗ ਦੇਖਦਾ ਹੈ ਤੇ ਖੁਸ਼ੀ ਨਾਲ ਆਖਦਾ ਹੈ -

*ਜੋ ਤੁਧੁ ਭਾਵੈ ਸਾਈ ਭਲੀ ਕਾਰ ॥*
*ਤੂ ਸਦਾ ਸਲਾਮਤਿ ਨਿਰੰਕਾਰ ॥ ਅੰਗ - ੭੦*

ਇਸ ਅਵਸਥਾ ਦੇ ਅਖੀਰ ਅਭਿਆਸੀ ਅਰਦਾਸਾਂ ਕਰਨੀਆਂ ਛੱਡ ਦਿੰਦਾ ਹੈ, ਕਿਉਂਕਿ ਉਹ ਆਪਣੇ ਦਿਲ ਦੇ ਸੂਖਸ਼ਮ ਫੁਰਨੇ ਤੋਂ ਏਸ ਮਹਾਂ-ਸ਼ਕਤੀ ਨੂੰ ਅੱਗੇ ਹੀ ਜਾਣੂ ਦੇਖਦਾ ਹੈ। ਹੁਣ ਉਹ ਆਖਦਾ ਹੈ -

*ਜਤ ਕਤ ਦੇਖਉ ਤਤ ਤਤ ਤੁਮ ਹੀ*
*ਮੋਹਿ ਇਹੁ ਬਿਸੁਆਸੁ ਹੋਇ ਆਇਓ ॥*
*ਕੈ ਪਹਿ ਕਰਉ ਅਰਦਾਸਿ ਬੇਨਤੀ*
*ਜਉ ਸੁਨਤੋ ਹੈ ਰਘੁਰਾਇਓ ॥ ਅੰਗ - ੨੦੫*
*ਹਰਿ ਅੰਤਰਜਾਮੀ ਸਭ ਬਿਧਿ ਜਾਣੈ*
*ਤਾ ਕਿਸੁ ਪਹਿ ਆਖਿ ਸੁਣਾਈਐ ॥*
*ਅੰਗ - ੬੨੪*

*ਕਿਆ ਦੀਨੁ ਕਰੇ ਅਰਦਾਸਿ ॥*
*ਜਉ ਸਭ ਘਟਿ ਪ੍ਰਭੂ ਨਿਵਾਸ ॥ ਅੰਗ- ੧੩੦੪*

**ਛੇਵੀਂ ਅਵਸਥਾ**

ਉਪਾਸ਼ਨਾ ਦੀ ਆਖਰੀ ਅਵਸਥਾ ਵਿਚ ਮਾਸ਼ੂਕ, ਆਸ਼ਕ ਤੇ ਆਸ਼ਕ ਮਾਸ਼ੂਕ ਹੋ ਜਾਂਦਾ ਹੈ। ਇਸ ਅਵਸਥਾ ਵਿਚ ਉਹ ਚੇਤਨ ਸ਼ਕਤੀ ਹਰ ਵਕਤ ਆਪਣੇ ਉਪਾਸ਼ਕ ਦੀ ਨਾਜ਼ ਬਰਦਾਰੀ ਵਾਸਤੇ ਤਿਆਰ ਰਹਿੰਦੀ ਹੈ। ਉਪਾਸ਼ਕ ਦੇ ਦਿਲ ਦੇ ਜ਼ਰਾ ਜ਼ਰਾ ਫੁਰਨੇ ਵੀ ਪੂਰਨ ਹੁੰਦੇ ਹਨ।

*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ੧ ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ*
*ਤਤਕਾਲ ਹੋਇ ਆਵੈ ॥ ਅੰਗ - ੪੦੩*

*ਕਬੀਰ ਮਨੁ ਨਿਰਮਲੁ ਭਇਆ*
*ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

*ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ*
*ਤਿਸੁ ਬਾਰਿਕ ਭੂਖ ਕੈਸੀ ॥*
*ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ*
*ਮਨਿ ਬਾਂਛੈ ਸੋ ਲੈਸੀ ॥ ੩ ॥*
*ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ*
*ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥*
*ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ*
*ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥*
*ਅੰਗ - ੧੨੬੬*

ਇਸ ਅਵਸਥਾ ਵਿਚ ਅਰਦਾਸ ਆਪਣੇ ਪੂਰਨ ਦਰਜੇ ਤੇ ਪਹੁੰਚਦੀ ਹੈ, ਉਪਾਸ਼ਕ ਦੀ ਹਰ ਖਾਹਿਸ਼ 'ਘਟ ਘਟ ਕੇ ਪਟ ਪਟ ਕੀ ਜਾਨਤ' ਸ਼ਕਤੀ ਵਲੋਂ ਅਣਮੰਗਿਆਂ, ਅਣਬੋਲਿਆਂ ਖੁਦ-ਬ-ਖੁਦ ਪੂਰੀ ਹੁੰਦੀ ਹੈ।

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥*
*ਅੰਗ - ੮੧੯*

ਏਥੇ ਪਹੁੰਚ ਕੇ ਉਪਾਸ਼ਕ ਜ਼ਿਆਦਾ ਅਰਦਾਸਾਂ ਕਰਦਾ ਹੀ ਨਹੀਂ, ਕਿਉਂਕਿ ਉਸਨੂੰ ਅਰਦਾਸ ਦੀ ਫਿਲਾਸਫੀ ਸਮਝ ਆ ਜਾਂਦੀ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਅਰਦਾਸਾਂ ਤਦ ਤਕ ਹੀ ਹੁੰਦੀਆਂ ਹਨ ਜਦ ਤਕ ਕੋਈ ਊਣਤਾਈ ਹੋਵੇ। ਜਦ ਸਾਹਿਬ ਬੰਦੇ ਨੂੰ ਪੂਰਨ ਕਰ ਦੇਵੇ, ਆਪਣੇ ਵਰਗਾ ਹੀ ਬਣਾ ਲਵੇ, ਫਿਰ ਬੰਦਾ ਮੰਗੇ ਕੀ? ਚਾਹੇ ਕੀ? ਕੋਈ ਮੰਗਣ ਵਾਲੀ ਚੀਜ਼ ਨਹੀਂ ਰਹਿੰਦੀ, ਮਾਇਆ ਚਰਨਾਂ ਵਿਚ ਹਾਜ਼ਰ ਦਿਸਦੀ ਹੈ। ਮੰਗੇ ਕੌਣ? ਮੰਗਣ ਵਾਲਾ ਬਦਲ ਕੇ ਸਾਹਿਬ ਰੂਪ ਹੋ ਜਾਂਦਾ ਹੈ -

*ਹਮ ਕਿਛੁ ਨਾਹੀ ਏਕੈ ਓਹੀ ॥*
*ਆਗੈ ਪਾਛੈ ਏਕੋ ਸੋਈ ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ ॥*
*ਹਮ ਓਇ ਮਿਲਿ ਹੋਏ ਇਕ ਰੰਗਾ ॥*
*ਅੰਗ - ੩੯੧*

ਅਰਦਾਸ ਦੀ ਲੋੜ - ਅਰਦਾਸ ਹਰ ਇਨਸਾਨ ਵਾਸਤੇ, ਭਾਵੇਂ ਉਹ ਕਿਸੇ ਅਵਸਥਾ ਦਾ ਹੋਵੇ, ਜ਼ਰੂਰੀ ਹੈ। ਸਰੀਰਕ ਲੋੜਾਂ ਤੋਂ ਲੈ ਕੇ ਉਚੀਆਂ ਤੋਂ ਉਚੀਆਂ ਆਤਮਕ ਲੋੜਾਂ ਦੀ ਪੂਰਤੀ ਲਈ ਅਰਦਾਸ ਸਹਾਇਤਾ ਕਰਦੀ ਹੈ। ਅਰਦਾਸ ਮਨ ਨੂੰ ਨਿਰਮਾਣ ਤੇ ਨਿਰਮਲ ਬਣਾਂਦੀ ਹੈ। ਬੰਦਗੀ ਦੇ ਰਸਤੇ ਉਤੇ ਇਹ ਹਰ ਇਕ ਪਾਂਧੀ ਲਈ ਇਤਨੀ ਹੀ ਜ਼ਰੂਰੀ ਹੈ, ਜਿਤਨੀ ਕਿ ਅੰਨ੍ਹੇ ਲਈ ਡੰਗੋਰੀ।

*ਕਿਆ ਹੰਸੁ ਕਿਆ ਬਗੁਲਾ*
*ਜਾ ਕਉ ਨਦਰਿ ਕਰੇਇ ॥*
*ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥*
*ਪਉੜੀ ॥*
*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥*
*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥*
*ਅੰਗ - ੯੧*

(-----)

# ਸਤਵੰਤ ਕੌਰ

***ਭਾਈ ਵੀਰ ਸਿੰਘ ਜੀ***

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

## ਕਾਂਡ ਗਿਆਰ੍ਹਵਾਂ

ਉਧਰ ਬੀਬੀ ਫਾਤਮਾ ਜਿਸ ਵੇਲੇ ਘਰ ਦੇ ਧੰਦਿਓਂ ਵਿਹਲੀ ਹੋਈ ਅਰ ਸਤਵੰਤ ਕੌਰ ਵਲ ਗਈ, ਤਦ ਅੰਦਰ ਖਾਲੀ ਪਾਇਆ। ਪੰਖੀ ਉਡ ਗਿਆ, ਪਿੰਜਰਾ ਸੱਖਣਾ। ਕੀ ਕਰਦੀ? ਪਹਿਲੇ ਤਾਂ ਕੁਝ ਸ਼ੱਕ ਰਿਹਾ, ਪਰ ਜਦ ਮਰਦਾਵੇਂ ਕਪੜੇ ਨਾ ਡਿੱਠੇ ਤਦ ਦਿਲ ਨੂੰ ਘਾਟ ਪਈ, ਅੱਖਾਂ ਅੱਗੇ ਹਨ੍ਹੇਰਾ ਆ ਗਿਆ, ਹੋਸ਼ ਧੂੰਏਂ ਵਾਂਗ ਉੱਡ ਖੜੋਤੀ ਅਰ ਦਿਮਾਗ ਨੂੰ ਚੱਕਰ ਦੇ ਕੇ ਧੜਾ ਕਰਕੇ ਡੇਗਿਆ। ਡਿੱਗੀ ਪਈ ਰਹੀ, ਕਿੰਨਾ ਚਿਰ ਲੰਘ ਗਿਆ। ਬੇਹੋਸ਼ ਤਾਂ ਨਹੀਂ ਹੋਈ, ਪਰ ਸਰੀਰ ਢਿੱਲਾ ਐਸਾ ਹੋਇਆ ਕਿ ਉੱਠਣੇ ਦੀ ਆਸੰਙ ਨਾ ਰਹੀ। ਕਿੰਨੇ ਚਿਰ ਪਿਛੋਂ ਉੱਠੀ, ਪਰ ਲੱਤਾਂ ਥਿੜਕਨ, ਫੇਰ ਸਾਹਸਹੀਨ ਹੋ ਕੇ ਬੈਠ ਗਈ। ਇੱਕੁਰ ਕਿੰਨੇ ਚਿਰ ਮਗਰੋਂ ਉਠੀ, ਬਾਹਰ ਗਈ ਜਾ ਕੇ ਅੰਗੂਰਾਂ ਦਾ ਰਸ ਪੀਤਾ, ਜ਼ਰਾ ਕੁ ਢਾਰਸ ਹੋਈ, ਸਰੀਰ ਖਲੋਤਾ ਪਰ ਦਿਲ ਦੀ ਖੁੱਸਣ ਨੂੰ ਕੌਣ ਹਟਾਵੇ? ਫੇਰ ਅੰਦਰ ਗਈ, ਦੀਵਾ ਜਗਾ ਕੇ ਸਾਰੀ ਸੁਰੰਗ ਦੇਖੀ, ਖੋਲ੍ਹ ਕੇ ਬਾਹਰ ਗਈ। ਸੱਜਰੀ ਮਿੱਟੀ ਢੱਠੀ ਦੇਖ ਕੇ ਪੱਕਾ ਨਿਸ਼ਚਾ ਹੋ ਗਿਆ ਕਿ ਸੋਨੇ ਦੀ ਚਿੜੀ ਉਡ ਗਈ। ਨਿਰਾਸ ਹੋ ਕੇ ਆਪਣੇ ਅੰਦਰ ਬੈਠੀ ਤੇ ਗਿਣਤੀਆਂ ਗਿਣਨ ਲੱਗੀ। ਪੁੱਤਰ ਬੁਲਾਵੇ, ਇਸਨੂੰ ਮੂਲੋਂ ਨਾ ਭਾਵੇ। ਗੋਲੀਆਂ ਬਾਂਦੀਆਂ ਕੰਮ ਪੁੱਛਣ ਇਸਨੂੰ ਮੂੰਲੋਂ ਨਾ ਭਾਵੇ। ਗੋਲੀਆਂ ਬਾਂਦੀਆਂ ਕੰਮ ਪੁੱਛਣ ਇਸਨੂੰ ਮੂੰਹੋਂ ਗੱਲ ਨਾ ਆਵੇ। ਆਪਣੀ ਵੱਲੋਂ ਬਥੇਰਾ ਹੌਂਸਲਾ ਕਰੇ, ਪਰ ਦਿਲ ਨੂੰ ਐਸੀ ਧਰੀਕ ਪਵੇ ਜੋ ਕਿਸੇ ਬਿਧ ਨਾ ਠਲ੍ਹੀ ਜਾਵੇ। ਅੱਗੇ ਬਿਪਤਾ ਵੇਲੇ ਜਪੁ ਸਾਹਿਬ ਦਾ ਪਾਠ ਜਿੱਕੁਰ ਸਤਵੰਤ ਕੌਰ ਨੇ ਦੱਸਿਆ ਸੀ, ਇਸਨੂੰ ਰੁੜਨੋਂ ਠਲ੍ਹ ਲੈਂਦਾ ਸੀ, ਪਰ ਹੁਣ ਪਾਠ ਕਰੇ ਇਕ ਪੌੜੀ ਦਾ ਤੇ ਮਨ ਸੋਚਾਂ ਦੇ ਪਰ ਲਾ ਕੇ ਸਤਵੰਤ ਕੌਰ ਦੇ ਮਗਰ ਸ਼ਹਿਰਾਂ ਜੰਗਲਾਂ ਵਿਚ ਸੈਂਕੜੇ ਉਡਾਰੀਆਂ ਮਾਰੇ। ਢਾਰਸ ਕਿਸ ਪ੍ਰਕਾਰ ਹੋਵੇ? ਬੈਠੀ ਬੈਠੀ ਦੇ ਅੱਥਰੂ ਵਗ ਤੁਰਨ, ਇਹ ਉਨ੍ਹਾਂ ਨੂੰ ਰੋਕੇ ਪਰ ਜਿੱਕੁਰ ਪਿਚਕਾਰੀ ਦੇ ਮੂੰਹ ਅੱਗੇ ਤਾਂ ਦੇਈਏ ਉਂਗਲ ਤੇ ਪਿੱਛੋਂ ਦਬਾਈਏ ਡੱਕਾ, ਪਾਣੀ ਉਂਗਲ ਨੂੰ ਪਰ੍ਹੇ ਜਾ ਜਾ ਪਵੇ ਅਰ ਹੰਝੂਆਂ ਦੀ ਧਾਰ ਤ੍ਰਿਖੀ ਹੋ ਹੋ ਕੇ ਵਗੇ। ਇਹ ਹਾਰ ਕੇ ਪਾਣੀ ਦੀ ਬਾਟੀ ਉਪਰ ਮੂੰਹ ਕਰਕੇ ਛੱਟੇ ਮਾਰੇ, ਜੋ ਅੱਖ ਦਾ ਸੋਮਾ ਸੁਕੜ ਕੇ ਹੀ ਪਾਣੀ ਨੂੰ ਬੰਦ ਕਰੇ ਪਰ ਕਿਥੋਂ? ਸਗੋਂ ਉਲਟਾ ਅਸਰ ਹੋਵੇ, ਅੰਦਰੋਂ ਸੜਦੇ ਪਾਣੀ ਨੂੰ ਜਦ ਠੰਢੇ ਪਾਣੀ ਦੇ ਛੱਟਿਆਂ ਨਾਲ ਸਪਰਸ਼ ਹੋਵੇ, ਤਦ ਆਪਣੀ ਅੱਗ ਬੁਝਾਉਣੇ ਲਈ ਹੰਝੂਆਂ ਦਾ ਤੱਤਾ ਪਾਣੀ ਉਛਲ ਉਛਲ ਕੇ ਵੱਧ ਨਿਕਲੇ। ਵਿਚਾਰੀ ਫਾਤਮਾ ਦੇ ਹੱਥ ਪੁਰ ਠੰਢੀਆਂ ਤੇ ਤੱਤੀਆਂ ਬੂੰਦਾਂ ਜਲ ਦੀਆਂ ਅੱਡ ਅੱਡ ਐਉਂ ਪ੍ਰਤੀਤ ਦੇਣ, ਜਿੱਕੁਰ ਅਟਕ ਤੇ ਲੰਡਾ ਨਾਲੋਂ ਨਾਲ ਵੱਗਦੇ ਅੱਡੋ ਅੱਡ ਐਉਂ ਪ੍ਰਤੀਤ ਦੇਣ, ਜਿਕੁੱਟ ਅਟਕ ਤੇ ਲੰਡਾ ਨਾਲੋਂ ਨਾਲ ਵੱਗਦੇ ਅੱਡੋ ਅੱਡ ਰੰਗ ਦਿਖਾਲਦੇ ਹਨ।

ਫਾਤਮਾ ਦੇ ਘਰ ਵਾਲੇ ਨੂੰ ਅੱਜ ਕਿਸੇ ਭਾਰੀ ਸੇਵਾ ਦੇ ਬਦਲੇ ਸਰਕਾਰੋਂ ਇਕ ਪਿੰਡ ਇਨਾਮ ਮਿਲਿਆ ਸੀ, ਉਸ ਨੇ ਆ ਕੇ ਦੱਸਿਆ, ਪਰ ਫਾਤਮਾ ਦੇ ਚਿਹਰੇ ਨੇ ਹਾਸੇ ਵਿਚ ਰੰਗ ਨਾ ਵਟਾਇਆ। ਬੰਨ੍ਹ ਬੰਨ੍ਹ ਕੇ ਹੱਸੇ, ਪਰ ਅੱਖਾਂ ਬੁਲ੍ਹਾ ਕੇ ਕਹੇ ਪੂਰੀ ਤਰ੍ਹਾਂ ਆਖੇ ਨਾ ਲੱਗਣ, ਬੁੱਲ੍ਹ ਮੁਸਕਰਾਉਣ, ਪਰ ਅੱਖਾਂ ਤਰਬਤਰ ਹੋ ਹੋ ਜਾਣ। ਖਾਂ ਪੁੱਛੇ ਕਿ ਅੱਜ ਕਿਹੀ ਉਦਾਸੀ ਹੈ, ਪਰ ਉਹ ਕੀ ਦੱਸੇ? ਉਥੇ ਤਾਂ ਇਹ ਮਾਮਲਾ ਵਰਤ ਰਿਹਾ ਸੀ -

***ਹੇ ਦਿਲ ਦੇ ਸਾੜ! ਇਕ ਸੁਣ ਬੇਨਤੀ ਤੂੰ,***<br>
***ਇਸ਼ਕ ਦੇ ਭੇਤ ਦੀ ਨਿਕਲੇ ਨ ਟੁਕ ਸੂੰ,***<br>
***ਵਿਚੋ ਵਿਚ ਫੂਕ, ਛਡ ਬਾਕੀ ਨਾ ਇਕ ਲੂੰ,***<br>
***ਪਰ ਐਸੀ ਅੱਗ ਹੈ ਜਿਸ ਦਾ ਨਾ ਹੋ ਧੂੰ।***

ਇਹ ਮਾਮਲਾ ਫਾਤਮਾ ਨੂੰ ਆ ਵਾਪਰਿਆ ਸੀ, ਸੋ ਘਰ ਵਾਲੇ ਨੂੰ ਕੀਹ ਦੱਸੇ? ਬਹਾਨੇ ਕਰ ਕਰ ਟਾਲੇ, ਪਰ ਉਹ ਵਧੀਕ ਹਿਤ ਕਰ ਕਰ ਪੁੱਛੇ? ਛੇਕੜ ਨੀਂਦ ਨੇ ਆ ਛੁਡਾਇਆ। ਸਭ ਸੌਂ ਗਏ, ਇਕ ਫਾਤਮਾ ਸਿਰਹਾਣੇ ਤੇ ਸਿਰ ਰੱਖੀਂ ਰੋ ਰੋ ਕੇ ਉਸਨੂੰ ਗਿੱਲਿਆਂ ਕਰ ਰਹੀ ਸੀ। ਕਿੰਨੀ ਰਾਤ ਤਾਂ ਬੀਤੀ ਥਕਾਨ ਨੇ ਧੱਕਾ ਦਿੱਤਾ ਸੀ, ਬਾਣੀ ਦੇ ਪਾਠ ਨੇ ਭੀ ਠਰੰਮਾ ਦਿੱਤਾ, ਕੁਝ ਕੁ ਆਲਸ ਜਿਹਾ ਆ ਗਿਆ।

ਜਾਂ ਫਾਤਮਾ ਦਿਨੇ ਉੱਠੀ ਤਦ ਸਰੀਰ ਨਿਰਬਲ, ਦਿਲ ਕਮਜ਼ੋਰ ਤੇ ਓਹੋ ਵਿਛੋੜੇ ਦਾ ਸੱਲ ਬਾਕੀ। ਵਿਚਾਰੀ ਸੋਚਾਂ ਸੋਚੇ ਕਿ ਕੀਕੁਰ ਸਤਵੰਤ ਕੌਰ ਲੱਭੇ। ਆਪ ਪਰਦੇਦਾਰ, ਘਰੋਂ ਬਾਹਰ ਪੈਰ ਨਾ ਕੱਢਣਾ, ਭੇਤ ਐਸਾ ਜੋ ਕਿਸੇ ਨੂੰ ਦਸ ਨਾ ਸਕੇ, ਢੂੰਡ ਭਾਲ ਹੋਵੇ ਤਾਂ ਕਿੱਕੁਰ? ਫੇਰ ਜਦ ਸੋਚੇ ਕਿ ਸਤਵੰਤ ਕੌਰ ਬੜੀ ਹਠੀਆ ਹੈ ਅਰ ਜ਼ਰੂਰ ਪੰਜਾਬ ਨੂੰ ਧਾਈਂ ਕਰੇਗੀ, ਤਦ ਰਸਤੇ ਦੇ ਔਖ ਅਰ ਉਸਦੀ ਗਰੀਬੀ ਤੇ ਤੀਵੀਂ ਦੇ ਆਲਮ ਦਾ ਖਿਆਲ ਉਸ ਨੂੰ ਗੜੇ ਗੜੇ ਦੀ ਹੰਝੂ ਰੁਆਵੇ ਕਿ ਕਿੱਕੁਰ ਐਡਾ ਭਾਰਾ ਜਫਰ ਜਾਲੇਗੀ; ਖਬਰੇ ਕਿਸ ਮੁਸੀਬਤ ਵਿਚ ਫਸੇਗੀ, ਕਿਨ੍ਹਾਂ ਔਕੜਾਂ ਦੇ ਮੂੰਹ ਆਵੇਗੀ। ਇਨ੍ਹਾਂ ਸੋਚਾਂ ਤੇ ਫਿਕਰਾਂ ਵਿਚ ਕਈ ਦਿਨ ਬੀਤੇ ਪਰ ਬਣਿਆਂ ਕੁਝ ਨਾ। ਇਕ ਦਿਨ ਘਰ ਵਾਲੇ ਨੇ ਆ ਕੇ ਦੱਸਿਆ ਕਿ ਉਹ ਲੜਕੀ ਜੇ ਸਾਡੇ ਘਰ ਰਹੀ ਸੀ ਅਰ ਜਿਸ ਨੇ ਮੈਨੂੰ ਕੈਦੋਂ ਛੁਡਾਇਆ ਸੀ (ਅਰਥਾਤ ਸਤਵੰਤ ਕੌਰ) ਫੜੀ ਗਈ ਹੈ ਅਰ ਅਮੀਰ ਦੇ ਮਹਿਲੀਂ ਪੁਚਾਈ ਗਈ ਹੈ। ਇਕ ਪਠਾਣ ਦੇ ਪਾਸ ਸੀ ਅਰ ਉਹ ਮੰਡੀ ਵਿਚ ਵੇਚ ਰਿਹਾ ਸੀ। ਸਿਪਾਹੀਆਂ ਪਛਾਣ ਕੀਤੀ ਅਰ ਸਰਕਾਰੇ ਪੁਚਾਇਆ। ਉਥੇ ਗੋਲੀਆਂ ਬਾਂਦੀਆਂ ਨੇ ਭੀ ਪਛਾਣ ਲਿਆ ਹੈ। ਅਮੀਰ ਸਾਹਿਬ ਬੀ ਕੁਝ ਕੁਝ ਪਛਾਣ ਕਰਦੇ ਹਨ। ਉਸ ਨੂੰ ਜੇ ਕੁਝ ਪੁੱਛੋ ਤਾਂ ਉੱਤਰ ਨਹੀਂ ਦੇਂਦੀ, ਬਿਟਰ ਬਿਟਰ ਤੱਕਦੀ ਤੇ ਫਰਨ ਫਰਨ ਰੋ ਪੈਂਦੀ ਹੈ। ਅਮੀਰ ਸਾਹਿਬ ਨੇ ਕੈਦ ਦਾ ਹੁਕਮ ਦਿੱਤਾ ਸੀ, ਪਰ ਮੈਂ ਰਹਿ ਨਾ ਸਕਿਆ, ਅਰਜ਼ ਕੀਤੀ ਕਿ ਮੈਨੂੰ ਸ਼ੱਕ ਪੈਂਦਾ ਹੈ ਕਿ ਇਹ ਲੜਕੀ ਉਹ ਨਹੀਂ ਹੈ, ਬਿਹਤਰ ਹੋਵੇ ਜੋ ਇਹ ਮੇਰੀ ਵਹੁਟੀ ਪਾਸ ਘੱਲੀ ਜਾਵੇ, ਉਹ ਠੀਕ ਤਰ੍ਹਾਂ ਪਛਾਣ ਸਕੇਗੀ, ਜਿਸ ਪਾਸ ਇਸ ਨੇ ਮੁੱਦਤ ਕੱਟੀ ਹੈ; ਤੇ ਹੁਣ ਜੋ ਲੋਕ ਪਛਾਣਦੇ ਹਨ ਉਨ੍ਹਾਂ ਨੇ ਕੇਵਲ ਇਕ ਵੇਰ ਡਿੱਠੀ ਹੈ। ਅਮੀਰ ਨੇ ਇਹ ਗੱਲ ਮੰਨ ਲਈ ਹੈ ਅਰ ਕੱਲ੍ਹ ਉਹ ਤੁਹਾਡੇ ਪਾਸ ਲਿਆਂਦੀ ਜਾਵੇਗੀ। ਮੇਰਾ ਤਾਤਪਰਜ ਇਹ ਸੀ ਕਿ ਮੈਂ ਬੀ ਅਹਿਸਾਨ ਲਾਹ

ਲਵਾਂ, ਜੋ ਉਹੋ ਹੋਈ, ਤੁਸਾਂ ਕਹਿ ਦੇਣਾ ਕਿ ਇਹ ਉਹ ਨਹੀਂ ਹੈ ਅਮੀਰ ਛੱਡ ਦੇਵੇਗਾ, ਤਦ ਵਿਚਾਰੀ ਬਚ ਰਹੇਗੀ, ਅਸੀਂ ਫੇਰ ਉਸ ਨੂੰ ਲੈ ਆਵਾਂਗੇ, ਤੇ ਲੁਕਾ ਕੇ ਕਿਤੇ ਸੁਖ ਦੇ ਥਾਂ ਪੁਚਾ ਦਿਆਂਗੇ।

ਫਾਤਮਾ ਪਹਿਲੇ ਤਾਂ ਗੋਤੇ ਗਈ ਸੀ, ਪਰ ਫੇਰ ਪਤੀ ਦੀ ਦਨਾਈ ਦੀ ਚਾਲ ਨੂੰ ਦੇਖ ਕੇ ਬੜੀ ਪ੍ਰਸੰਨ ਹੋਈ ਕਿ ਸ਼ੁਕਰ ਹੈ ਫੇਰ ਪਿਆਰੀ ਲੱਭ ਪਈ ਅਰ ਮੈਨੂੰ ਉਸ ਦੀ ਸੇਵਾ ਕਰਨ ਦਾ ਸਮਾਂ ਹੱਥ ਲਗੇਗਾ।

ਦੂਸਰੇ ਦਿਨ ਫਾਤਮਾ ਪਾਤਸ਼ਾਹੀ ਮਹਿਲਾਂ ਨੂੰ ਸੱਦੀ ਗਈ। ਉਥੇ ਜਾ ਕੇ ਉਹ ਫੜੀ ਹੋਈ ਕੁੜੀ ਉਸ ਦੇ ਸਾਮ੍ਹਣੇ ਆਂਦੀ ਗਈ। ਫਾਤਮਾ ਦਾ ਦਿਲ ਸ਼ੋਕ ਨਾਲ ਧਕ ਧਕ ਕਰ ਰਿਹਾ ਸੀ, ਪਰ ਸ਼ੋਕ ਦੇਖਦੇ ਸਾਰ ਹੀ ਸਾਰਾ ਦੂਰ ਹੋ ਗਿਆ। ਉਹ ਕੋਈ ਹੋਰ ਦੁਖਿਆਰਨ ਸੀ, ਸਤਵੰਤ ਕੌਰ ਨਹੀਂ ਸੀ। ਫਾਤਮਾ ਨੇ ਦੇਖਦੇ ਹੀ ਸਿਰ ਫੇਰਿਆ ਕਿ ਇਹ ਉਹ ਨਹੀਂ ਹੈ। ਅਰ ਦਿਲ ਵਿਚ ਬੀ ਨਿਰਾਸ ਹੋ ਗਈ। ਫੇਰ ਕੁਝ ਸ਼ੱਕ ਫੁਰਿਆ ਤਾਂ ਦੋ ਚਾਰ ਗੱਲਾਂ ਉਸ ਨਾਲ ਕੀਤੀਆਂ, ਪਰ ਉਹ ਕੋਈ ਹੋਰ ਹੀ ਨਿਕਲੀ। ਜਦ ਉਸ ਨੇ ਕਹਿ ਦਿੱਤਾ ਕਿ ਇਹ ਉਹ ਕੁੜੀ ਨਹੀਂ ਹੈ, ਤਦ ਉਹ ਦਰੋਗੇ ਪਾਸ ਫੇਰ ਭੇਜੀ ਗਈ। ਪਾਤਸ਼ਾਹ ਦੀ ਤਸੱਲੀ ਹੋ ਗਈ ਅਰ ਉਸ ਕੁੜੀ ਨੂੰ ਛੱਡ ਦੇਣੇ ਦਾ ਹੁਕਮ ਹੋਇਆ। ਪਰ ਰਾਸ਼ੇ ਪਠਾਣ ਕੁਟਵਾਲ ਨੂੰ, ਜਿਸ ਨੇ ਉਸ ਨੂੰ ਫੜਿਆ ਸੀ, ਕ੍ਰੋਧ ਆ ਗਿਆ ਕਿ ਕਮਬਖਤ ਨੇ ਮੇਰੀ ਮਿਹਨਤ ਹੀ ਐਤ ਕੀਤੀ; ਇਸ ਰੋਹ ਵਿਚ ਬੰਦੂਕ ਦੇ ਕੁੰਦੇ ਨਾਲ ਹੁੱਜ ਦਿੱਤੀ, ਉਹ ਵਿਚਾਰੀ ਫਾਕਿਆਂ ਦੀ ਮਾਰੀ, ਬੇਨਸੀਬ ਹਿੰਦੁਸਤਾਨ ਦੀ ਕੈਦਣ, ਦੁੱਖਾਂ ਤੋਂ ਨਿਰਬਲ ਹੋਈ ਹੋਈ ਡਿੱਗ ਪਈ ਅਰ ਰਿੜ੍ਹਦੀ ਰਿੜ੍ਹਦੀ ਹੇਠ ਜਾ ਪਈ, ਸਿਰ ਪਾਟ ਗਿਆ ਅਰ ਭੌਰ ਉਡੰਤ ਹੋ ਗਿਆ।

ਉਨ੍ਹਾਂ ਦੁਖਾਂ ਦੇ ਸਮੇਂ ਹਿੰਦੂਆਂ ਦਾ ਇਹ ਹਾਲ ਹੁੰਦਾ ਸੀ ਅਰ ਇਸ ਬੇਤਰਸੀ ਨਾਲ ਤੁਰਕ ਪਠਾਣ ਹਾਕਮ ਲੋਕ ਉਨ੍ਹਾਂ ਨਾਲ ਬੁਰਾ ਵਰਤਾਉ ਕਰਦੇ ਸਨ। ਹਿੰਦੂ ਨੂੰ ਤਾਂ ਬੱਸ ਪਸ਼ੂ ਤੁੱਲ ਬੀ ਨਹੀਂ ਜਾਣਦੇ ਸਨ। ਜੀ ਆਇਆ ਮਾਰ ਸਿਟਿਆ, ਜੀ ਆਇਆ ਦਾਸ ਬਣਾ ਲਿਆ, ਜੀ ਆਇਆ ਕਰੜੇ ਕੰਮੀਂ ਜੋ ਲਿਆ, ਜੀ ਆਇਆ ਪਸ਼ੂਆਂ ਵਾਂਗ ਵੇਚ ਛੱਡਿਆ। ਐਸੇ ਜ਼ਾਲਮ ਵਿਦੇਸ਼ੀ ਪਾਤਸ਼ਾਹਾਂ ਨਾਲ ਲੜ ਲੜ ਕੇ ਸਿੱਖ ਬਹਾਦਰਾਂ ਨੇ ਆਪਣਾ ਆਪ ਕੁਰਬਾਨ ਕਰ ਕਰ ਕੇ ਦੇਸ਼ ਨੂੰ ਉਨ੍ਹਾਂ ਤੋਂ ਸਾਫ ਕੀਤਾ ਸੀ।

## ਕਾਂਡ ਬਾਰ੍ਹਵਾਂ

ਇਕ ਦਿਨ ਦੀ ਗੱਲ ਹੈ ਕਿ ਖਾਂ ਸਾਹਿਬ ਰਾਤ ਕਿਤੇ ਦੌਰੇ ਬਾਹਰ ਗਏ, ਘਰ ਦੇ ਨੌਕਰ ਚਾਕਰ ਸਭ ਸੌਂ ਗਏ। ਫਾਤਮਾ ਆਪਣੇ ਕਮਰੇ ਵਿਚ ਲੰਮੀ ਪਈ ਹੋਈ ਸੀ, ਪਹਿਲੇ ਤਾਂ ਨੀਂਦ ਨੇ ਦਰਸ਼ਨ ਨਾ ਦਿੱਤਾ, ਪਰ ਜਦ ਛੇਕੜ ਆਈ ਹੀ ਤਾਂ ਫਾਤਮਾ ਐਸੀ ਗੁੱਟ ਹੋ ਗਈ ਕਿ ਉਸ ਨੂੰ ਨੀਂਦ ਆਈ ਦੀ ਖਬਰ ਹੀ ਨਾ ਰਹੀ। ਨੀਂਦ ਨੇ ਆ ਕੇ ਉਸ ਨੂੰ ਥਾਪੜਿਆ, ਅੱਖਾਂ ਦੇ ਛੱਪਰ ਮੇਲ ਦਿੱਤੇ, ਝੋਲੀ ਵਿਚ ਪਾ ਕੇ ਸੁਆਲ ਲਿਆ। ਸੁੱਤੀ ਪਈ ਕੀ ਦੇਖਦੀ ਹੈ ਕਿ ਮੈਨੂੰ ਨੀਂਦਰ ਨਹੀਂ ਪੈਂਦੀ ਤੇ ਘਾਬਰਕੇ ਸਿਰ ਪਟਕਦੀ ਹਾਂ, ਫੇਰ ਰੋਂਦੀ ਹਾਂ ਤੇ ਕਹਿੰਦੀ ਹਾਂ ਕਿ ਹੇ ਸਤਵੰਤ ਕੌਰ! ਤੂੰ ਕਿੱਕੁਰ ਐਡੀ ਨਿਰਮੋਹੀ ਹੋ ਗਈ? ਤੂੰ ਤਾਂ ਮੇਰੀ ਨੀਂਦਰ ਤੇ ਭੁੱਖ ਬੀ ਨਾਲ ਹੀ ਲੈ ਗਈ; ਇਹ ਕਹਿੰਦੀ ਰੋ ਪਈ। ਰੋਂਦੀ ਕੀ ਦੇਖਦੀ ਹੈ ਕਿ ਚੰਦ ਦੀ ਚਾਂਦਨੀ ਇਕੱਠੀ ਹੁੰਦੀ ਜਾਂਦੀ ਹੈ ਅਰ ਇਕ ਪੁਤਲਾ ਜਿਹਾ ਬਣਾਈ ਜਾਂਦੀ ਹੈ। ਸਹਿਜੇ ਸਹਿਜੇ ਕੀ ਹੋਇਆ ਕਿ ਉਹ ਚਾਂਦਨੀ ਤੀਵੀਂ ਬਣ ਗਈ ਅਰ ਅੰਤ ਫਾਤਮਾ ਨੇ ਕੀ ਪਛਾਣਿਆ ਕਿ ਉਹ ਤਾਂ ਸਤਵੰਤ ਕੌਰ ਹੈ। ਸਤਵੰਤ ਕੌਰ ਨੇ ਆ ਕੇ ਮੋਢਾ ਹਿਲਾਇਆ, ਜਾਂ ਹਿਲਾਇਆ ਤਾਂ ਫਾਤਮਾ ਜਾਗ ਪਈ। ਸੱਚਮੁੱਚ ਜਾਗ ਪਈ ਤੇ ਕੀ ਦੇਖਦੀ ਹੈ ਕਿ ਸੱਚਮੁੱਚ ਸਤਵੰਤ ਕੌਰ ਸਿਰਹਾਣੇ ਬੈਠੀ ਹੈ। ਉਹ ਹੱਕੀ ਬੱਕੀ ਹੋ ਕੇ ਅੱਖਾਂ ਮੀਟ ਲਵੇ। ਛੇਕੜ ਸਤਵੰਤ ਕੌਰ ਨੇ ਕਿਹਾ, ਫਾਤਮਾ! ਘਬਰਾ ਨਹੀਂ, ਤੂੰ ਸੁਪਨਾ ਨਹੀਂ ਦੇਖਦੀ, ਜਾਗਦੀ ਹੈਂ, ਅਰ ਮੈਂ ਸੁਪਨੇ ਦੀ ਦੇਵੀ ਨਹੀਂ, ਸੱਚਮੁੱਚ ਸਤਵੰਤ ਕੌਰ ਤੇਰੇ ਕੋਲ ਬੈਠੀ ਹਾਂ। ਹੁਣ ਤਾਂ ਬੇਵੱਸ ਹੋ ਕੇ ਫਾਤਮਾ ਨੇ ਜੱਫੀ ਪਾ ਲਈ ਅਰ ਦੋਵੇਂ ਜਾਣੀਆਂ ਇਕ ਦੂਜੇ ਨੂੰ ਚੰਬੜ ਗਈਆਂ।

ਐਨੇ ਚਿਰ ਮਗਰੋਂ ਅਚਾਨਕ ਸਤਵੰਤ ਕੌਰ ਦਾ ਫਾਤਮਾ ਨੂੰ ਮਿਲ ਪੈਣਾ ਇਕ ਭਾਰਾ ਅਚੰਭਾ ਸੀ, ਉਹ ਅਚਰਜ ਸੀ ਕਿ ਉਹ ਕਿਥੇ ਰਹੀ, ਕਿਥੋਂ ਆਈ ਅਰ ਕੀ ਕਾਰਨ ਉਸ ਨੂੰ ਖਿੱਚ ਕੇ ਲਿਆਇਆ, ਪਰ ਸਤਵੰਤ ਕੌਰ ਨੇ ਉਹਦੀ ਪਹਿਲੀ ਹਰਿਆਨੀ ਦੇ ਉੱਡ ਜਾਣ ਦੇ ਮਗਰੋਂ ਹਿਤ ਪਿਆਰ ਦੀ ਪੋਥੀ ਨਹੀਂ ਖੋਲ੍ਹੀ, ਕੇਵਲ ਏਨੀ ਗੱਲ ਹੀ ਕਹੀ ਕਿ ਉਸ ਰਸਤਿਓਂ ਬਾਹਰ ਕਿਸੇ ਕੰਮ ਗਈ ਸਾਂ ਅਰ ਆਪਣੇ ਵਤਨ ਪਹੁੰਚਣੇ ਦੇ ਫਿਕਰ ਵਿਚ ਸਾਂ ਕਿ ਤੁਹਾਡੇ ਘਰ ਵਿਚ ਮੁਸੀਬਤ ਪਹੁੰਚਦੀ ਵੇਖ ਕੇ ਜਿੰਦ ਹੂਲ ਕੇ ਅਰ ਬੜੀ ਮੁਸ਼ਕਲ ਨਾਲ ਉਹੋ ਪੁਰਾਣਾ ਰਸਤਾ ਲੱਭ ਕੇ ਸੁਰੰਗ ਦੇ ਰਸਤੇ ਥਾਣੀ ਫਿਰ ਆਈ ਹਾਂ। ਲੈ ਹੁਣ ਤਕੜੀ ਹੋ, ਸੋਚਾਂ ਦਾ ਵੇਲਾ ਨਹੀਂ, ਕੁਝ ਕਰਨੇ ਦਾ ਵੇਲਾ ਹੈ। ਤੇਰੀ ਸੌਂਕਣ ਇਕ ਡਾਕੂ ਦੇ ਨਾਲ ਰਲ ਗਈ ਹੈ ਅਰ ਅੱਜ ਰਾਤ ਨੂੰ ਤੇਰੇ ਪਤੀ ਨਾ ਹੋਣੇ ਕਰਕੇ ਤੇਰੇ ਘਰ ਲੁੱਟਣੇ ਅਰ ਤੈਨੂੰ ਬਦੋਬਦੀ ਚੁੱਕ ਲਿਜਾਣ ਦਾ ਬਾਨ੍ਹਣੂੰ ਬੱਝ ਗਿਆ ਹੈ। ਜਿਸ ਵੇਲੇ ਅੱਧੀ ਰਾਤ ਦੇ ਮਗਰੋਂ ਪੰਜਵੀਂ ਘੜੀ ਵੱਜੇਗੀ, ਅਚਾਨਕ ਤੇਰੀ ਗੋਲੀ 'ਹਸਨਾ' ਬੂਹਾ ਖੋਲ੍ਹ ਦੇਵੇਗੀ, ਚੋਰ ਅੰਦਰ ਆ ਜਾਣਗੇ ਅਰ ਘਰ ਲੁੱਟ ਕੇ ਤੈਨੂੰ ਚੁਕ ਲੈ ਜਾਣਗੇ ਅਰ ਕੰਨੋਂ ਸੰਨੇ ਕਿਸੇ ਨੂੰ ਪਤਾ ਨਹੀਂ ਲੱਗਣਾ ਕਿਉਂਕਿ ਤੈਨੂੰ ਲੈ ਕੇ ਏਨ੍ਹਾਂ ਸ਼ਹਿਰ ਦੇ ਵਿਚ ਹੀ ਸ਼ੌਂਕਣ ਤੇਰੀ ਦੇ ਘਰ ਗੁੰਮ ਹੋ ਜਾਣਾ ਹੈ ਅਰ ਉਥੋਂ ਫੇਰ ਸਹਿਜ ਨਾਲ ਨਿਕਲ ਕੇ ਹੋਰ ਰਾਹ ਫੜਨਗੇ।

ਫਾਤਮਾ ਘਬਰੀ, ਡੋਲੀ, ਡਰੀ ਤੇ ਚੱਕਰ ਜਿਹਾ ਕਾ ਕੇ ਭਚੱਕ ਰਹਿ ਗਈ, ਪਰ ਦਲੇਰ ਸਤਵੰਤ ਕੌਰ ਨੇ ਪਿਆਰ ਨਾਲ ਚੂੰਢੀ ਵੱਢ ਕੇ ਕਿਹਾ ਕਿ ਤਕੜੀ ਹੋ! ਪਠਾਣੀ ਹੋ ਕੇ ਐਸ ਤਰ੍ਹਾਂ ਹਿਰਾਸੀ? ਉਠ ਛੇਤੀ ਕਰ ਅਰ ਉਸ ਗੋਲੀ ਨੂੰ ਗੁਪਤ ਕੋਠੜੀ ਵਿਚ ਲਿਜਾ ਕੇ ਬਿਨਾ ਦੇਹ ਅਰ ਬੂਹਾ ਮਾਰ ਦੇ। ਫੇਰ ਜਾਲਾਨੀ ਨੌਕਰ ਨੂੰ ਜਗਾ ਕੇ ਕੁਤਵਾਲੀ ਭੇਜ ਕਿ ਉਥੋਂ ਦਸ ਅਹਿਦੀਏ ਆ ਜਾਣ ਅਰ ਰਾਤ ਭਰ ਮਕਾਨ ਉੱਤੇ ਪਹਿਰਾ ਦੇਣ। ਕੁਤਵਾਲ ਭਾਵੇਂ ਤੇਰੇ ਪਤੀ ਦਾ ਮੇਲੀ ਹੈ ਪਰ ਪੰਜਾਹ ਕੁ ਰੁਪਏ ਨਾਲ ਭੇਜ ਦੇਵੇ ਤਾਂ ਛੇਤੀ ਕੰਮ ਕਰੇਗਾ, ਪਰ ਠਹਿਰ ਜ਼ਰਾ ਦਮ ਲੈ। ਹੱਛਾ ਜਾਹ, ਪਹਿਲੇ 'ਹਸਨਾ' ਨੂੰ ਕਾਬੂ ਕਰ, ਫੇਰ ਮੈਂ ਕੁਝ ਹੋਰ ਸੋਚਦੀ ਹਾਂ।

ਫਾਤਮਾ ਗਈ, ਹਸਨਾ ਨੂੰ ਜਗਾਇਆ, ਉਹ ਸੁੱਤੀ ਹੋਈ ਤਾਂ ਸੀ ਹੀ ਨਹੀਂ, ਘੜੀਆਂ ਗਿਣ ਰਹੀ ਸੀ ਪਰ ਮਚਲੀ ਜਿਹੀ ਹੋ ਕੇ ਜਾਗੀ। ਫਾਤਮਾ ਨੇ ਕਿਹਾ, ਹਸਨਾ! ਤੂੰ ਅੱਜ ਬੜੀ ਛੇਤੀ

ਸੌਂ ਗਈ। ਦੁੱਧ ਨਹੀਂ ਰੱਖ ਆਈ, ਕਾਕਾ ਰੋਂਦਾ ਤੇ ਦੁੱਧ ਮੰਗਦਾ ਹੈ। ਹਸਨਾ ਉੱਠੀ, ਦੇਖੇ ਤਾਂ ਦੁੱਧ ਦਾ ਗਿਲਾਸ ਬਾਵਰਚੀਖਾਨੇ ਹੀ ਪਿਆ ਹੈ, ਸੱਚਮੁੱਚ ਆਪਣੇ ਪਾਪਾਂ ਦੀ ਧੁਨ ਵਿਚ ਦੁੱਧ ਭੁੱਲ ਗਈ ਸੀ। ਸੁਆਣੀ ਦੇ ਕਹੇ ਦੁੱਧ ਦਾ ਛੰਨਾ ਚੁੱਕ ਕੇ ਮਗਰ ਹੋ ਤੁਰੀ। ਫਾਤਮਾ ਉਸ ਨੂੰ ਇਕ ਗੁਪਤ ਕੋਠੜੀ ਵਲ ਲੈ ਗਈ ਅਰ ਬੋਲੀ ਦੁੱਧ ਮੈਨੂੰ ਫੜ ਦੇ ਤੇ ਦੋ ਪੌੜੀਆਂ ਹੇਠਾਂ ਉਤਰ ਕੇ ਹੇਠਲੇ ਚੁਬੱਚੇ ਵਿਚੋਂ ਗਹਿਣੇ ਦੀ ਡੱਬੀ ਚੁੱਕ ਲਿਆ, ਮੈਂ ਸਿਰ੍ਹਾਣੇ ਰੱਖ ਕੇ ਸਵਾਂਗੀ, ਅੱਜ ਘਰ ਇਕੱਲਾ ਹੈ। ਕਾਹਲੀ ਕਾਹਲੀ ਹਸਨਾ ਹੇਠ ਉਤਰੀ। ਫਾਤਮਾ ਅਜੇ ਤਕਦੀ ਹੀ ਸੀ ਕਿ ਸਤਵੰਤ ਆ ਪਹੁੰਚੀ ਅਰ ਉਸ ਚੁਬੱਚੇ ਦਾ ਲੋਹੇ ਦਾ ਬੂਹਾ ਉਤੇ ਸੁੱਟ ਕੇ ਜੜ ਦਿਤਾ ਅਰ ਆਪ ਉਹਲੇ ਹੋ ਗਈ। ਹਸਨਾ ਨੇ ਸਤਵੰਤ ਨਹੀਂ ਦੇਖੀ, ਪਰ ਹਸਨਾ ਨੇ ਅਚਾਨਕ ਆਪਣੇ ਆਪ ਨੂੰ ਕੈਦੀ ਪਾਇਆ। ਫਾਤਮਾ ਬੋਲੀ, ਹਸਨਾ! ਨਿਮਕਹਰਾਮੀ ਦਾ ਆਨੰਦ ਇਥੇ ਬੈਠ ਕੇ ਤੂੰ ਤਾਂ ਭੋਗ ਤੇ ਬਾਕੀਆਂ ਦਾ ਬੰਦੋਬਸਤ ਮੈਂ ਹੁਣ ਕਰਦੀ ਹਾਂ।

ਉਧਰੋਂ ਆ ਕੇ ਸਤਵੰਤ ਨੇ ਫਾਤਮਾ ਨੂੰ ਕਿਹਾ ਕਿ ਕੁਤਵਾਲ ਨੂੰ ਖਬਰ ਕਰਨੀਂ ਚੰਗੀ ਨਹੀਂ, ਮੈਨੂੰ ਸ਼ੱਕ ਹੁੰਦਾ ਹੈ ਕਿ ਡਾਕੂ ਅਹਿਦੀਆਂ (ਸਿਪਾਹੀਆਂ) ਨਾਲ ਰਲੇ ਹੋਏ ਹੋਣੇ ਹਨ, ਉਨ੍ਹਾਂ ਦੀ ਮਦਦ ਲੈਣੀ ਠੀਕ ਨਹੀਂ ਤੇ ਘਰ ਦੇ ਹੋਰ ਨੌਕਰਾਂ ਨੂੰ ਜਗਾ ਲੈਣਾ ਚਾਹੀਦਾ ਹੈ, ਕੋਈ ਐਸਾ ਤਾਂ ਨਹੀਂ ਕਿ ਜਿਸ ਪਰ ਸ਼ੱਕ ਹੋਵੇ? ਫਾਤਮਾ ਨੇ ਦੱਸਿਆ ਕਿ ਇਨ੍ਹਾਂ ਵਿਚ ਤਾਂ ਐਸਾ ਕੋਈ ਨਹੀਂ ਹੈ, ਪਰ ਜਿੱਕੁਰ ਤੁਸੀਂ ਕਹੋ। ਸਤਵੰਤ ਆਪ ਸਭਨਾਂ ਨੂੰ ਜਾਣਦੀ ਸੀ, ਅਰ ਉਨ੍ਹਾਂ ਦੀ ਈਮਾਨਦਾਰੀ ਪਰ ਭਰੋਸਾ ਰਖਦੀ ਸੀ, ਇਸ ਲਈ ਇਹ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਜਗਾ ਦੇਹ ਅਰ ਕਹੁ ਸਾਰੇ ਉਠ ਕੇ ਕੰਮ ਧੰਦੇ ਲੱਗ ਪੈਣ, ਦੀਵੇ ਬਾਲ ਦੇਣ ਅਰ ਗੱਲਾਂ ਬਾਤਾਂ ਕਰਨ ਤੇ ਭਾਂਡਿਆਂ ਦਾ ਖੜਾਕ ਰੱਖਣ ਤੇ ਭੇਤ ਉਨ੍ਹਾਂ ਨੂੰ ਬੀ ਨਾ ਦੱਸੀਂ, ਕੇਵਲ ਇੰਨੀ ਗੱਲ ਆਖ ਕਿ ਮੇਰਾ ਜੀ ਡਰਦਾ ਹੈ, ਤੁਸੀਂ ਘਰ ਵਿਚ ਰੌਣਕ ਰਖੋ ਚਾਨਣਾ ਕਰ ਦਿਓ ਜੋ ਚਹਿਲ ਪਹਿਲ ਬਣੀ ਰਹੇ। ਬਾਹਰਲੇ ਦੋਹਾਂ ਬੂਹਿਆਂ ਨੂੰ ਪਹਿਲਾਂ ਅੰਦਰੋਂ ਜੰਦਰੇ ਮਾਰ ਲੈ ਤੇ ਮੈਨੂੰ ਹਥਿਆਰਾਂ ਵਾਲੇ ਅੰਦਰ ਜਾਣ ਦੇਹ। ਤੂੰ ਕਿਸੇ ਗੋਲੀ ਨੂੰ ਨਾਲ ਲੈ ਕੇ ਬੈਠੀ ਗੱਲਾਂ ਬਾਤਾਂ ਕਰਦੀ ਰਹੁ। ਜਦ ਦਿਲ ਉਦਾਸ ਹੋਵੇ, ਉਸ ਵੇਲੇ ਬਹਾਨੇ ਨਾਲ ਮੇਰੇ ਵਲ ਆ ਜਾਵੀਂ ਤੇ ਜੇ ਮੈਨੂੰ ਲੋੜ ਹੋਈ ਤਦ ਮੈਂ ਅੰਦੋਂ ਚੂਹੇ ਦੇ ਕੁਤਰਨ ਵਰਗਾ ਖੜਾਕ ਕਰੂੰ, ਤੂੰ ਚੁਪਾਤੇ ਮੇਰੇ ਅੰਦਰ ਆ ਵੜੀਂ, ਇੰਨੇ ਚਿਰ ਵਿਚ ਮੈਂ ਕੋਈ ਬੰਦੂਕ ਤਿਆਰ ਕਰ ਲਵਾਂਗੀ। ਸੋ ਸਤਵੰਤ ਕੌਰ ਦੇ ਕਹੇ ਮੂਜਬ ਫਾਤਮਾ ਨੇ ਕੀਤਾ। ਨੌਕਰ ਇਸ ਭੋਲੀ ਭਾਲੀ ਸੁਆਣੀ ਪਰ ਖੁਸ਼ ਸਨ, ਉਨ੍ਹਾਂ ਨੂੰ ਸੰਸਾ ਬੀ ਨਾ ਪਿਆ ਕਿ ਕੋਈ ਮਾੜੀ ਗੱਲ ਹੋਈ ਜਾਂ ਹੋਣ ਵਾਲੀ ਹੈ। ਸੁਆਣੀ ਦਾ ਹੁਕਮ ਪਾ ਕੇ ਸਾਰੇ ਉਠ ਬੈਠੇ। ਦੀਵੇ ਜਗ ਗਏ ਅਰ ਘਰ ਵਿਚ ਗਹਿਮਾ ਗਹਿਮ ਹੋ ਗਈ। ਗੱਲਾਂ ਬਾਤਾਂ ਤੇ ਹੋਰ ਰੌਣਕ ਦੇ ਕਾਰਣ ਐਉਂ ਪ੍ਰਤੀਤ ਦੇਵੇ ਕਿ ਅਜੇ ਰਾਤ ਦੇ ਕੰਮੋਂ ਵਿਹਲੇ ਹੀ ਨਹੀਂ ਹੋਏ। ਇਸ ਪ੍ਰਕਾਰ ਜਦ ਅੱਧੀ ਰਾਤ ਟੱਪ ਗਈ, ਤਾਂ ਡਾਕੂ ਬਾਹਰ ਆਏ, ਉਹ ਸਾਰੇ ਘਰ ਨੂੰ ਜਾਗਦਿਆਂ ਮਲੂਮ ਕਰਕੇ ਬਹੁਤ ਅਚੰਭਾ ਹੋਏ। ਲੱਗੇ ਉਡੀਕ ਕਰਨ ਕਿ ਹੁਣ ਸੌਂਦੇ ਹਨ, ਪਰ ਉਥੇ ਸੌਂਦਾ ਕੌਣ? ਉਹ ਬਾਹਰ ਖੜੇ ਅੱਕ ਗਏ ਕਿ ਹਸਨਾ ਨੇ ਸਾਡੇ ਨਾਲ ਧ੍ਰੋਹ ਕੀਤਾ, ਜਾਂ ਖਾਂ ਸਾਹਿਬ ਮੁੜ ਆਏ ਜਾਂ ਸਾਡੀ ਖਬਰ ਹੋ ਗਈ, ਪਰ ਕੁਝ ਹੀ ਹੋਵੇ ਇੰਨਾਂ ਤਾਂ ਜ਼ਰੂਰ ਸੀ ਕਿ ਹਸਨਾ ਉਲੂਆਂ ਦੀਆਂ ਆਵਾਜ਼ਾਂ ਕਿਥੋਂ ਸੁਣਦੀ? ਪਰ ਘੜੀ ਮੁੜੀ ਇਹ ਭਿਆਨਕ ਸ਼ਬਦ ਸੁਣ ਕੇ ਫਾਤਮਾ ਦਾ ਕਲੇਜਾ ਬੈਠਦਾ ਜਾਂਦਾ ਸੀ, ਅੰਤ ਘਾਬਰਕੇ ਸਤਵੰਤ ਦੇ ਕਮਰੇ ਗਈ। ਕੀ ਦੇਖਦੀ ਹੈ ਕਿ ਉਹ ਬਾਹਰ ਰਖੇ ਇਕ ਨਿੱਕੇ ਕਮਰੇ ਵਲ ਲੁਕੀ ਤਕਦੀ ਹੈ। ਫਾਤਮਾ ਨੇ ਕਿਹਾ ਕੀ ਦੇਖਦੇ ਹੋ? ਸਤਵੰਤ ਕੌਰ ਬੋਲੀ, ਕੁਝ ਨਹੀਂ ਤੁਹਾਡੇ ਡਾਕੂਆਂ ਦਾ ਕਰਤੱਬ ਦੇਖ ਰਹੀ ਹਾਂ। ਫਾਤਮਾ ਨੇ ਬੜੇ ਸ਼ੌਂਕ ਨਾਲ ਝਰਨੇ ਵਿਚ ਮੂੰਹ ਕਰਕੇ ਬਾਹਰ ਡਿੱਠਾ ਤਾਂ ਹਨ੍ਹੇਰੇ ਵਿਚ ਪੰਜ ਛੇ ਦੇਉ ਵਰਗੇ ਜੁਆਨ ਡਿੱਠੇ ਅਰ ਡਰ ਖਾ ਕੇ ਪਿੱਛੇ ਹਟ ਗਈ। ਸਤਵੰਤ ਕੌਰ ਨੇ ਕਿਹਾ - ਬੀਬੀ ਜੀ! ਤੁਸੀਂ ਅਰਮਾਨ ਨਾਲ ਆਪਣੀ ਥਾਂ ਜਾ ਬੈਠੋ, ਮੈਂ ਇਥੇ ਮੋਰਚਾ ਲਾਈ ਬੈਠੀ ਹਾਂ। ਜੇ ਇਨ੍ਹਾਂ ਡਾਕੂਆਂ ਨੇ ਰਤਾ ਹਲਚਲ ਕੀਤੀ ਤਾਂ ਗੋਲੀ ਸਰ ਕਰ ਦਿਆਂਗੀ। ਤੁਹਾਡੇ ਅੰਦਰ ਛੀ ਬੰਦੂਕਾਂ ਸਨ, ਮੈਂ ਛੀਏ ਭਰ ਰੱਖੀਆਂ ਹਨ, ਸੋਈ ਇਹ ਪੰਜ ਸੱਤ ਆਦਮੀ ਹਨ, ਇਨ੍ਹਾਂ ਦਾ ਕੰਮ ਕਰ ਲਵਾਂਗੀ। ਸਤਵੰਤ ਕੌਰ ਦੀ ਬਹਾਦਰੀ ਤੇ ਹੌਂਸਲਾ ਦੇਖ ਕੇ ਫਾਤਮਾ ਦਿਲ ਹੀ ਦਿਲ ਵਿਚ ਅਚੰਭਾ ਹੋ ਰਹੀ ਸੀ ਕਿ ਐਸੀ ਦਿਲ ਵਾਲੀ ਲੜਕੀ ਕੈਦ ਕਿੱਕੁਰ ਹੋ ਗਈ ਅਰ ਇਥੇ ਆ ਕੇ ਬਲਦਾਂ ਵਾਂਗ ਵਿਕੀ। ਇਹ ਤਾਂ ਕਿਤੇ ਰਾਣੀ ਹੋਣੀ ਚਾਹੀਦੀ ਸੀ, ਕੈਸੀ ਨਿਡਰ ਅਰ ਸਾਹਸ ਵਾਲੀ ਹੈ। ਮੇਰੇ ਤਾਂ ਹੱਥਾਂ ਦੇ ਤੋਤੇ ਉਡਦੇ ਤੇ ਪੈਰਾਂ ਦੀ ਮਿੱਟੀ ਨਿਕਲਦੀ ਜਾਂਦੀ ਹੈ, ਪਰ ਇਹ ਤੋਪਖਾਨਾ ਬੀੜੀ ਬੈਠੀ ਹੈ। ਮੇਰੇ ਘਰ ਸਭ ਕੁਝ ਹੈ, ਪਰ ਮੇਰੀ ਥੁੜ-ਦਿਲੀ ਮੈਨੂੰ ਕੁਝ ਨਹੀਂ ਕਰਨ ਦਿੰਦੀ। ਇਹੋ ਜਿਹੀਆਂ ਸੋਚਾਂ ਸੋਚਦੀ ਫਾਤਮਾ ਗੋਲੀਆਂ ਵਿਚ ਜਾ ਬੈਠੀ।

ਉਧਰ ਜਦ ਡਾਕੂ ਅੱਕ ਗਏ ਇਹ ਸਲਾਹ ਕੀਤੀ ਕਿ ਬੂਹਾ ਭੰਨ ਕੇ ਅੰਦਰ ਵੜ ਚੱਲੋ, ਕਿਉਂਕਿ ਇਸ ਵੇਲੇ ਦੋ ਡਾਕੂ ਹੋਰ ਆ ਮਿਲੇ ਸਨ ਜੋ ਇਸ ਗੱਲ ਦੀ ਪੱਕੀ ਖਬਰ ਲੈ ਆਏ ਸਨ ਕਿ ਖਾਂ ਸਾਹਿਬ ਅਜੇ ਬਾਹਰ ਦੌਰੇ ਪਰ ਹੀ ਹਨ। ਜਦ ਉਨ੍ਹਾਂ ਨੇ ਬੂਹੇ ਨੂੰ ਹੁੱਝ ਦਿੱਤੀ, ਤਦ ਫਾਤਮਾ ਡਰੀ ਕਿ ਬਸ ਹੁਣ ਆ ਵੜੇ, ਮੈਂ ਕੀ ਕਰਾਂਗੀ? ਨੌਕਰ ਬੀ ਸਾਰੇ ਕੋਈ ਬੂਹੇ ਵਲ ਕੋਈ ਸੁਆਣੀ ਵਲ ਦੌੜੇ, ਪਰ ਘਰ ਦੇ ਕਿਲੇ ਵਿਚ ਡਟੀ ਬੈਠੀ ਸਤਵੰਤ ਨੇ ਝਰਨੇ ਵਿਚੋਂ ਹੀ ਫਾਰਸੀ ਬੋਲੀ ਤੇ ਅਫਗਾਨੀ ਲਹਿਜੇ ਵਿਚ ਲਲਕਾਰਾ ਦਿਤਾ ਕਿਉਂ ਮੌਤ ਦੇ ਮੂੰਹ ਛਾਲ ਮਾਰਦੇ ਹੋ? ਇਹ ਅਵਾਜ਼ ਸੁਣ ਕੇ ਡਾਕੂ ਡਰਨ ਦੀ ਥਾਂ ਭੂਏ ਹੋ ਗਏ ਅਰ ਇਕੋ ਵਾਰ ਹਮਲਾ ਕਰਕੇ ਬੂਹੇ ਨੂੰ ਪਏ। ਉਧਰੋਂ ਉਹ ਬੂਹੇ ਨੂੰ ਪਏ, ਇਧਰੋਂ ਸਤਵੰਤ ਕੌਰ ਦੀ ਬੰਦੂਕ ਸਰ ਹੋਈ, ਅਰ ਠਾਹ ਕਰਦੀ ਇਕ ਡਾਕੂ ਦੀ ਲੱਤ ਤੇ ਵੱਜੀ ਜੋ ਢਹਿ ਪਿਆ, ਬਾਕੀ ਦੇ ਤ੍ਰਬਕ ਕੇ ਰਹਿ ਗਏ, ਏਧਰ ਉਧਰ ਦੇਖਣ, ਪਰ ਪਤਾ ਨਾ ਲੱਗੇ। ਹੁਣ ਉਨ੍ਹਾਂ ਨੇ ਰੌਸ਼ਨੀ ਕਰ ਲਈ ਕਿਉਂਕਿ ਕੁਤਵਾਲ ਨਾਲ ਮਿਲੇ ਹੋਏ ਹੋਣ ਕਰਕੇ ਉਨ੍ਹਾਂ ਨੂੰ ਅਚੰਭਾ ਇਹੋ ਹੋ ਰਿਹਾ ਸੀ ਕਿ ਗੋਲੀ ਕਿਧਰੋਂ ਆ ਵੱਜੀ? ਹੁਣ ਦੋ ਜਣੇ ਤਾਂ ਬੰਦੂਕਾਂ ਭਰ ਕੇ ਰਾਖੀ ਖੜੋ ਗਏ ਤੇ ਬਾਕੀ ਦੇ ਬੂਹਾ ਭੰਨਣ ਲੱਗੇ, ਪਰ ਫੇਰ ਉਧਰੋਂ ਬੰਦੂਕ ਚੱਲੀ ਅਰ ਇਕ ਹੋਰ ਦੀ ਬਾਂਹ ਵਿਚ ਐਸੀ ਲੱਗੀ ਕਿ ਬਾਂਹ ਨਿਕਾਰੀ ਹੋ ਗਈ। ਹੁਣ ਉਨ੍ਹਾਂ ਨੇ ਬੀ ਕੰਧ ਵਲ ਬੰਦੂਕ ਸਰ ਕੀਤੀ ਪਰ ਉਹ ਉਪਰ ਨੂੰ ਗਈ। ਇਸ ਵੇਲੇ ਸਤਵੰਤ ਕੌਰ ਕੋਲ ਕੰਬਦੀ ਕੰਬਦੀ ਤੇ ਹਿਰਾਸੀ ਹੋਈ ਹੋਈ ਫਾਤਮਾ ਆਈ। ਸਤਵੰਤ ਨੂੰ ਬੀਰ ਰਸ ਵਿਚ ਮੱਤੀ ਡਟੀ ਬੈਠੀ ਨੂੰ ਦੇਖ ਕੇ ਕੁਝ ਬੋਲੀ, ਪਰ ਸਤਵੰਤ ਨੇ ਨਾ ਸਮਝਿਆ ਪਰ ਸਤਵੰਤ ਨੇ ਕਿਹਾ ਕਿ ਨੌਕਰ ਤੇਰੇ ਹੁਣ ਸਮਝ ਤਾਂ ਗਏ ਹਨ ਕਿ ਬਾਹਰ ਡਾਕੂ ਹਨ ਉਨ੍ਹਾਂ ਨੂੰ ਕਹੁ ਦੂਜੇ ਪਾਸੇ ਬਾਵਰਚੀ ਖਾਨੇ ਦੇ ਝਰੋਖੇ ਵਿਚੋਂ ਦੋ ਚਾਰ ਤੀਰ ਚਲਾ ਦੇਣ, ਤੀਰ ਕਮਾਨ ਐਥੋਂ ਲੈ ਜਾਹ। ਗੱਲ

ਕੀ ਬਿਬਕਦੀ ਪਰ ਕਾਹਲੀ ਕਾਹਲੀ ਫਾਤਮਾ ਨੇ ਇਹੋ ਕੀਤਾ। ਉਧਰ ਸਤਵੰਤ ਨੇ ਬਾਕੀ ਚਾਰ ਬੰਦੂਕਾਂ ਉਪਰੋਥਲੀ ਸਰ ਕਰ ਦਿੱਤੀਆਂ। ਉਹ ਉਨ੍ਹਾਂ ਦੇ ਵਿਚ ਪਈਆਂ ਅਰ ਚੌਹਾਂ ਨੂੰ ਜ਼ਖ਼ਮੀ ਕਰ ਗਈਆਂ, ਉਧਰੋਂ ਦੂਜੇ ਪਾਸਿਓਂ ਪੰਜ ਚਾਰ ਤੀਰ ਕੋਈ ਬੇਨਿਸ਼ਾਨੇ ਤੇ ਕੋਈ ਨਿਸ਼ਾਨੇ ਆ ਡਿਗੇ। ਇਸ ਤੋਂ ਡਾਕੂ ਸਮਝ ਗਏ ਕਿ ਅੰਦਰ ਦਸ ਵੀਹ ਆਦਮੀ ਹਨ, ਇਕ ਦੋਂਹ ਦਾ ਕੰਮ ਨਹੀਂ ਕਿਉਂਕਿ ਉਸ ਸਮੇਂ ਬੰਦੂਕ ਭਰਨੀ ਤੇ ਛੇਤੀ ਛੇਤੀ ਚਲਾਉਣੀ ਕਠਨ ਹੁੰਦੀ ਸੀ। ਨਾਲੇ ਦੋ ਰੁਖਾਂ ਤੋਂ ਦੋ ਮਾਰਾਂ ਪਈਆਂ ਇਹ ਦੇਖ ਕੇ ਸੱਟਾਂ ਪੇਟਾਂ ਖਾਂਦੇ ਉਠ ਨੱਸੇ।

ਹੁਣ ਜਦ ਸਤਵੰਤ ਕੌਰ ਨੇ ਡਾਕੂਆਂ ਨੂੰ ਨਸਾ ਦਿੱਤਾ ਅਰ ਘਰ ਉਨ੍ਹਾਂ ਤੋਂ ਬਚਾ ਲਿਆ ਤਦ ਉਸਨੂੰ ਆਪਣੇ ਬਚਾਉ ਦਾ ਖਿਆਲ ਆਇਆ। ਆਪਣੀ ਦੱਸੀ ਹੋਈ ਸੈਨਤ ਨਾਲ ਉਸ ਨੇ ਫਾਤਮਾ ਨੂੰ ਸੱਦਿਆ ਅਰ ਕਿਹਾ ਕਿ ਹੁਣ ਤੇਰੇ ਘਰ ਰੌਲਾ ਪੈਣਾ ਹੈ, ਇਸ ਨੂੰ ਹੁਣ ਤੂੰ ਆਪ ਨਜਿੱਠਣਾ ਹੋਵੇਗਾ। ਮੈਂ ਤੇਰੀ ਉਸੇ ਗੁਪਤ ਕੁਟੀਆ ਵਿਚ ਜਾਂਦੀ ਹਾਂ। ਦਿਨ ਬੀ ਆ ਰਿਹਾ ਹੈ, ਇਕ ਆਦਮੀ ਨੂੰ ਖਾਂ ਸਾਹਿਬ ਦੇ ਮਗਰ ਭੇਜ ਦੇਈਂ।ਇਸ ਗੱਲ ਦਾ ਨਾਂ ਨਾ ਲਵੀਂ ਕਿ ਅਸੀਂ ਅੰਦਰ ਕੀ ਕੀਤਾ ਹੈ, ਨਾ ਹਸਨਾ ਦਾ ਨਾਮ ਲਵੀਂ, ਉਸ ਨੂੰ ਜਦ ਤੇਰਾ ਪਤੀ ਆ ਜਾਵੇ ਤਾਂ ਨਜਿੱਠ ਲੈਣਾ ਜੇ ਕੁਝ ਹੋਰ ਗੱਲ ਪੁੱਛਣੀ ਹੋਈ ਤਾਂ ਆ ਜਾਵੀਂ। ਹੁਣ ਛੇਤੀ ਨਾਲ ਹਥਿਆਰ ਆਪੋ ਆਪਣੀ ਥਾਂ ਤੇ ਸਾਂਭੇ ਗਏ ਅਰ ਬੂਹਾ ਦੇ ਕੇ ਦੋਵੇਂ ਜਣੀਆਂ ਹੇਠ ਉਤਰੀਆਂ। ਸਤਵੰਤ ਕੌਰ ਤਾਂ ਚੁਪ ਕੀਤੀ ਆਪਣੀ ਗੁਪਤ ਕੁਟੀ ਵਿਚ ਜਾ ਵੜੀ ਤੇ ਉਧਰੋਂ ਫਾਤਮਾ ਨੇ ਇਕ ਆਦਮੀ ਕੁਤਵਾਲੀ ਭੇਜਿਆ। ਇਕ ਪਲ ਵਿਚ ਅਹਿਦੀਏ ਆ ਜੁੜੇ, ਕੁਤਵਾਲ ਆਪ ਆਇਆ, ਬੜੀ ਸਰਗਰਮੀ ਨਾਲ ਤਫਤੀਸ਼ ਹੋਣ ਲੱਗੀ। ਇਕ ਦਸਤਾ ਸਵਾਰਾਂ ਦਾ ਕਿਸੇ ਪਾਸੇ, ਇਕ ਕਿਸੇ ਪਾਸੇ ਦੌੜਾਇਆ ਗਿਆ। ਦੋ ਆਦਮੀ ਖਾਂ ਸਾਹਿਬ ਵੱਲ ਦੁੜਾਏ ਅਰ ਹੋਰ ਕੋਸ਼ਿਸ਼ ਹੋਣ ਲੱਗੀ, ਕੋਈ ਕਿ ਇਹ ਸੱਚਮੁੱਚ ਹੀ ਤਲਾਸ਼ ਵਿਚ ਲੱਗੇ ਹਨ। ਅੰਦਰਲੀ ਕੀ ਖਬਰ ਕਿ ਰਾਤ ਭਰ ਤਾਂ ਖਬਰ ਨੂੰ ਜਾਣ ਕੇ ਵੱਢੀ ਖਾ ਕੇ ਮਚਲੇ ਹੋਇਆਂ ਨੇ ਗੱਲ ਨੂੰ ਲੁਕਾਈ ਰੱਖਿਆ, ਜੇ ਹੁਣ ਬੀ ਇਸ ਪ੍ਰਕਾਰ ਦੀ ਸਰਗਰਮੀ ਨਾ ਪ੍ਰਗਟ ਕਰਦੇ ਤਾਂ ਕੀ ਕਰਦੇ? ਗੱਲ ਕਾਹਦੀ ਦੁਪਹਿਰ ਤਕ ਖੂਬ ਊਧਮ ਮਚਿਆ ਰਿਹਾ, ਪਰ ਚੋਰਾਂ ਦਾ ਥਹੁ ਨਾ ਲੱਗਾ। ਲਗਦਾ ਕਿੱਕੁਰ? ਜੇ ਕਿਸੇ ਨੇ ਲਾਉਣਾ ਹੁੰਦਾ ਤਾਂ ਲੱਗਾ ਪਿਆ ਸੀ, ਜਦ ਨੀਯਤ ਹੀ ਹੋਰ ਹੋ ਰਹੀ ਸੀ ਤਦ ਕੌਣ ਪਤਾ ਲਾਉਂਦਾ? ਦੁਪਹਿਰ ਤੋਂ ਪਿਛੋਂ ਖਾਂ ਸਾਹਿਬ ਆ ਗਏ। ਉਨ੍ਹਾਂ ਨੂੰ ਬੜਾ ਅਫਸੋਸ ਹੋਇਆ ਪਰ ਘਰ ਨੂੰ ਸਬੂਤ ਪਾ ਕੇ ਅਰ ਇਹ ਦੇਖ ਕੇ ਕਿ ਤਖਤਿਆਂ ਤੋਂ ਛੁਟ ਹੋਰ ਕੋਈ ਨੁਕਸਾਨ ਨਹੀਂ ਹੋਇਆ ਹੈ। ਚਿਤ ਦਾ ਖੋਭ ਬਹੁਤ ਦੂਰ ਹੋਇਆ। ਇਸਨੇ ਪਹਿਲੇ ਤਾਂ ਕੁਤਵਾਲ ਤੇ ਅਹਿਦੀਆਂ ਨਾਲ ਗੱਲ ਬਾਤ ਕੀਤੀ ਅਰ ਟੋਹ ਲਾਉਣੇ ਦਾ ਇੰਤਜ਼ਾਮ ਕੀਤਾ, ਫੇਰ ਤਰਖਾਣ ਬੁਲਾ ਕੇ ਬੂਹਾ ਮੁਰੰਮਤ ਕਰਵਾਇਆ ਛੇ ਸਿਪਾਹੀ ਪਹਿਰੇ ਵਾਸਤੇ ਰੱਖ ਲਏ, ਅਰ ਫੇਰ ਅੰਦਰ ਆ ਕੇ ਨੌਕਰਾਂ ਨੂੰ ਸ਼ਾਬਾਸ਼ ਦਿੱਤੀ, ਫੇਰ ਵਹੁਟੀ ਨੂੰ ਮਿਲਾ ਕੇ ਦਿਲ ਦੀਆਂ ਲੀਤੀਆਂ ਦਿੱਤੀਆਂ ਅਰ ਸਾਰਾ ਸਮਾਚਾਰ ਸੁਣਿਆਂ। ਫਾਤਮਾ ਗੱਲ ਜਿਵੇਂ ਜਿਵੇਂ ਸੁਣਾਵੇ; ਸਤਵੰਤ ਕੌਰ ਦਾ ਜ਼ਿਕਰ ਲੁਕਾਵੇ, ਪਰ ਗਲ ਟੁੱਟ ਟੁੱਟ ਜਾਵੇ, ਫੇਰ ਬਣਾਵੇ, ਪਰ ਸੂਤ ਨਾ ਆਵੇ, ਤਿਵੇਂ ਤਿਵੇਂ ਉਸ ਦੇ ਘਰ ਵਾਲੇ ਦੀ ਹੈਰਾਨੀ ਵਧੀ ਜਾਵੇ, ਪਰ ਉਸ ਨੇ ਆਪਣੇ ਚਿਤ ਦੀ ਆਪ ਹੀ ਤਸੱਲੀ ਕਰ ਲਈ ਕਿ ਇਹ ਮੇਰੀ ਤ੍ਰੀਮਤ ਸਿੱਧੀ ਸਾਦੀ ਹੈ, ਇਡੇ ਭਾਰੇ ਡਰ ਨੂੰ ਦੇਖ ਕੇ ਘਾਬਰ ਗਈ ਹੈ, ਅਜੇ ਤਕ ਸਿਰ ਟਿਕਾਣੇ ਨਹੀਂ ਸੁ ਹੋਇਆ ਤਦੇ ਵਿਚ ਵਿਚ ਅਰਲ ਬਰਲ ਗੱਲਾਂ ਕਰ ਜਾਂਦੀ ਹੈ।

(ਪੰਨਾ 38 ਦਾ ਬਾਕੀ)

ਵਿਚ ਇਸ ਦੀ ਗੂੰਜ ਜਾਂਦੀ ਹੈ ਉਦੋਂ ਤਕ ਇਹ ਆਵਾਜ਼ ਕੱਢਦੇ ਰਹਿੰਦੇ ਹਨ ਜਦੋਂ ਤਕ ਇਸ ਦਾ ਸੁਰ ਬਿਲਕੁਲ ਸਪਸ਼ਟ ਨਹੀਂ ਹੋ ਜਾਂਦਾ ਤੇ ਸ਼ਹਿਦ ਦੀ ਮੱਖੀ ਵਰਗੀ ਆਵਾਜ਼ ਸਾਫ ਤਰ੍ਹਾਂ ਨਾਲ ਨਹੀਂ ਆਉਣ ਲਗ ਪੈਂਦੀ। ਮਨ ਨੂੰ ਇਸ ਆਵਾਜ਼ ਨਾਲ ਜੋੜ ਕੇ ਇਕਾਗਰ ਕਰਕੇ, ਪੂਰਣ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਹ ਅਭਿਆਸ ਉਦੋਂ ਹੀ ਪ੍ਰਭਾਵਕ ਹੋਵੇਗਾ ਜਦੋਂ ਕੁੰਭਕ ਕੁਝ ਮਿੰਟਾਂ ਲਈ ਰਖਿਆ ਜਾਵੇ। ਇਸ ਦੇ ਕਾਰਣ ਦਾ ਸਮਾਂ ਹੈ ਅੱਧੀ ਰਾਤ ਜਦੋਂ ਸਾਰੇ ਪਾਸੇ ਪੂਰੀ ਸ਼ਾਂਤੀ ਹੋਵੇ।

**ਮੁਰਛਾ ਕੁੰਭਕ** - ਇਸ ਅਭਿਆਸ ਲਈ ਠੋਡੀ ਨਾਲ ਬੰਧ ਲਾਇਆ ਜਾਦਾ ਹੈ ਸੁਆਸ ਬਾਹਰ ਕੱਢਣ ਲਈ ਬੰਧ ਲਗਾਇਆ ਜਾਂਦਾ ਹੈ। ਇਸ ਅਭਿਆਸ ਨਾਲ ਮਨ ਸੁਸਤ ਹੋ ਜਾਂਦਾ ਹੈ ਬੇਹੋਸ਼ੀ ਜਿਹੀ ਆ ਜਾਂਦੀ ਹੈ, ਸਿੱਧ ਆਸਨ ਵਿਚ ਬੈਠ ਕੇ ਦੋਨੋਂ ਨਾਸਿਕਾ ਰਾਹੀਂ ਸੁਆਸ ਅੰਦਰ ਕੀਤੇ ਜਾਂਦੇ ਹਨ, ਸੁਆਸ ਅੰਦਰ ਕਰਦਿਆਂ ਮੀਂਹ ਪੈਣ ਵਰਗੀ ਆਵਾਜ਼ ਪੈਦਾ ਕੀਤੀ ਜਾਂਦੀ ਹੈ ਇਸ ਤੋਂ ਬਾਅਦ ਸੁਆਸਾਂ ਨੂੰ ਅੰਦਰ ਕਰ ਲਿਆ ਜਾਂਦਾ ਹੈ ਇਸ ਤੋਂ ਬਾਅਦ ਜਲੰਧਰ ਬੰਦ ਤੇ ਅਸਵਨੀ ਮੁਦਰਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੇਟ ਦੇ ਹੇਠਲੇ ਹਿੱਸੇ ਤੇ ਦਬਾਅ ਪਾ ਕੇ ਹੌਲੀ-ਹੌਲੀ ਹਵਾ ਕੱਢੀ ਜਾਂਦੀ ਹੈ ਇਸ ਤੋਂ ਬਾਅਦ ਬਾਹਰੀ ਕੁੰਭਕ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਮਨ ਅਚੇਤ ਹੋ ਜਾਂਦਾ ਹੈ, ਬੜਾ ਹੀ ਆਰਾਮ ਮਹਿਸੂਸ ਹੁੰਦਾ ਹੈ। ਜੇਕਰ ਬੇਹੋਸ਼ੀ ਹੋ ਜਾਵੇ ਤਾਂ ਸਮਝੋ ਕਿ ਕੁੰਭਕ ਸਫਲ ਹੋ ਗਿਆ ਹੈ। ਇਸ ਮੁਦਰਾ ਨੂੰ ਪੂਰਣ ਕਰਨ ਲਈ ਸ਼ਕਤੀ ਚਲਾਨ ਦਾ ਅਭਿਆਸ ਕਰਨਾ ਅਵਸ਼ਕ ਹੈ। ਇਸ ਅਭਿਆਸ ਨਾਲ ਮਾਨਸਿਕ ਸੁਸਤੀ ਆਉਂਦੀ ਹੈ ਇਹ ਅਭਿਆਸ ਮਾਨਸਿਕ ਸੁਸਤੀ ਪੈਦਾ ਕਰਦਾ ਹੈ।

ਇਕ ਹੋਰ ਤਰੀਕੇ ਜਿਹੜੇ ਬਹੁਤ ਹੀ ਨਿਪੁੰਨ ਯੋਗੀ ਕਰਦੇ ਹਨ ਜਿਹੜੇ ਸੁਆਸਾਂ ਦੇ ਅਭਿਆਸ ਵਿਚ ਪੂਰਨ ਹਨ ਉਹ ਥੋੜ੍ਹਾ-ਥੋੜ੍ਹਾ ਕਰਕੇ ਸੁਆਸ ਅੰਦਰ ਕਰਦੇ ਹਨ, ਉਦੋਂ ਤਕ ਅੰਦਰ ਕਰਦੇ ਰਹਿੰਦੇ ਹਨ ਜਦੋਂ ਤਕ ਫੇਫੜੇ ਪੂਰੀ ਤਰ੍ਹਾਂ ਨਾਲ ਭਰ ਨਾ ਜਾਣ, ਖੱਬੇ ਵਾਲਾ ਫੇਫੜਾ ਸੱਜੇ ਨਾਲੋਂ ਵੱਧ ਭਰ ਜਾਵੇ, ਪੂਰਾ ਹੋ ਜਾਵੇ ਫੇਰ ਸਰੀਰ ਨੂੰ ਦਬਾਇਆ ਜਾਂਦਾ ਹੈ ਤੇ ਦਿਲ ਉਤੇ ਦਬਾਅ ਪਾਇਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਪ੍ਰਾਣਾਯਾਮ ਦੀ ਪੂਰਣਤਾ ਹੁੰਦੀ ਹੈ, ਇਹ ਪੂਰਣਤਾ ਹੋਰ ਕਿਸੇ ਵਿਧੀ ਨਾਲ ਨਹੀਂ ਹੁੰਦੀ।

(-----)

# ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ*
*ਕਮਾਵੈ ॥ ਕਰਿ ਉਪਦੇਸੁ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ*
*ਪ੍ਰਭੁ ਆਗੈ ਮਾਰਗਿ ਪਾਵੈ ॥ ਅੰਗ - ੬੨੪*

*ਧਾਰਨਾ - ਜਿਉ ਜਾਨਹਿ ਤਿਉ ਤਾਰ ਸੁਆਮੀ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ॥*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ॥*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*
*ਭਾਈ ਗੁਰਦਾਸ ਜੀ, ਵਾਰ ੩੬/ ੨੧*

*ਕੁਚਿਲ ਕਠੋਰ ਕਪਟ ਕਾਮੀ ॥*
*ਜਿਉ ਜਾਨਹਿ ਤਿਉ ਤਾਰਿ ਸੁਆਮੀ ॥ ੧ ॥*
*ਰਹਾਉ ॥ ਤੂ ਸਮਰਥੁ ਸਰਨਿ ਜੋਗੁ*
*ਤੂ ਰਾਖਹਿ ਅਪਨੀ ਕਲ ਧਾਰਿ ॥ ੧ ॥*
*ਜਾਪ ਤਾਪ ਨੇਮ ਸੁਚਿ ਸੰਜਮ*
*ਨਾਹੀ ਇਨ ਬਿਧੇ ਛੁਟਕਾਰ ॥*
*ਗਰਤ ਘੋਰ ਅੰਧ ਤੇ ਕਾਢਹੁ*
*ਪ੍ਰਭ ਨਾਨਕ ਨਦਰਿ ਨਿਹਾਰਿ ॥ ਅੰਗ - ੧੩੦੧*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਸਿੱਖੀ ਦਾ ਜੋ ਬਹੁਤ ਵੱਡਾ ਗੁਰ ਹੈ ਜੇ ਅਸੀਂ ਅਪਨਾਅ ਲਈਏ ਤਾਂ ਸ਼ੀਘਰ ਸਾਡੀ ਕਲਿਆਣ ਹੋ ਸਕਦੀ ਹੈ। ਆਦਮੀ ਦੇ ਰਸਤੇ ਦੇ ਅੰਦਰ ਜੋ ਸਭ ਤੋਂ ਵੱਡਾ ਰੋੜਾ ਹੈ, ਜੋ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦਾ ਤੇ ਸੁੱਖ ਦੀ ਪ੍ਰਾਪਤੀ ਨਹੀਂ ਹੋਣ ਦਿੰਦਾ। ਉਹ ਇਹਦੇ ਅੰਦਰ ਇੱਕ ਭਾਵ ਹੈ ਜਿਸਨੂੰ ਮੈਂ ਭਾਵ ਕਹਿੰਦੇ ਨੇ, ਕੁਛ ਬਣਨਾ ਚਾਹੁੰਦਾ ਹੈ ਆਦਮੀ, ਕੁਛ ਆਪਣੀ ਹੋਂਦ ਚਾਹੁੰਦਾ ਹੈ। ਜਿੰਨਾ-ਜਿੰਨਾ ਇਹ ਜਜ਼ਬਾ ਵਧਦਾ ਜਾਂਦਾ ਹੈ। ਓਨਾ-ਓਨਾ ਹੀ ਦੁਖੀ ਹੁੰਦਾ ਤੁਰਿਆ ਜਾਦਾ ਹੈ। ਸੋ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਕਿ ਪਹਿਲਾਂ ਤੂੰ ਇੱਕ ਗੱਲ ਦਾ ਨਿਹਚਾ ਕਰ, ਬਾਕੀ ਦੀਆਂ ਗੱਲਾਂ ਫੇਰ ਦੱਸਾਂਗੇ। ਪਹਿਲਾਂ ਬੁਨਿਆਦ 'ਤੇ ਖੜ੍ਹ, ਜਿੰਨਾਂ ਚਿਰ ਬੁਨਿਆਦ ਨਹੀਂ ਬਣਦੀ, ਓਨੀ ਦੇਰ ਤਕ ਮਕਾਨ ਨਹੀਂ ਬਣਿਆ ਕਰਦਾ। ਉਹਦੇ ਵਿੱਚ ਇਹ ਹੈ ਕਿ ਸਭ ਤੋਂ ਪਹਿਲਾਂ ਤੂੰ ਇਹ ਸਮਝ ਕਿ ਮੇਰੇ ਨਾਲੋਂ ਸਾਰਾ ਸੰਸਾਰ ਚੰਗਾ ਹੈ, ਜੇ ਇੱਥੇ ਕੋਈ ਚੰਗਾ ਨਹੀਂ ਹੈ ਤਾਂ ਮੈਂ ਹੀ ਨਹੀਂ ਹਾਂ, ਬਾਕੀ ਤਾਂ ਸਾਰਾ ਸੰਸਾਰ ਚੰਗਾ ਹੈ। ਸ਼ਬਦ ਆਪਾਂ ਪੜ੍ਹਿਆ ਹੈ, ਬੇਨਤੀ ਕਰੀ ਹੈ ਕਿ ਹੇ ਪ੍ਰਭੂ! ਜਿਵੇਂ ਵੀ ਤੂੰ ਕਰ ਸਕਦਾ ਹੈਂ ਮੈਨੂੰ ਤਾਰ ਲੈ। ਆਪਣੇ ਅਉਗਣ ਦੱਸਣ ਦਾ ਯਤਨ ਕਰਿਆ ਹੈ। ਬੜੇ ਅਉਗਣ ਗਿਣ ਲਏ ਨੇ, ਪਰ ਸਾਡਾ ਮਨ ਨਹੀਂ ਮੰਨ ਰਿਹਾ ਹੈ ਕਿ ਇਹ ਔਗੁਣ ਸੱਚਮੁੱਚ ਮੇਰੇ ਵਿੱਚ ਹੈਗੇ? ਅਸੀਂ ਕਹਿੰਦੇ ਹਾਂ ਇਹ ਜਿੰਨੇ ਔਗੁਣ ਗਿਣੇ ਨੇ ਇਹ ਤਾਂ ਮੇਰੇ ਵਿੱਚ ਹੈ ਹੀ ਨਹੀਂ। ਇਨ੍ਹਾਂ ਤੋਂ ਤਾਂ ਮੈਂ ਪਾਕ ਹਾਂ। ਫੇਰ ਬੇਨਤੀ ਹੋਈ ਨਾ, ਫੇਰ ਝੂਠੀ ਬੇਨਤੀ ਕਰੀ, ਝੂਠੀ ਅਰਦਾਸ ਕਰੀ। ਜੇ ਸਾਡੇ ਵਿੱਚ ਔਗੁਣ ਨਾ ਹੋਣ ਤਾਂ ਅਸੀਂ ਪ੍ਰਮੇਸ਼ਰ ਨੂੰ ਮਿਲ ਜਾਈਏ। ਕਿਉਂਕਿ ਫੁਰਮਾਨ ਹੈ -

*ਆਪੁ ਸਵਾਰਹਿ ਮੈ ਮਿਲਹਿ*
*ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥ ਅੰਗ - ੧੩੮੨*

ਜਦੋਂ ਆਪਣੇ ਆਪ ਨੂੰ ਸੰਵਾਰ ਲੈਂਦਾ ਹੈ, ਸ਼ੁੱਧ ਕਰ ਲੈਂਦਾ ਹੈ। ਵਾਹਿਗੁਰੂ ਜੀ ਕਹਿੰਦੇ ਕਿ ਉਹ ਵਿਚਾਲੇ ਨਹੀਂ ਰਹਿੰਦਾ ਉਹ ਮੈਨੂੰ ਮਿਲ ਜਾਂਦਾ ਹੈ। ਜੇ ਅਸੀਂ ਨਹੀਂ ਮਿਲਦੇ ਇਹਦਾ ਮਤਲਬ ਅਸੀਂ ਸੰਵਾਰਿਆ ਨਹੀਂ ਆਪਣੇ ਆਪ ਨੂੰ। ਅਜੇ ਬਹੁਤ ਕੁਛ ਸਾਡੇ ਕੋਲ ਰੱਖਿਆ ਹੋਇਆ ਹੈ। ਸਾਨੂੰ ਨਹੀਂ ਪਤਾ ਕਿ ਉਹ ਕਿਹੜੇ ਖਾਨੇ 'ਚ ਪਿਆ ਹੈ, ਉਹਨੇ ਕਦੋਂ ਉਘੜ ਆਉਣਾ ਹੈ, ਕਿਹੜੇ ਵੇਲੇ ਓਸ ਨੇ ਐਕਸ਼ਨ 'ਚ ਆ ਜਾਣਾ ਹੈ। ਮਨ ਦੇ ਅੰਦਰ ਬਹੁਤ ਵੱਡਾ ਭੰਡਾਰਾ ਹੈ ਸਭ ਕੁਛ ਪਿਆ ਹੈ ਇਹਦੇ ਅੰਦਰ। ਕ੍ਰੋਧ ਵੀ ਪਿਆ ਹੈ, ਲੋਭ ਵੀ ਪਿਆ ਹੈ, ਅਹੰਕਾਰ ਵੀ ਪਿਆ ਹੈ, ਮੋਹ ਵੀ ਪਿਆ ਹੈ, ਕਾਮ ਵੀ ਪਿਆ ਹੈ; ਨਿੰਦਿਆ, ਚੁਗਲੀ, ਈਰਖਾ, ਵਖੀਲੀ, ਜਿੰਨੇ ਆਪਾਂ ਗਿਣੇ ਨੇ ਅਕਿਰਤਘਣਤਾ। ਸਭ ਤੋਂ ਵੱਡੀ ਅਕਿਰਤਘਣਤਾ ਸਾਡੀ ਇਹ ਹੈ ਕਿ ਉਹ ਪ੍ਰਭੂ ਜਿਸਨੇ ਸਾਨੂੰ ਨਾ ਦੇਖਣ ਵਾਲਿਆ ਤੋਂ ਦੇਖਣ ਵਾਲੇ ਬਣਾ ਕੇ, ਕਿੰਨੇ ਸੁੰਦਰ ਸਰੀਰ ਦਾ ਮਾਲਕ ਬਣਾ ਦਿੱਤਾ। ਕਿੰਨਾ ਸੋਹਣਾ ਪਰਿਵਾਰ ਦੇ ਦਿੱਤਾ। ਕਿੰਨਾ ਸੋਹਣਾ ਸਰੀਰ ਦਾ ਕੰਮ ਚਲਾਉਣ ਵਾਸਤੇ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ ਦੇ ਦਿੱਤੇ। ਕੋਈ ਬਿਮਾਰੀ ਨਹੀਂ ਹੈ, ਕੋਈ ਘਾਟਾ ਨਹੀਂ ਹੈ, ਬਾਲ-ਬੱਚੇ ਵੀ ਦੇ ਦਿੱਤੇ, ਪਰਿਵਾਰ ਵੀ ਦੇ ਦਿੱਤਾ। ਇੱਜ਼ਤ ਵੀ ਦੇ ਦਿੱਤੀ, ਉਹ ਸਾਡੇ ਯਾਦ ਨਹੀਂ ਰਹਿੰਦਾ ਹਰ ਵਕਤ, ਭੁੱਲੇ ਰਹਿੰਦੇ ਹਾਂ ਹਰ ਵਕਤ; ਕਦੇ-ਕਦੇ ਯਾਦ ਆਉਂਦਾ ਹੈ। ਮਹਾਰਾਜ ਕਹਿੰਦੇ ਇਹ ਸਾਰਿਆਂ ਤੋਂ ਵੱਡੀ

ਅਕਿਰਤਘਣਤਾ ਹੈ, ਸਭ ਤੋਂ ਵੱਡਾ ਪਾਪ ਹੈ। ਫੇਰ ਅਸੀਂ ਕਿਵੇਂ ਕਹਿ ਦੇਈਏ ਕਿ ਮੈਂ ਅਕਿਰਤਘਣ ਨਹੀਂ ਹਾਂ। ਇਹ ਮੰਨਣਾ ਹੀ ਪੈਣਾ ਹੈ ਸਭ ਚੀਜ਼ ਜਿੰਨਾਂ ਚਿਰ ਅਸੀਂ ਇਹ ਚੀਜ਼ ਮੰਨਦੇ ਨਹੀਂ ਹਾਂ ਆਪਣੇ ਆਪ ਦੇ ਉੱਤੇ। ਓਨਾਂ ਚਿਰ ਅਗਾਹਾਂ ਨਹੀਂ ਚੱਲ ਸਕਦੇ। ਕਈ ਪ੍ਰੇਮੀਆਂ ਦਾ ਖਿਆਲ ਹੈ ਇਹ ਤਾਂ negative approach ਹੈ, ਕਿਉਂਕਿ ਇੱਥੇ ਬਹੁਤ ਸਾਰੀਆ ਫਿਲੌਸਫੀਆਂ ਆਦਮੀ ਦੇ ਮਨ ਵਿੱਚ ਭਰੀਆਂ ਪਈਆਂ ਨੇ। ਇੱਕ ਨੀਸ਼ਟੇ ਹੋਇਆ ਹੈ ਜਰਮਨੀ ਦਾ, ਫਿਲਾਸਫਰ ਹੋਇਆ ਹੈ। ਉਹਨੇ ਦੁਨੀਆ 'ਚ ਬੜਾ ਫਤੂਰ ਪਾਇਆ। ਦੋ ਜੋ ਜਰਮਨੀ ਦੇ ਯੁੱਧ ਹੋਏ ਨੇ ਉਹ ਨੀਸ਼ਟੇ ਦੀ ਫਿਲਾਸਫੀ ਤੋਂ ਹੋਏ ਨੇ। ਉਹਦੀ ਫਿਲਾਸਫੀ ਸੀ ਆਦਮੀ ਜੀਉਂਦਾ ਉਹ ਰਹਿ ਸਕਦਾ ਹੈ ਜਿਹਦੀਆਂ ਬਾਹਾਂ 'ਚ ਜ਼ੋਰ ਹੈ। ਜਿਹੜਾ ਤਕੜਾ ਹੈ। ਮਾੜੇ ਦਾ ਇਸ ਸੰਸਾਰ ਵਿੱਚ ਕੋਈ ਕੰਮ ਨਹੀਂ ਹੈ। ਜਿਹੜਾ ਦਇਆ ਦਾ ਜ਼ਜਬਾ ਹੈ ਇਹ ਬੜੀ ਭਾਰੀ ਕਮਜ਼ੋਰੀ ਹੈ ਆਦਮੀ, ਗਿਰਾਵਟ ਹੈ, ਜਿਹੜਾ ਖਿਮਾ ਕਰਨ ਦਾ ਜਜ਼ਬਾ ਹੈ ਇਹ ਇੱਕ ਬਹੁਤ ਭੁੱਲ ਹੈ ਆਦਮੀ ਦੀ। ਕੋਈ ਵੀ ਤਰੀਕਾ ਅਪਣਾਓ, ਮੂਹਰੇ ਆਓ, ਚਾਹੇ ਸਾਥੀਆਂ ਦੀ ਲਾਸ਼ਾਂ 'ਤੇ ਪੈਦਲ ਤੁਰਨਾ ਪਵੇ, ਬੜੀ ਗਲਤ ਫਿਲੌਸਫੀ ਹੈ, ਬੜੀ ਦੁਨੀਆਂ ਨੇ ਅਪਣਾਈ ਹੈ ਇਹ। ਇਹਦਾ ਹੀ ਕਾਰਨ ਹੈ ਕਿ ਯੁੱਧ ਤੇ ਜੰਗ। ਸੰਸਾਰ ਨੂੰ ਦੋ ਵੱਡੇ ਜੰਗ ਦੇਖਣੇ ਪਏ। ਗੁਰੂ ਨਾਨਕ ਦੀ ਫਿਲਾਸਫੀ ਇਹ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਮੰਨਦੇ ਹਾਂ, ਕਿਸੇ ਕਿਤਾਬ ਨੂੰ ਨਹੀਂ ਮੰਨਦੇ। ਬਿਲਕੁਲ ਇਹ ਖਿਆਲ ਦਿਮਾਗ 'ਚੋਂ ਕੱਢ ਦਿਓ, ਕਿਤਾਬਾਂ ਦੇ ਪਿੱਛੇ ਨਾ ਜਾਓ। ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਤਖਤ ਦੇ ਮਾਲਕ ਕਹਿ ਕੇ, ਇੱਕ ਪਾਸੇ ਨਿਰੰਕਾਰ ਦਾ ਸਰੂਪ ਕਹਿ ਕੇ, ਮਸਤਕ ਨਿਵਾ ਦਿੱਤਾ ਤੇ ਗੁਰੂ ਮੰਨ ਲਿਆ। ਫੇਰ ਗੁਰੂ ਦੀ ਗੱਲ ਮੰਨੋ, ਗੁਰੂ ਗ੍ਰੰਥ ਸਾਹਿਬ 'ਚ ਕੱਢ ਕੇ ਦਿਖਾਓ ਇਹ ਚੀਜ਼। ਗੁਰੂ ਗ੍ਰੰਥ ਸਾਹਿਬ 'ਚ ਤਾਂ ਆਉਂਦਾ ਹੈ –

***ਫਰੀਦਾ ਜੋ ਤੈ ਮਾਰਨਿ ਮੁਕੀਆਂ***
***ਤਿਨ੍ਹਾ ਨ ਮਾਰੇ ਘੁੰਮਿ ॥***
***ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥***
***ਅੰਗ – ੧੩੭੮***

ਕਿੱਥੇ ਗਈ ਗੱਲ। ਮਹਾਰਾਜ ਕਹਿੰਦੇ ਨੇ –

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ– ੭੨੮***

ਅਸੀਂ ਚੰਗੇ ਨਹੀਂ ਤੇ ਸੰਸਾਰ 'ਚ ਬੁਰਾ ਵੀ ਕੋਈ ਨਹੀਂ। ਜੇ ਬੁਰਾ ਕਹਿਣਾ ਹੈ ਤਾਂ ਮੈਨੂੰ ਹੀ ਕਹਿ ਲਓ, ਮੈਂ ਹੀ ਬੁਰਾ ਹਾਂ।

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ ॥ ਅੰਗ – ੧੩੬੪***

ਮੈਨੂੰ ਛੱਡ ਦਿਓ ਬਾਕੀ ਸਾਰਾ ਸੰਸਾਰ ਭਲਿਆਂ ਦਾ ਹੈ। ਨਾਲ ਉਹ ਕਹਿਣ ਲੱਗੇ ਕਿ ਜਿਹੜਾ ਬੰਦਾ ਮਨ ਦੇ ਅੰਦਰ ਇਸ ਤਰ੍ਹਾਂ ਦੇ ਨਾਲ ਪੱਕਾ ਵਿਸ਼ਵਾਸ਼ ਕਰ ਲਏਗਾ ਉਹ ਫੇਰ ਸਾਡਾ ਮਿੱਤਰ ਬਣ ਜਾਏਗਾ, ਕਿਉਂਕਿ ਅਸੀਂ ਵੀ ਇਹੀ ਗੱਲ ਕਰਦੇ ਹਾਂ –

***ਆਸਾ ਇਸਟ ਉਪਾਸਨਾ ਖਾਣ ਪੀਣ ਪਹਿਰਾਣ।***
***ਤੁਲਸੀ ਖਟ ਲੱਛਣ ਮਿਲੇ ਮਿਤ੍ਰਤਾ ਪਹਿਚਾਣ।***

ਛੇ ਗੱਲਾ ਮਿੱਤਰ ਦੀਆਂ ਹੁੰਦੀਆਂ ਨੇ। ਆਸਾ ਵੀ ਇੱਕ ਹੋਵੇ, ਉਪਸਨਾ ਵੀ ਇੱਕ ਹੋਵੇ। ਖਾਣਾ ਪੀਣਾ, ਈਸ਼ਟ ਇੱਕ ਹੋਵੇ। ਪਹਿਨਣਾ ਇੱਕ ਹੋਵੇ, ਕਹਿੰਦੇ ਫੇਰ ਮਿੱਤਰਤਾ ਨਿਭਿਆ ਕਰਦੀ ਹੈ। ਸੋ ਜਦੋਂ ਖਿਆਲ ਇੱਕ ਹੋ ਗਏ, ਮੈਂ ਵੀ ਸਮਝ ਲਿਆ ਕਿ ਮੈਂ ਹੀ ਦੁਨੀਆਂ 'ਤੇ ਮਾੜਾ ਹਾਂ, ਹੋਰ ਸਭ ਚੰਗੇ ਨੇ। ਝਗੜਾ ਹੀ ਖਤਮ ਹੋ ਜਾਂਦਾ ਹੈ, ਰੌਲਾ ਰੱਪਾ ਹੀ ਖਤਮ ਹੋ ਜਾਂਦਾ ਹੈ। ਗੁਰੂ ਕਹਿੰਦਾ ਹੈ ਕਿ ਚੰਗਾ ਬਣ ਕੇ ਮੇਰੇ ਕੋਲ ਨਾ ਆਈਂ। ਕੁਛ ਬਣ ਕੇ ਨਾ ਆਈਂ, ਜੇ ਆਉਣਾ ਹੈ ਤਾਂ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ ॥ ਅੰਗ – ੧੧੦੨***

ਪਹਿਲਾਂ ਮਰਨਾ ਕਬੂਲ ਲੈ, ਜਿਹੜੀ ਤੂੰ ego ਦੀ ਜ਼ਿੰਦਗੀ ਜੀਉਂਦਾ ਹੈਂ ਇਹਦੀ ਆਸ ਛੱਡ ਦੇ। ਕਿਉਂਕਿ ego ਦੀ ਜ਼ਿੰਦਗੀ ਤੇਰੇ ਤੇ ਮੇਰੇ ਵਿੱਚ ਇੱਕ ਬਹੁਤ ਵੱਡਾ ਪਾੜ ਹੈ, ਆਪਾਂ ਦੋਹਾਂ ਨੂੰ ਇਕੱਠੇ ਨਹੀਂ ਹੋਣ ਦਿੰਦੀ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥ ਅੰਗ – ੧੨੬੩***

ਸੋ ਗੁਰੂ ਕਹਿੰਦੇ ਨੇ ਕਿ ਇਹ ਗੱਲ ਜੇ ਤੂੰ ਦਿਲ ਤੋਂ ਬੁੱਝ ਜਾਵੇਂ ਨਾ, ਗਾਉਣ ਵਾਸਤੇ ਨਹੀਂ ਹੈ, ਨਾ ਕਿਸੇ ਨੂੰ ਦੱਸਣ ਵਾਸਤੇ, ਤੂੰ ਅੰਦਰੋਂ ਬੁੱਝ ਇਸ ਚੀਜ਼ ਨੂੰ ਜੇ ਬੁੱਝ ਗਿਆ ਤਾਂ ਗੁੱਸਾ ਹੀ ਨਹੀਂ ਆਉਂਦਾ ਕਿਸੇ ਦਾ, ਕਿਸੇ ਨਾਲ ਰੌਲਾ-ਰੱਪਾ ਹੀ ਨਹੀਂ ਰਹਿੰਦਾ। ਪਰੈਕਟਿਸ ਕਰਕੇ ਦੇਖ ਲਓ, ਥੋੜ੍ਹੇ ਦਿਨਾਂ 'ਚ ਨਤੀਜਾ ਸਾਮ੍ਹਣੇ ਆ ਜਾਏਗਾ, ਗੁੱਸਾ ਘਟ ਹੀ ਜਾਏਗਾ, ਰਹੇਗਾ ਹੀ ਨਹੀਂ। ਸੋ ਦੁਨੀਆਂ ਦੀ ਸੋਚ ਹੋਰ ਹੈ। ਗੁਰੂ ਦੀ ਸੋਚ ਹੋਰ ਹੈ, ਗੁਰੂ ਦੀ ਸੋਚ ਹੈ ਕਿ ਦੁਨੀਆਂ ਦੇ ਅੰਦਰ ਜੇ ਤੂੰ ਵੱਡੇ ਤੋਂ ਵੱਡੀ ਕਾਮਯਾਬੀ ਵੀ ਹਾਸਿਲ ਕਰ ਲਈ, ਬੇਅੰਤ ਕੁਛ ਤੇਰੇ ਕੋਲ ਹੋ ਗਿਆ –

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਅੰਗ – ੭੦੭***

ਪਰ ਜੇ ਦੂਜੇ ਪਾਸਿਓਂ ਟੁੱਟ ਗਿਆ –

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ – ੭੦੭***

ਜੇ ਮੈਂ ਬਣਿਆ ਹੋਇਆ ਹੈਂ ਤਾਂ ਮੈਂ ਤੇ ਰੱਬ ਦਾ ਤਾਂ ਸਾਥ ਨਹੀਂ ਹੈ। ਇਹ ਤਾਂ ਦੋਹਾਂ 'ਚੋਂ ਇੱਕ ਰਹਿੰਦਾ ਹੈ।

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥ ਅੰਗ – ੫੬੦***

ਦੋਹਾਂ ਨੇ ਤਾਂ ਵਸਣਾ ਹੀ ਨਹੀਂ, ਇੱਕ ਨੇ ਵਸਣਾ ਹੈ। ਸੋ ਪਹਿਲਾਂ ਆਪਣੇ ਆਪ ਨੂੰ ਸੰਵਾਰੋ। ਜੇ ਮੈਨੂੰ ਮਿਲ ਗਏ, ਫੇਰ ਸੁੱਖ

ਦੀ ਪ੍ਰਾਪਤੀ ਹੋ ਜਾਏਗੀ। ਸੁੱਖਾਂ ਦੀ ਵਰਖਾ ਹੋਣ ਲਗ ਜਾਏਗੀ। ਪਹਿਲਾਂ ਸੰਵਾਰ ਤਾਂ ਸਹੀ ਆਪਣੇ ਆਪ ਨੂੰ, ਇਧਰ ਮਹਾਰਾਜ ਜੀ ਫੁਰਮਾਨ ਕਰਦੇ ਨੇ -

***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ ॥ ਅੰਗ - ੧੩੬੪***

ਜਿਹੜਾ ਐਸੀ ਗੱਲ ਬੁੱਝ ਗਿਆ ਉਹ ਸਾਡਾ ਮਿੱਤਰ ਬਣ ਜਾਂਦਾ ਹੈ। ਉਹਦਾ ਜੀਵਨ ਫੇਰ ਆਪਣੇ ਵਾਸਤੇ ਨਹੀਂ ਹੁੰਦਾ ਸਾਧਸੰਗਤ ਜੀ। ਉਹਦਾ ਜੀਵਨ ਕੁਦਰਤੀ ਵਾਹਿਗੁਰੂ ਦੇ ਵਾਸਤੇ ਹੁੰਦਾ ਹੈ। ਵਾਹਿਗੁਰੂ ਜੀ ਸਾਰੇ ਸੰਸਾਰ 'ਚ ਵਸਦੇ ਨੇ। ਦੂਸਰਿਆਂ ਦੇ ਦੁੱਖ ਦੂਰ ਕਰਨ ਵਾਸਤੇ, ਦੂਜਿਆਂ ਦੀਆਂ ਮੁਸ਼ਕਿਲਾਂ ਠੀਕ ਕਰਨ ਵਾਸਤੇ, ਉਹਦਾ ਜੀਵਨ ਵਰਤਦਾ ਹੈ ਗੁਰਸਿੱਖੀ ਦੇ ਅੰਦਰ। ਥੋੜ੍ਹਾ ਜਿਹਾ ਇੱਥੇ ਭੇਤ ਸਮਝੋ। ਇੱਕ ਜੀਵਨ ਉਹ ਹੈ ਕਿ ਜਿਹੜਾ ਸਭ ਕੁਛ ਛੱਡ ਕੇ ਸੰਸਾਰ ਨੂੰ ਮਿਥਿਆ ਕਹਿ ਕੇ, ਇਹ ਝੂਠਾ ਹੈ ਸੰਸਾਰ, ਤਿੰਨ ਕਾਲ ਹੋਇਆ ਨਹੀਂ, ਇਹ ਗੱਲ ਹੋਰ ਹੈ ਇਹਨੂੰ ਇਸ ਤਰ੍ਹਾਂ ਨਾਲ ਸਮਝ ਕੇ ਦੁਨੀਆਂ ਨੂੰ ਛੱਡ ਜਾਣਾ। ਕਿਤੇ ਗੋਸ਼ਾ ਨਸ਼ੀਨੀ, ਜੰਗਲ ਤਾਂ ਹੁਣ ਰਹੇ ਹੀ ਨਹੀਂ ਹਨ। ਕਿਸੇ ਇਕਲਵਾਂਜੇ ਤਾਂ ਜਾ ਕੇ ਇਹ ਗੱਲ ਕਹਿ ਦੇਣੀ ਕਿ ਮੈਨੂੰ ਕੀ ਹੋਈ ਜਾਣ ਦਿਓ ਜਿਹੜਾ ਕੁਛ ਹੁੰਦਾ ਹੈ। ਮਹਾਰਾਜ ਕਹਿੰਦੇ -

***ਜੈਸਾ ਬਿਤੁ ਤੈਸਾ ਹੋਇ ਵਰਤੈ***
***ਅਪੁਨਾ ਬਲੁ ਨਹੀ ਹਾਰੈ ॥ ਅੰਗ - ੬੭੯***

ਇਹ ਨਹੀਂ ਕਿ ਹਾਰ ਨੂੰ ਜੱਫਾ ਲਾ ਲੈ। ਲੇਕਿਨ ਕੁਛ ਕਰਦਾ ਰਹਿ -

***ਜਬ ਲਗੁ ਦੁਨੀਆ ਰਹੀਐ ਨਾਨਕ***
***ਕਿਛੁ ਸੁਣੀਐ ਕਿਛੁ ਕਹੀਐ ॥ ਅੰਗ - ੬੬੧***

ਕੁਛ ਕਹਿੰਦਾ ਰਹਿ, ਕੁਛ ਸੁਣਦਾ ਰਹਿ। ਨਿਵੇਕਲਾ ਹੋ ਕੇ ਨਾ ਬੈਠੀਂ, ਨਿਵੇਕਲਾ ਹੋ ਜਦੋਂ ਬੈਠੇਂਗਾ, ਬਹੁਤ ਸਾਰੀਆਂ ਜ਼ਿੰਮੇਵਾਰੀਆਂ ਜੋ ਤੇਰੇ ਉਤੇ ਆਈਆਂ ਹੋਈਆਂ ਸੀ, ਉਨ੍ਹਾਂ ਤੋਂ ਪਿੱਠ ਫੇਰ ਕੇ ਬੈਠੇਂਗਾ। ਸੰਸਾਰ ਦੇ ਵਿੱਚ ਰਹਿ, ਲੇਕਿਨ ਜੀਵਨ ਅਪਣਾਅ -

***ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਅੰਗ - ੯੫੨***

ਗ੍ਰਿਹਸਤ 'ਚ ਰਹਿੰਦਾ ਹੋਇਆ, ਬਾਲ-ਬੱਚੇ ਪਾਲਦਾ ਹੋਇਆ, ਨਿਰਲੇਪ ਰਹਿ ਸਾਰੀਆਂ ਚੀਜ਼ਾਂ ਨਾਲੋਂ, ਮੇਰ ਨਾ ਕਰ ਕਿਸੇ ਚੀਜ਼ ਦੀ। ਟੁੱਟ ਕੇ ਰਹਿ ਇਨ੍ਹਾਂ ਦੇ ਨਾਲੋਂ, ਪ੍ਰਮੇਸ਼ਰ ਦੀ ਦਾਤ ਸਮਝ ਕੇ ਰਹਿ। ਆਪਣਾ ਨਾ ਕੁਛ ਵੀ ਬਣਾ ਤੇ ਰੱਬ ਦੇ ਕੋਲੋਂ ਮੰਗਣਾ ਕੀ ਹੈ, ਹਰ ਰੋਜ਼ ਮੰਗਣਾ ਹੈ। ਨਾਮ ਦੀ ਦਾਤ ਮੰਗਣੀ ਹੈ, ਗੁਰਮੁਖਾਂ ਦੇ ਦਰਸ਼ਨ ਮੰਗਣੇ ਨੇ।

***ਪੁੰਨ ਦਾਨ ਕਾ ਕਰੇ ਸਰੀਰੁ ॥***
***ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - ੯੫੨***

ਕਹਿੰਦੇ ਉਹ ਤਾਂ ਪਵਿੱਤਰ ਗ੍ਰਿਹਸਤੀ ਹੈ ਜਿਹੜਾ ਸੰਸਾਰ ਦੇ ਅੰਦਰ ਰਹਿੰਦਾ ਹੋਇਆ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ। ਆਪਣੇ ਵਾਸਤੇ ਸਾਰਾ ਸੰਸਾਰ ਜੀਉਂ ਰਿਹਾ ਹੈ। ਆਪਣੀ ਤਰੱਕੀ ਵਾਸਤੇ ਜਿਉਂ ਰਹੇ ਨੇ। ਲੇਕਿਨ ਕੋਈ ਵਿਰਲਾ ਪੁਰਸ਼ ਹੈ, ਕੋਈ ਲੱਭੇਗਾ ਲੱਖਾਂ ਦੇ ਵਿੱਚੋਂ, ਕਰੋੜਾਂ ਦੇ ਵਿਚੋਂ ਜਿਹੜਾ ਦੂਜਿਆਂ ਦੇ ਵਾਸਤੇ ਆਪਣਾ ਜੀਵਨ ਜਿਉਂ ਰਿਹਾ ਹੈ। ਇਹ ਬਣਾਇਆ ਹੋਇਆ ਨਹੀਂ ਹੁੰਦਾ। ਜਦੋਂ ਪ੍ਰਮੇਸ਼ਰ ਦਾ ਭਜਨ ਕਰਦਾ ਹੈ ਹਰ ਵਕਤ ਵਾਹਿਗੁਰੂ ਯਾਦ ਰਹਿੰਦਾ ਹੈ ਤਾਂ ਉਹਦੀ ਅਵਸਥਾ ਇਹ ਪਰਪੱਕ ਹੋ ਜਾਇਆ ਕਰਦੀ ਹੈ ਕਿ ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ।***

ਵਾਹਿਗੁਰੂ ਨੂੰ ਜੋ ਯਾਦ ਰਖਦੇ ਨੇ ਹਰ ਵਕਤ, ਉਨ੍ਹਾਂ ਦਾ ਜੀਵਨ ਨਿਜੀ ਜੀਵਨ ਨਹੀਂ ਹੋਇਆ ਕਰਦਾ, ਇਹ ਫਰਕ ਪੈ ਜਾਇਆ ਕਰਦਾ ਹੈ, ਅ-ਜੋੜ ਹੋ ਜਾਇਆ ਕਰਦਾ ਹੈ ਸੰਸਾਰੀਆਂ ਦੇ ਨਾਲੋਂ। ਉਹਦਾ ਜੀਵਨ ਦੂਸਰਿਆਂ ਦੇ ਵਾਸਤੇ ਹੋਇਆ ਕਰਦਾ ਹੈ। ਵੱਡੀ ਤੋਂ ਵੱਡੀ ਕੁਰਬਾਨੀ ਉਹ ਦੂਸਰਿਆਂ ਵਾਸਤੇ ਦਿੰਦਾ ਹੈ, ਕਿਉਂਕਿ ਉਹਦਾ ਜੀਵਨ ਹੀ ਐਸੀ ਚਾਲ 'ਤੇ ਚੱਲ ਰਿਹਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਪੁੰਨ ਦਾਨ ਕਾ ਕਰੇ ਸਰੀਰੁ ॥***
***ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - ੨੬੩***

ਜਿਹੜੇ ਵਾਹਿਗੁਰੂ ਜੀ ਨੂੰ ਹਰ ਵਕਤ ਯਾਦ ਰਖਦੇ ਨੇ ਉਹ ਪਰਉਪਕਾਰੀ ਹੋ ਜਾਇਆ ਕਰਦੇ ਨੇ। ਇੱਕ ਖੁਦਗਰਜ਼ੀ ਹੈ ਇਕ ਪਰਉਪਕਾਰ ਹੈ।

***ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥***
***ਅੰਗ - ੨੬੩***

ਕਹਿੰਦੇ ਐਸੇ ਪੁਰਸ਼ਾਂ ਤੋਂ ਅਸੀਂ ਸੈਂਕੜੇ ਵਾਰੀ ਬਲਿਹਾਰ ਜਾਂਦੇ ਹਾਂ।

***ਕਉ ਸਿਮਰਹਿ ਸੇ ਮੁਖ ਸੁਹਾਵੇ ॥***
***ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥***
***ਅੰਗ - ੨੬੩***

ਉਨ੍ਹਾਂ ਦੇ ਮੁਖ ਸੋਹਣੇ ਲਗਦੇ ਨੇ, ਡਰਾਉਣੇ ਨਹੀਂ ਹਨ। ਡਰਾਉਣੇ ਮੁਖ ਉਨ੍ਹਾਂ ਦੇ ਨੇ -

***ਫਰੀਦਾ ਤਿਨਾ ਮੁਖ ਡਰਾਵਣੇ***
***ਜਿਨਾ ਵਿਸਾਰਿਓਨੁ ਨਾਉ॥***
***ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥***
***ਅੰਗ - ੧੩੮੩***

***ਕਬੀਰ ਕੰਚਨ ਕੇ ਕੁੰਡਲ ਬਨੇ***
***ਊਪਰਿ ਲਾਲ ਜੜਾਉ ॥***
***ਦੀਸਹਿ ਦਾਧੇ ਕਾਨ ਜਿਉ***
***ਜਿਨ੍ ਮਨਿ ਨਾਹੀ ਨਾਉ ॥ ਅੰਗ - ੧੩੬੪***

ਜਿਨ੍ਹਾਂ ਦੇ ਹਿਰਦੇ 'ਚ ਪ੍ਰਮੇਸ਼ਰ ਦਾ ਨਾਮ ਨਹੀਂ ਕਹਿੰਦੇ ਜਲੇ ਹੋਏ ਕਾਨਿਆਂ ਵਰਗੇ ਬਦਸੂਰਤ ਨੇ ਉਹ, ਡਰਾਉਣੇ ਨੇ, ਲੇਕਿਨ ਜਿਹੜੇ ਪ੍ਰਮੇਸ਼ਰ ਨੂੰ ਯਾਦ ਰਖਦੇ ਨੇ ਉਨ੍ਹਾਂ ਦੇ ਚਿਹਰੇ ਦਾ ਪ੍ਰਭਾਵ ਐਸਾ ਹੁੰਦਾ ਹੈ ਕਿ ਖਿੱਚ ਪਾਉਂਦਾ ਹੈ ਤੇ ਮੁਖ ਸੁਹਾਵੇ ਹੋ ਜਾਂਦੇ ਨੇ। ਦੁੱਖਾਂ 'ਚ ਨਹੀਂ ਆਉਂਦੇ -

***ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥***
***ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥***
***ਅੰਗ - ੨੬੩***

ਮਾਇਆ ਨੂੰ ਜਿੱਤ ਜਾਂਦੇ ਨੇ ਆਤਮ ਦੇਸ ਦੇ ਵਿੱਚ ਉਨ੍ਹਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਉਨ੍ਹਾਂ ਦਾ ਸਾਰਾ ਵਿਵਹਾਰ ਜਿਨ੍ਹਾਂ ਹੈ ਉਹ ਸਾਰਾ ਨਿਰਮਲ ਹੈ, ਕੋਈ ਲਕੋਅ ਨਹੀਂ, ਕੋਈ ਧੋਖਾ ਨਹੀਂ। ਕੋਈ ਡਰ ਨਹੀਂ ਹੈ ਉਨ੍ਹਾਂ ਨਾਲ, ਕੋਈ ਕਰੂਰਤਾ ਨਹੀਂ-

*ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥*
*ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥*
*ਅੰਗ - ੨੬੩*

ਮਨ ਦੀ ਸ਼ਾਂਤੀ ਦਾ ਕੋਈ ਅੰਦਾਜ਼ਾ ਨਹੀਂ ਹੈ। ਹਰ ਵਕਤ ਵਾਹਿਗੁਰੂ ਦੇ ਨਾਲ ਜੁੜੇ ਰਹਿੰਦੇ ਨੇ।

*ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥*
*ਨਾਨਕ ਸਿਮਰਨੁ ਪੂਰੇ ਭਾਗਿ ॥ ਅੰਗ - ੨੬੩*

ਇਹ ਜਿਹੜੀ ਜਾਗ ਹੈ, ਇਹ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਜਾਗ ਆ ਜਾਇਆ ਕਰਦੀ ਹੈ, ਨਹੀਂ ਤਾਂ ਅਸੀਂ ਸੁੱਤੇ ਪਏ ਹਾਂ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਸਾਨੂੰ ਜਾਗਦਿਆਂ ਨੂੰ ਸੁੱਤੇ ਕਿਉਂ ਕਹੀ ਜਾਂਦੇ ਓਂ। ਮਹਾਰਾਜ ਕਹਿੰਦੇ, ਤੁਸੀਂ ਹੀ ਨਹੀਂ ਸਾਰਾ ਸੰਸਾਰ ਸੁੱਤਾ ਪਿਆ ਹੈ।

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦*

ਸੁੱਤਿਆਂ ਦੀ ਉਮਰ ਲੰਘਦੀ ਤੁਰੀ ਜਾ ਰਹੀ ਹੈ। ਸਾਰਾ ਸੰਸਾਰ ਰਜੋ ਗੁਣ, ਤਮੋ ਗੁਣ, ਸਤੋ ਗੁਣ; ਇਹਨੂੰ ਤ੍ਰਿਗੁਣ ਮਾਇਆ ਕਹਿੰਦੇ ਨੇ, ਤ੍ਰਿਗੁਣੀ ਮਾਇਆ। ਇਹਦੇ ਵਿੱਚ ਸੁੱਤਾ ਕਿਉਂ ਪਿਆ ਹੈ, ਜਿਵੇਂ ਸੁੱਤੇ ਪਏ ਬੰਦੇ ਨੂੰ ਆਪਣੇ ਆਪ ਦਾ ਗਿਆਨ ਨਹੀਂ ਹੁੰਦਾ, ਲੱਖਾਂ ਰੁਪਏ ਉਹਦੇ ਸਰ੍ਹਾਣੇ ਪਏ ਹੋਣ। ਜਿਹੜੇ ਬੈਡ 'ਤੇ ਪਿਆ ਹੈ ਉਹਦੇ ਵਿੱਚ ਕਰੋੜਾਂ ਰੁਪਿਆ ਪਿਆ ਹੋਵੇ, ਉਤੇ ਉਹਨੇ ਆਪਣਾ ਬਿਸਤਰਾ ਲਾਇਆ ਹੋਵੇ ਤੇ ਸੁਪਨੇ ਵਿੱਚ ਉਹਨੂੰ ਪਿਆਸ ਲਗ ਜਾਵੇ ਤੇ ਪਾਣੀ ਮੁੱਲ ਮਿਲਦਾ ਹੋਵੇ, ਉਹ ਕਹਿੰਦਾ ਹੈ ਕਿ ਇੱਕ ਪੈਸਾ ਲਿਆ ਤੈਨੂੰ ਪਾਣੀ ਦੇ ਦੇਵਾਂ। ਹੁਣ ਪੈਸਾ ਕਿਤੋਂ ਮਿਲਦਾ ਨਹੀਂ, ਪਿਆਸਾ ਮਰ ਰਿਹਾ ਹੈ। ਕਿਉਂਕਿ ਸੁਪਨੇ ਦੇ ਵਿੱਚ ਭੁੱਲ ਗਿਆ। ਯਾਦ ਨਹੀਂ ਇਸਦੇ ਰਿਹਾ, ਨਾ ਯਾਦ ਰਹਿਣ ਦੇ ਨਾਲ, ਸਾਰੀਆਂ ਦੌਲਤਾਂ ਦਾ ਮਾਲਕ ਹੁੰਦਾ ਹੋਇਆ, ਬਾਦਸ਼ਾਹੀਆਂ ਦਾ ਮਾਲਕ ਹੁੰਦਾ ਹੋਇਆ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥ ਅੰਗ - ੬੫੭*

ਰਾਜਾ ਸੁਪਨੇ 'ਚ ਭਿਖਾਰੀ ਬਣ ਗਿਆ। ਤਖਤ 'ਤੇ ਬੈਠਾ ਹੈ, ਸਾਰਾ ਦਰਬਾਰ ਲੱਗਿਆ ਹੋਇਆ ਹੈ, ਊਂਘ ਆ ਗਈ ਰਾਜੇ ਨੂੰ। ਰਾਜ ਸੀਗਾ ਲੇਕਿਨ ਸੁਪਨੇ 'ਚ ਰਾਜ ਜਾਂਦਾ ਰਿਹਾ। ਸਾਡਾ ਵੀ ਆਹੀ ਹਾਲ ਹੈ, ਅਸੀਂ ਵੀ ਸੁੱਤੇ ਪਏ ਹਾਂ। ਸਾਨੂੰ ਜਾਗ ਨਹੀਂ ਆ ਰਹੀ। ਕਿਉਂ ਨਹੀਂ ਆ ਰਹੀ? ਕਿਉਂਕਿ ਅਸੀਂ ਕੈਮੀਕਲ ਜਾਗ ਦੇ ਵਿੱਚ ਜਿਉਂਦੇ ਹਾਂ। ਸਾਡਾ ਜਿਹੜਾ ਦਿਮਾਗ ਹੈ ਨਾ ਇਹਨੂੰ ਇਲੈਕਟ੍ਰਨਿਕਸ ਅਤੇ ਮੈਗਨੈਟਿਕ ਲਹਿਰਾਂ ਜਿੰਨੀ ਦੇਰ ਤਕ ਇਸਦੇ ਅੰਦਰ ਐਕਸ਼ਨ ਨਹੀਂ ਕਰਦੀਆਂ ਓਨਾਂ ਚਿਰ ਇਹ ਦਿਮਾਗ ਕੰਮ ਨਹੀਂ ਕਰਦਾ। ਇਨ੍ਹਾਂ ਦੋ ਲਹਿਰਾਂ ਦੇ ਨਾਲ ਦਿਮਾਗ ਚਲਦਾ ਹੈ। ਦਿਮਾਗ ਦੇ ਅੰਦਰ ਜਿਹੜਾ ਭਾਵ ਕੰਮ ਕਰ ਰਿਹਾ ਹੈ, ਜਿਹੜਾ ਤੱਤ ਉਸ ਵੇਲੇ ਚਲ ਰਿਹਾ ਹੈ, ਰਜੋ ਗੁਣ, ਤਮੋ ਗੁਣ, ਸਤੋ ਗੁਣ ਉਹਦੇ ਮੁਤਾਬਿਕ ਇਹ ਸਰੀਰ ਨੂੰ ਹਰਕਤ ਦਿੰਦਾ ਹੈ। ਇਹਦਾ ਮਤਲਬ ਹੋਇਆ ਕਿ ਦਿਮਾਗ ਤੋਂ ਪਰ੍ਹੇ ਦਾ ਜਿਹੜਾ ਸਾਡਾ ਅਨੁਭਵ ਹੈ ਉਹ ਸਾਨੂੰ ਨਾ ਪ੍ਰਾਪਤ ਹੋਣ ਕਰਕੇ ਅਸੀਂ ਇੱਕ ਤਰ੍ਹਾਂ ਦੇ ਨਾਲ ਸੁੱਤੇ ਪਏ ਹਾਂ, ਕੋਈ ਨੀਂਦ ਆਈ ਹੋਈ ਹੈ ਸਾਨੂੰ। ਮਹਾਰਾਜ ਕਹਿੰਦੇ ਤੂੰ ਸੁੱਤਾ ਪਿਆ ਹੈਂ, ਤੂੰ ਵੀ ਸੁੱਤਾ ਪਿਆ ਹੈਂ ਤੇ ਸੰਸਾਰ ਵੀ ਸੁੱਤਾ ਪਿਆ ਹੈ। ਤੈਨੂੰ ਜਾਗ ਨਹੀਂ ਆਈ ਤੇ ਨਾਲ ਸਾਨੂੰ ਦਸਦੇ ਨੇ ਇਹ ਜਿਹੜੀ ਤੇਰੀ ਜਾਗ ਹੈ ਨਾ ਇਹਨੂੰ ਹਉਮੈ ਦੀ ਸੁਰਤ ਕਹਿੰਦੇ ਨੇ ਇਹਨੂੰ ਤੇ ਤੂੰ ਕਹਿੰਦਾ ਹੈਂ ਕਿ ਮੈਂ ਪੀ. ਐਚ. ਡੀ ਕਰੀ ਹੋਈ ਹੈ, ਮੈਂ ਤਾਂ ਪ੍ਰਫੈਸਰ ਹਾਂ, ਮੈਂ ਵੱਡਾ ਆਫੀਸਰ ਹਾਂ। ਵੱਡੀ-ਵੱਡੀ ਦੁਨੀਆਂ ਆ ਕੇ ਮੇਰੇ ਤੋਂ ਗੱਲਾਂ ਪੁੱਛਦੀ ਹੈ। ਅਖਬਾਰਾਂ ਵਾਲੇ ਮੇਰੇ ਪਿੱਛੇ ਆਉਂਦੇ ਨੇ। ਉਹ ਕਹਿੰਦੇ ਫਿਰੀ ਜਾਣ ਦਿਓ, ਸਭ ਸੁੱਤਿਆਂ ਦਾ ਕੰਮ ਹੈ। ਜਾਗਦਾ ਕੋਈ ਨਹੀਂ ਹੈ। ਕਹਿੰਦੇ ਐਨਾ ਭੋਲਾਪਨ ਤੁਹਾਡੇ ਅੰਦਰ। ਐਨੀ egnorance? ਕਹਿੰਦੇ। ਕਹਿੰਦੇ ਜਾਗ ਤੈਨੂੰ ਤਾਂ ਆਏਗੀ ਜੇ ਉਤੇ ਗੁਰੂ ਦੀ ਹੋ ਜਾਏ ਕ੍ਰਿਪਾ ਤੇ ਪ੍ਰਮੇਸ਼ਰ ਦਾ ਨਾਮ ਮਿਲ ਜਾਏ ਤੇ ਪ੍ਰਮੇਸ਼ਰ ਦੀ ਯਾਦ ਹਰ ਵਕਤ ਤੇਰੇ ਹਿਰਦੇ ਵਿੱਚ ਬੈਠ ਜਾਵੇ, ਫੇਰ ਤੈਨੂੰ ਜਾਗ ਆ ਜਾਏਗੀ, ਫੇਰ ਤੈਨੂੰ ਤੱਤ ਦਾ ਪਤਾ ਲਗ ਜਾਏਗਾ -

*ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥*
*ਨਾਨਕ ਸਿਮਰਨੁ ਪੂਰੇ ਭਾਗਿ ॥ ਅੰਗ - ੨੬੩*

ਮਾੜੇ ਮੋਟੇ ਭਾਗਾਂ ਨਾਲ ਨਹੀਂ ਵਾਹਿਗੁਰੂ ਯਾਦ ਰਹਿੰਦਾ। ਸੋ ਐਡੀ ਵੱਡੀ ਚੀਜ਼ ਵਾਸਤੇ ਸਾਡੀ ਲੋਚਾ ਕਦੇ ਨਹੀਂ ਜਾਗਦੀ। ਅਰਦਾਸ ਸਾਡੇ ਹਿਰਦੇ 'ਚੋਂ ਕਦੇ ਨਹੀਂ ਆਉਂਦੀ ਕਿ ਵਾਹਿਗੁਰੂ ਜੀ ਆਹ ਵੀ ਗੱਲ ਹੈ? ਮੈਨੂੰ ਤਾਂ ਪਤਾ ਹੀ ਨਹੀਂ ਇਸ ਗੱਲ ਦਾ? ਅਸੀਂ ਇਹਨੂੰ ਵਿਸ਼ਵਾਸ਼ ਦੇ ਘਰ 'ਚ ਨਹੀਂ ਲਿਆਉਂਦੇ, ਕੰਨਾਂ 'ਚ ਸੁਣਨ ਤਕ ਖਤਮ ਕਰ ਦਿੰਦੇ ਹਾਂ। ਸਾਡੇ ਅੰਦਰ ਇਹ ਕੋਈ ਘਾਵ ਨਹੀਂ ਪਾਉਂਦੀ। ਹਿਰਦੇ ਨੂੰ ਵੇਧਦੀ ਨਹੀਂ ਹੈ ਇਹ ਬਾਣੀ, ਕਿਉਂਕਿ ਅਸੀਂ ਵੁਲਟ ਪਰੂਫ ਸੁਰਤੀ ਧਾਰਨ ਕਰੀ ਹੋਈ ਹੈ, ਕਿ ਨਹੀਂ ਅਸੀਂ ਅੰਦਰ ਜਾਣ ਹੀ ਨਹੀਂ ਦੇਣਾ ਕੁਛ। ਜਿਥੇ ਅਸੀਂ ਹੈਗੇ ਉਹੀ ਠੀਕ ਹੈ। ਆਹ ਮੁਸ਼ਕਲ ਹੈ ਬੜੀ ਭਾਰੀ। ਮਹਾਰਾਜ ਕਹਿੰਦੇ, ਇਹ ਤਾਂ, ਤਾਂ ਤੇਰਾ ਦੂਰ ਹੋਏਗਾ ਜੇ ਤੂੰ ਪਹਿਲਾਂ ਇਹ ਪੜਦੇ ਨੂੰ ਦੂਰ ਕਰੇਂ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨*

'ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ' ਆਪਾਂ ਇੱਕ ਪੱਖ ਲੈਣਾ ਹੈ, ਸਾਰੀ ਵਿਚਾਰ ਦੇ ਅੰਦਰ ਕਿ ਵਾਹਿਗੁਰੂ ਨੂੰ ਜੋ ਯਾਦ ਕਰਦੇ ਨੇ ਉਹ ਪਰਉਪਕਾਰੀ ਹੋਇਆ ਕਰਦੇ ਨੇ। ਪਰਉਪਕਾਰ ਦੇ ਵਾਸਤੇ ਗੁਰਬਾਣੀ ਦੇ ਅੰਦਰ, ਕੀ ਸਾਨੂੰ ਕੋਈ ਉਪਦੇਸ਼ ਦਿੱਤੇ ਹੋਏ ਨੇ? ਸੋ ਇਹਦੀ ਵਿਚਾਰ ਕਰੋ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਹਜ਼ੂਰ ਇੱਕ ਵਾਰੀ ਸੰਗਤ ਬੈਠੀ ਹੈ, ਗੁਰਸਿਖ ਬੈਠੇ ਨੇ, ਕਹਿੰਣ ਲੱਗੇ, ਮਹਾਰਾਜ!

ਸਾਨੂੰ ਕੋਈ ਉਪਦੇਸ਼ ਦਿਓ। ਮਹਾਰਾਜ ਚੁੱਪ ਕਰੀਂ ਬੈਠੇ ਨੇ। ਮਹਾਰਾਜ ਕਹਿੰਦੇ ਉਪਦੇਸ਼? ਕਹਿੰਦੇ, ਕੋਈ ਐਸਾ ਦਿਓ ਕਿ ਸਾਨੂੰ ਜਪ ਤਪ ਨਾ ਕਰਨੇ ਪੈਣ, ਕੋਈ ਐਸਾ ਢੰਗ ਦੱਸੋ। ਮਹਾਰਾਜ ਕਹਿੰਦੇ ਸਾਰਿਆਂ ਜਪਾਂ, ਤਪਾਂ, ਤੀਰਥਾਂ, ਸੰਜਮਾਂ, ਦਾਨਾਂ; ਇਨ੍ਹਾਂ ਸਾਰਿਆਂ ਤੋਂ ਉਤੇ ਇੱਕ ਚੀਜ਼ ਹੈ ਜਿਹਨੂੰ ਪਰਉਪਕਾਰ ਕਹਿੰਦੇ ਨੇ ਤੇ ਤੁਸੀਂ ਪਰਉਪਕਾਰ ਦੇ ਵਿੱਚ ਜੀਵਨ ਲਾਓ। ਇਹਦੇ ਸਮਾਨ ਨਾ ਕੋਈ ਜਪ, ਨਾ ਕੋਈ ਤਪ, ਨਾ ਵਰਤ ਨਾ, ਨਾ ਕੋਈ ਧਰਮ; ਇਹਦੇ ਮੁਕਾਬਲੇ ਤੇ ਹੈ ਹੀ ਨਹੀਂ। ਪਰਉਪਕਾਰ ਵੀ ਜਿਹੜਾ ਕਰਨਾ ਹੈ ਉਹ ਸ਼ਰਤ ਰੱਖ ਕੇ ਨਹੀਂ ਕਰਨਾ, ਦੂਸਰੇ ਦੇ ਉਤੇ ਅਹਿਸਾਨ ਨਹੀਂ ਕਰਨਾ, ਜੇ ਅਹਿਸਾਨ ਕਰੇਂਗਾ ਤਾਂ ਇਹ ਪਰਉਕਾਰ ਹਉਮੈ ਦੇ ਅਧੀਨ ਕਰ ਰਿਹਾ ਹੈਂ। ਇਹਦਾ ਤੈਨੂੰ ਸੁੱਖ ਨਹੀਂ ਪ੍ਰਾਪਤ ਹੋਏਗਾ, ਦੁੱਖ ਪ੍ਰਾਪਤ ਹੋਏਗਾ, ਕਿਉਂਕਿ ਇਹਦਾ ਤੂੰ ਬਦਲਾ ਚਾਹੁੰਦਾ ਹੈਂ, ਆਦਮੀ ਆਪਣੇ ਸੁਭਾਅ ਦੇ ਮੁਤਾਬਿਕ ਵਰਤਦਾ ਹੈ, ਜਿਹੋ ਜਿਹਾ ਗੁਣ ਉਹਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਚੱਲ ਰਿਹਾ ਹੈ, ਪ੍ਰਮੇਸ਼ਰ ਨੇ ਪਾਇਆ ਹੈ -

***ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ***
***ਕਿਆ ਕੋਈ ਕਰੇ ਵੇਚਾਰਾ ॥ ਅੰਗ - ੪੫੦***

ਉਹ ਕਿਵੇਂ ਤੇਰੇ ਕੋਲ ਨਿਰਮਲ ਹਿਰਦੇ ਨਾਲ ਆ ਜਾਏਗਾ, ਤੂੰ ਨਾ ਮੰਗ। 'ਨੇਕੀ ਕਰ ਦਰਿਆ ਮਹਿ ਡਾਲ।' ਪੁੱਛ ਨਾ ਕਿਸੇ ਨੂੰ, ਜੇ ਚਸ਼ਮਾ ਚਲਦਾ ਹੈ, ਪਿਆਸੇ ਆ ਕੇ ਪਾਣੀ ਪੀਂਦੇ ਨੇ, ਚਸ਼ਮੇ ਦਾ ਸੁਭਾਅ ਹੈ ਕਿ ਉਹਨੇ ਵਗਦੇ ਹੀ ਰਹਿਣਾ ਹੈ, ਪਾਣੀ ਕੋਈ ਪੀਈ ਜਾਵੇ, ਜੇ ਚਸ਼ਮਾ ਬਦਲਾ ਚਾਹੇ ਤਾਂ ਬਦਲਾ ਤਾਂ ਮਿਲਦਾ ਹੀ ਨਹੀਂ। ਗੁਲਾਬ ਦਾ ਫੁੱਲ ਹੈ ਸੁਗੰਧੀ ਦੇ ਰਿਹਾ ਹੈ, ਉਹਦਾ ਸੁਭਾਅ ਹੈ, ਨੇਤ ਹੈ ਉਸਦੀ, ਉਹਨੇ ਸੁਗੰਧੀ ਦੇਣੀ ਹੀ ਦੇਣੀ ਹੈ, ਚਾਹੇ ਸੁਗੰਧੀ ਲੈਂਦਾ, ਲੈਂਦਾ ਫੁੱਲ ਨੂੰ ਟਹਿਣੀ ਨਾਲੋਂ ਅਲੱਗ ਕਰ ਦੇਵੇ। ਹੱਥ 'ਚ ਆ ਕੇ ਫੇਰ ਵੀ ਉਹਨੇ ਸੁਗੰਧੀ ਹੀ ਦੇਈ ਜਾਣੀ ਹੈ। ਇਹ ਤਾਂ ਸਾਡੇ ਨਾਲੋਂ ਬਹੁਤ ਅੱਛੀਆਂ ਚੀਜ਼ਾਂ ਨੇ ਸਾਰੀਆਂ ਹੀ। ਅਸੀਂ ਕਹਿੰਦੇ ਹਾਂ ਕਿ ਇਹ vegetation ਹੈ, ਇਹ ਤਾਂ ਬਹੁਤ lower level ਦੀ ਜ਼ਿੰਦਗੀ ਹੈ ਇਹ ਤਾਂ ਸਾਨੂੰ ਸਿੱਖਿਆ ਦੇ ਰਹੀ ਹੈ ਜ਼ਬਰਦਸਤ ਕਿ ਉਹ ਸੁਗੰਧੀ ਨਹੀਂ ਛੱਡਦਾ ਦੇਣ ਤੋਂ। ਚਾਹੇ ਤੋੜਨ ਵਾਲਾ। ਸੋ ਮਹਾਰਾਜ ਕਹਿੰਦੇ ਪਰਉਕਾਰ ਜਿਹੜਾ ਤੂੰ ਕਰਨਾ ਹੈ ਨਾ, ਕਿਸੇ ਉੱਤੇ ਅਹਿਸਾਨ ਨਾ ਕਰ ਇਹ ਤੇਰੇ ਉੱਤੇ ਪ੍ਰਮੇਸ਼ਰ ਪ੍ਰਸੰਨ ਹੋਏਗਾ ਤੇ ਤੈਨੂੰ ਜਪਾਂ ਤਪਾਂ, ਵਰਤਾਂ ਸਭ ਨਾਲੋਂ ਜ਼ਿਆਦਾ ਫਲ ਦੇਵੇਗਾ। ਦੂਸਰਾ ਮਹਾਰਾਜ ਕਹਿੰਦੇ ਬਚਨ ਕਰਕੇ ਨਹੀਂ ਫਿਰਨਾ। ਪਹਿਰਾ ਦਿਓ ਬਚਨ 'ਤੇ। ਬਚਨ ਕਰਨ ਤੋਂ ਪਹਿਲਾਂ ਸੋਚੋ। ਤੀਸਰਾ ਕਹਿੰਦੇ ਖਿਮਾ ਕਰਨੀ ਹੈ, ਵੱਡੇ ਹੋ ਕੇ ਨਿਮਰਤਾ ਰੱਖਣੀ ਹੈ। ਚੌਥਾ ਬਚਨ ਉਨ੍ਹਾਂ ਨੇ ਕਿਹਾ ਹੈ ਕਿ ਜਿਹਦਾ ਕੋਈ ਵਾਲੀਵਾਰਿਸ ਨਾ ਕੋਈ ਹੋਵੇ, ਗਰੀਬ ਰੁਲਦਾ ਫਿਰਦਾ ਹੋਵੇ, ਕੋਈ ਉਹਦੀ ਸਹਾਇਤਾ ਕਰਨੀ ਨਾ ਚਾਹੁੰਦਾ ਹੋਵੇ, ਕੋਈ ਉਹਨੂੰ ਨੇੜੇ ਨਾ ਲਗਣ ਦਿੰਦਾ ਹੋਵੇ, ਉਹਦੀ ਸਹਾਇਤਾ ਕਰਿਆ ਕਰੇ। ਐਸੇ ਗੁਰਸਿੱਖ ਗੁਰਮਤਿ ਦੇ ਅੰਦਰ ਗੁਰਸਿੱਖੀ ਦੇ ਬਾਗ ਦੇ ਅੰਦਰ ਬੇਅੰਤ ਫੁੱਲ ਨੇ, ਜਿਨ੍ਹਾਂ ਤੋਂ ਸਾਨੂੰ ਸਿੱਖਿਆ ਮਿਲ ਸਕਦੀ ਹੈ, ਬਹੁਤ ਵੱਡੀ। ਕਹਾਣੀ ਦੇ ਮੁਤਾਬਿਕ ਅਸੀਂ ਕਹਾਣੀ ਸਮਝ ਕੇ ਛੱਡ ਦੇਈਏ, ਥੋੜ੍ਹਾ ਜਿਹਾ intrest ਸਾਡੇ ਮਨ 'ਚ ਆਉਂਦਾ ਹੈ ਕਿ ਬਈ ਆਹ ਐਉਂ ਹੋਇਆ ਸੀ। ਐਉਂ ਹੋਇਆ ਸੀ ਕਿ ਤੇਰਾ ਵੀ ਕੋਈ ਤੁਅੱਲਕ ਹੈ ਇਸਦੇ ਨਾਲ, ਇਸ ਤੋਂ ਤੈਨੂੰ ਕੋਈ ਲਾਈਟ ਪ੍ਰਾਪਤ ਹੁੰਦੀ ਹੈ ਕਿ ਸੁਣ ਕੇ ਛੱਡ ਦਿੱਤੀ। ਸੋ ਇਹਦੀ ਵਿਚਾਰ ਆਪਾਂ ਕਰਨੀ ਹੈ। ਗੁਰੂ ਦੂਸਰੇ ਪਾਤਸ਼ਾਹ ਮਹਾਰਾਜ ਦੇ ਦਰਬਾਰ ਦੇ ਅੰਦਰ ਹਰੀ ਦਾ ਜਸ ਕਰਨ ਵਾਸਤੇ ਦੋ ਪ੍ਰੇਮੀ ਨੇ ਇੱਕ ਦਾ ਸੱਤਾ ਹੈ ਤੇ ਦੂਸਰੇ ਦਾ ਨਾਂ ਬਲਵੰਡਾ ਹੈ। ਗੁਰੂ ਮਹਾਰਾਜ ਜਦੋਂ ਆਉਂਦੇ ਨੇ ਤੇ ਸੰਗਤ ਆ ਜਾਂਦੀ ਹੈ ਤੇ ਇਹ ਕੀਰਤਨ ਸੁਣਾਉਂਦੇ ਨੇ। ਹੁਣ ਕੀਰਤਨ ਗੁਰੂ ਨਾਨਕ ਪਾਤਸ਼ਾਹ ਨੇ ਕਲਜੁਗ ਦਾ ਸਮਾਂ ਦੇਖ ਕੇ ਨੌਂ ਹੀ ਤਰ੍ਹਾਂ ਦੀਆਂ ਭਗਤੀਆਂ ਜਿਹੜੀਆਂ ਸੀ ਸਮੇਂ-ਸਮੇਂ ਸਿਰ ਕਦੇ ਕਿਸੇ ਦੀ ਪ੍ਰਧਾਨਗੀ ਹੁੰਦੀ, ਕਦੇ ਕਿਸੇ ਦੀ ਹੁੰਦੀ। ਕਦੇ ਪੂਜਾ ਦੀ ਪ੍ਰਧਾਨਗੀ ਸੀ, ਕਦੇ ਅਰਚਣ ਦੀ ਪ੍ਰਧਾਨਗੀ ਸੀ। ਕਦੇ ਨਮਸ਼ਕਾਰ ਦੀ ਪ੍ਰਧਾਨਗੀ ਸੀ ਲੇਕਿਨ ਮਹਾਰਾਜ ਜੀ ਨੇ ਨੌਆਂ ਭਗਤੀਆਂ 'ਚੋਂ ਪ੍ਰਧਾਨਗੀ ਕੀਰਤਨ ਨੂੰ ਦੇ ਦਿੱਤੀ ਤੇ ਆਪ ਨੇ ਫੁਰਮਾਨ ਕੀਤਾ ਕਿ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਅੰਗ - ੧੦੭੫***

ਇਹਦੇ ਵਿੱਚ ਸ਼ਰਤ ਹੈ ਕੀਰਤਨ ਦੀ, ਕੀਰਤਨ ਤਾਂ ਸਾਰੀ ਦੁਨੀਆਂ ਹੀ ਕਰਦੀ ਹੈ। ਲੇਕਿਨ ਜੋ ਫਲ ਇੱਥੇ ਗੁਰੂ ਮਹਾਰਾਜ ਨੇ ਲਿਖਿਆ ਹੈ ਉਹ ਤਾਂ ਪ੍ਰਾਪਤ ਨਹੀਂ ਹੁੰਦਾ। ਇੱਕ ਪਾਸਾ ਅਸੀਂ ਕਹਿ ਸਕਦੇ ਹਾਂ, ਗੁਰੂ ਮਹਾਰਾਜ ਨੇ ਜੋ ਕੁਛ ਲਿਖਿਆ ਹੈ ਉਹਦੇ 'ਚ ਤਾਂ ਗਲਤੀ ਕੋਈ ਨਹੀਂ ਹੋ ਸਕਦੀ। ਉਹਦੇ 'ਤੇ ਤਾਂ ਅਸੀਂ ਤਰਕ ਨਹੀਂ ਕਰ ਸਕਦੇ, ਕਿੰਤੂ ਨਹੀਂ ਕਰ ਸਕਦੇ। ਨਾ ਹੋਣ ਦਾ ਜਿਹੜਾ ਕੰਮ ਹੈ ਉਹ ਸਾਡੀਆਂ ਤਾਰਾਂ 'ਚ ਹੀ ਕੋਈ ਨੁਕਸ ਨੇ। ਨੁਕਸ ਸਾਡੇ ਵਲ ਆ ਜਾਂਦਾ ਹੈ ਗਾਉਣ ਵਾਲੇ ਤੇ ਸੁਣਨ ਵਾਲੇ ਵਲ। ਪ੍ਰਧਾਨ ਭਗਤੀ ਹੈ ਫੇਰ ਸਾਡਾ ਪਾਰ ਉਤਾਰਾ ਕਿਉਂ ਨਹੀਂ ਹੁੰਦਾ। ਕਿਉਂ ਨਹੀਂ ਸਾਡਾ ਜੀਵਨ ਬਦਲਦਾ? ਮਹਾਰਾਜ ਤਾਂ ਕਹਿੰਦੇ ਉਹਦਾ ਐਡਾ ਮਹਾਤਮ ਹੈ -

***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥***
***ਅੰਗ - ੧੦੭੬***

ਦਰਗਾਹ ਵਿੱਚ ਬਾਇਜ਼ਤ ਤਰੀਕੇ ਨਾਲ ਜੈ-ਜੈਕਾਰ ਹੁੰਦੀ ਹੈ ਤੇ ਉਹ ਸਾਨੂੰ ਕਿਉਂ ਨਹੀਂ ਪ੍ਰਾਪਤ ਹੁੰਦੀ। ਇਹਦੇ ਵਿੱਚ ਫਰਕ ਹੈ ਸਾਧਸੰਗਤ ਜੀ, ਕੀਰਤਨ ਤਾਂ ਸਾਰੀ ਦੁਨੀਆਂ ਹੀ ਕਰ ਰਹੀ ਹੈ ਤੇ ਅਸੀਂ ਕਹਿ ਵੀ ਰਹੇ ਹਾਂ ਕਿ ਕੀਰਤਨ ਨੂੰ ਪ੍ਰਧਾਨਗੀ ਹੈ। ਪਰ ਇਹ ਚੀਜ਼ ਤਾਂ ਸਾਨੂੰ ਪ੍ਰਾਪਤ ਨਹੀਂ ਹੁੰਦੀ। ਗੁਰੂ ਦਸਵੇਂ ਪਾਤਸ਼ਾਹ ਦੇ ਦਰਬਾਰ ਦੇ ਜੋ ਰਾਗੀ ਸੀ, ਜਿਨ੍ਹਾਂ ਨੂੰ ਹਜ਼ੂਰੀ ਰਾਗੀ ਕਹਿੰਦੇ ਨੇ, ਉਹ ਕੀਰਤਨ ਕਰ ਰਹੇ ਸੀ। ਇੱਕ ਸਿੱਖ ਬੜਾ ਹੀ ਉਦਾਸ ਹੋਇਆ-ਹੋਇਆ, ਮਹਾਰਾਜ ਜੀ ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਕਹਿੰਦਾ ਸੱਚੇ ਪਾਤਸ਼ਾਹ! ਮੈਂ ਤਾਂ ਲੁਟਿਆ ਗਿਆ, ਮੈਂ ਤਾਂ ਮਾਰਿਆ ਗਿਆ। ਮਹਾਰਾਜ ਜੀ ਨੇ ਹੱਥ ਉਪਰ ਨੂੰ ਕਰਿਆਂ ਕੀਰਤਨ ਬੰਦ ਹੋ ਗਿਆ। ਕਹਿੰਦੇ, ਦੱਸ ਪ੍ਰੇਮੀਆਂ! ਕੀ ਗੱਲ ਹੈ? ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤੇਰੀ ਸੇਵਾ ਕਰਨ ਵਾਸਤੇ ਆਇਆ ਸੀ, ਮੇਰਾ ਘਰ ਭੰਨ ਲਿਆ ਕਿਸੇ ਨੇ। ਜੋ ਕੁਛ ਮੈਂ ਮਾੜਾ ਮੋਟਾ ਘਰ ਦੇ ਵਿੱਚ ਰੱਖ ਕੇ ਆਇਆ ਸੀ, ਸਭ ਕੋਈ ਚੁੱਕ ਕੇ ਲੈ

ਗਿਆ। ਮਹਾਰਾਜ ਕਹਿੰਦੇ, ਕੋਈ ਨਹੀਂ ਕਹੀ ਇੱਥੇ ਹੀ ਹੈ। ਸਾਰੇ ਹੀ ਕਹਿਣ ਲੱਗੇ, ਸੱਚੇ ਪਾਤਸ਼ਾਹ! ਤੁਸੀਂ ਆਹ ਕੀ ਬਚਨ ਕਰ ਦਿੱਤਾ ਕਿ ਕਹੀ ਇੱਥੇ ਹੀ ਹੈ। ਸਾਡੇ ਤਾਂ ਸਮਝ ਵਿੱਚ ਕੁਛ ਨਹੀਂ ਆਉਂਦਾ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇੱਕ ਚੌਧਰੀ ਸੀ ਕਿਸੇ ਪਿੰਡ ਦਾ ਉਹਦੀ ਕਹੀ ਗੁਆਚ ਗਈ ਤੇ ਉਸ ਨੇ ਢੰਡੋਰਚੀ ਨੂੰ ਬੁਲਾਇਆ, ਭਰਾਈ ਹੁੰਦੇ ਸੀ ਉਨ੍ਹਾਂ ਦਿਨਾਂ 'ਚ ਤਾਂ ਪਿੰਡ ਦੇ ਅੰਦਰ ਡੱਫ ਫੇਰਦੇ ਹੁੰਦੇ। ਢੋਲ ਵਜਾਉਂਦੇ ਹੁੰਦੇ, ਉਹਨੂੰ ਕਹਿ ਦਿੱਤਾ ਕਿ ਪਿੰਡ ਦੇ ਅੰਦਰ ਅਨਾਊਂਸਮੈਂਟ ਕਰ ਦੇ ਕਿ ਚੌਧਰੀ ਦੀ ਕਹੀ ਦੇ ਦਿਓ, ਜੇ ਨਾ ਦਿੱਤੀ ਤਾਂ ਪਿੰਡ ਦੀ ਤਲਾਸ਼ੀ ਕਰਕੇ ਅਸੀਂ ਕੱਢ ਲੈਣੀ ਹੈ। ਉਹ ਸਵੇਰ ਤੋਂ ਦੁਪਹਿਰ ਤਕ ਅਨਾਊਂਸਮੈਂਟ ਕਰਦਾ ਰਿਹਾ ਕਿ ਚੌਧਰੀ ਦੀ ਕਹੀ ਦੇ ਦਿਓ, ਨਹੀਂ ਤਾਂ ਘਰਾਂ ਦੀ ਤਲਾਸ਼ੀ ਹੋਏਗੀ। ਕਿਸੇ ਨੇ ਵੀ ਕਹੀ ਲਿਆ ਕੇ ਨਾ ਦਿੱਤੀ ਤੇ ਚੌਧਰੀ ਬੜਾ ਸਿਆਣਾ ਸੀ, ਕਹਿਣ ਲੱਗਿਆ ਕਿ ਆਹ ਢੰਡੋਰਚੀ ਹੈ ਨਾ ਜਿਹੜਾ ਪਹਿਲਾਂ ਇਹਦੇ ਘਰ ਤੋਂ ਹੀ ਸ਼ੁਰੂ ਕਰੀਏ ਤਲਾਸ਼ੀ। ਜਦੋਂ ਉਹਦੇ ਘਰ ਗਏ ਉਹਦੇ ਘਰ ਕਹੀ ਪਈ। ਸਾਰੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹੋ ਜਿਹੀ ਗੱਲ, ਲੋਕਾਂ ਨੂੰ ਤਾਂ ਸਮਝਾਉਂਦਾ ਸੀ, ਲੇਕਿਨ ਕਹੀ ਆਪਣੇ ਘਰ ਰੱਖੀ ਹੋਈ ਸੀ ਚੋਰੀ ਦੀ। ਕਹਿੰਦੇ, ਸੱਚੇ ਪਾਤਸ਼ਾਹ! ਸਾਡੇ ਬਚਨ ਨਹੀਂ ਸਮਝ ਆਇਆ। ਕਹਿੰਦੇ, ਬਚਨ ਤਾਂ ਸਿੱਧਾ ਹੀ ਹੈ ਆਹ ਜਿਹੜਾ ਕੀਰਤਨ ਕਰਦੇ ਨੇ, ਇਨ੍ਹਾਂ ਨਾਲ ਇਹਦਾ ਤੁਅੱਲਕ ਨੇ। ਜਾਓ ਇਨ੍ਹਾਂ ਦੇ ਘਰ 'ਚੋਂ ਜਾ ਕੇ ਚੁੱਕ ਲਿਆਓ ਚੀਜ਼। ਬੜੀ ਹੈਰਾਨੀ ਦੀ ਗੱਲ, ਗੁਰੂ ਦਸਵੇਂ ਪਾਤਸ਼ਾਹ ਦਾ ਦਰਬਾਰ ਹੋਵੇ ਤੇ ਕੀਰਤਨੀਆਂ ਦੇ ਉੱਤੇ ਕੋਈ ਅਸਰ ਹੀ ਨਾ ਹੁੰਦਾ ਹੋਵੇ। ਇਹਦਾ ਮਤਲਬ ਹੈ ਕਿ art (ਕਲਾ) ਦੇ ਤੌਰ 'ਤੇ ਵਰਤਦੇ ਸੀ ਤੇ ਇਨ੍ਹਾਂ ਨੇ ਗੱਲ ਸਮਝੀ ਨਹੀਂ ਸੀ।

ਗੁਰੂ ਮਹਾਰਾਜ ਗੁਰੂ ਅੰਗਦ ਸਾਹਿਬ ਦੇ ਪਾਸ ਤਿੰਨ ਸਿੱਖ ਆਏ ਇਕ ਦਾ ਨਾਉਂ ਭਾਈ ਝਾਜੂ ਸੀ, ਇਕ ਦਾ ਨਾਉ ਮੁਕੰਦਾ ਸੀ, ਇਕ ਦਾ ਨਾਉਂ ਕਟਾਰੂ ਸੀ ਕਹਿਣ ਲੱਗੇ ਸੱਚੇ ਪਾਤਸ਼ਾਹ! ਕੋਈ ਤਾਂ ਬਾਣੀ ਪੜ੍ਹਦਾ ਹੈ, ਕੋਈ ਕੀਰਤਨ ਕਰਦਾ ਹੈ, ਕੋਈ ਕਥਾ ਕਰਦਾ ਤੇ ਆਪ ਸਾਨੂੰ ਇਹਦਾ ਮਹਾਤਮ ਦੱਸੋ ਅੱਡ-ਅੱਡ। ਇੱਕ ਕੀਰਤਨ ਕਰਦੇ ਨੇ ਕੀਰਤਨ ਕਰਦੇ ਵਿਚੀ ਬੋਲੀ ਜਾਂਦੇ ਨੇ। ਇੱਕ ਹੱਲੇ ਦਾ ਕੀਰਤਨ ਕਰਦੇ ਨੇ, ਅਖੰਡ ਕੀਰਤਨ ਕਰਦੇ ਨੇ। ਇੱਕ ਬਾਣੀ ਪੜ੍ਹਦੇ ਨੇ, ਮਹਾਰਾਜ ਕਹਿੰਦੇ ਦੇਖੋ, ਬਈ ਪ੍ਰੇਮੀਓਂ! ਜਿਹੜਾ ਤਾਂ ਬਾਣੀ ਪੜ੍ਹਦਾ ਹੈ ਇਹ ਤਾਂ ਆਪਣਾ ਹਲਟ ਚਲਾਉਂਦਾ ਹੈ, ਹਲਟ ਦੇ ਨਾਲ ਇਹ ਹੁੰਦਾ ਹੈ ਕਿ ਆਪਣਾ ਖੇਤ ਭਰ ਲੈਂਦਾ ਹੈ, ਔੜ ਲੱਗੀ ਹੋਵੇ ਆਪਣਾ ਖੇਤ ਵੀ ਨਹੀਂ ਭਰਦਾ। ਪਰ ਜੇ ਭਲਾ ਵਿਹਲ ਮਿਲ ਵੀ ਜਾਵੇ, ਖੂਹ 'ਚ ਜ਼ਿਆਦਾ ਪਾਣੀ ਹੋਵੇ ਤੇ ਬਲਦ ਚੰਗੇ ਹੋਣ ਤਾਂ ਕਹਿੰਦੇ ਹੋ ਸਕਦਾ ਹੈ ਗੁਆਂਢੀ ਦੇ ਖੇਤ ਵਿੱਘੇ-ਦੋ ਵਿੱਘੇ ਪਾਣੀ ਲਗ ਜਾਵੇ। ਕਹਿੰਦੇ ਇਹਦਾ ਤਾਂ ਮਹਾਤਮ ਏਨਾ ਹੀ ਹੈ। ਦੂਸਰਾ ਜਿਹੜਾ ਹੈ ਜਿਹਨੂੰ ਅਖੰਡ ਕੀਰਤਨ ਕਹਿੰਦੇ ਨੇ, ਕਹਿੰਦੇ ਇਹ ਹੁੰਦਾ ਹੈ ਛਾਛੜੇ ਦਾ ਮੀਂਹ, ਇਹ ਜਦੋਂ ਵਰ੍ਹਦਾ ਹੈ, ਗਲੀਆਂ, ਕੋਠਿਆਂ 'ਤੇ ਸਾਰੇ ਕੂੜੇ ਨੂੰ ਹੂੰਝ ਕੇ ਰੋੜ ਕੇ ਲੈ ਜਾਂਦਾ ਹੈ ਤੇ ਗਲੀਆਂ ਸਾਫ ਸੁਥਰੀਆਂ ਹੋ ਜਾਂਦੀਆਂ ਨੇ। ਤੀਸਰਾ ਜਿਹੜਾ ਹੈ ਕਹਿੰਦੇ ਇਹ ਹੋ ਜਾਂਦਾ ਹੈ, ਇਹਦੇ ਨਾਲ ਕੀ ਹੁੰਦਾ ਹੈ ਕਹਿੰਦੇ ਹੜ੍ਹ ਆ ਜਾਂਦੇ ਨੇ। ਨੀਵਿਆਂ ਥਾਵਾਂ 'ਤੇ ਪਾਣੀ ਭਰ ਜਾਂਦਾ ਹੈ, ਉੱਚੇ ਥਾਂ ਖੁਸ਼ਕ ਰਹਿ ਜਾਂਦੇ ਨੇ ਕਿਉਂਕਿ ਜ਼ੋਰ ਨਾਲ ਵਰ੍ਹਿਆ ਦਸ ਪੰਦਰਾਂ ਮਿੰਟ, ਚੀਜ਼ ਰੁੜ੍ਹਦੀ ਹੀ ਚਲੀ ਗਈ ਹੈ। ਜਿਹੜਾ ਕੀਰਤਨ ਕਰਦਾ ਹੈ ਤੇ ਸ਼ਬਦ ਦੀ ਵਿਚਾਰ ਕਰਦਾ ਹੈ ਕਹਿੰਦੇ ਇਹ ਹੈਗਾ ਨਿੱਕੀ ਕਣੀ ਦਾ ਮੀਂਹ। ਕਦੇ ਮੀਂਹ ਆ ਗਿਆ, ਥੋੜ੍ਹਾ ਜਿਹਾ ਵਰ੍ਹਿਆ, ਉਸਤੋਂ ਬਾਅਦ ਛੋਟੀਆਂ-ਛੋਟੀਆਂ ਕਣੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਨੇ, ਫੇਰ ਮਾੜਾ ਜਿਹਾ ਆ ਜਾਂਦਾ ਹੈ, ਫੇਰ ਪੈਣੀਆਂ ਸ਼ੁਰੂ ਹੋ ਜਾਂਦੀਆਂ ਨੇ। ਫੇਰ ਕਹਿੰਦੇ, ਇਹਦੇ ਨਾਲ ਪਾਣੀ ਜ਼ਾਇਆ ਨਹੀਂ ਜਾਂਦਾ, ਧਰਤੀ ਦੇ ਵਿਚ ਰਚ ਜਾਇਆ ਕਰਦਾ ਹੈ ਤੇ ਧਰਤੀ ਦੇ ਹੇਠਲੇ ਪਾਣੀ ਨਾਲ ਰਲ ਇਹ ਬੜੀ ਦੇਰ ਤਕ ਨਲਕਿਆਂ ਦਾ ਤੇ, ਪਾਣੀ ਉੱਚਾ ਰਖਦਾ ਹੈ ਧਰਤੀ ਦਾ, ਰੁੜ੍ਹਦਾ ਨਹੀਂ ਹੈ ਇਹਦੇ ਵਿੱਚ ਪਾਣੀ। ਕਹਿੰਦੇ, ਬੱਸ ਆਹੀ ਹੈ ਜਿਹੜਾ ਬਾਣੀ ਪੜ੍ਹਦਾ ਹੈ ਉਹ ਆਪਣਾ ਉਧਾਰ ਕਰਦਾ ਹੈ, ਵੱਧ ਤੋਂ ਵੱਧ ਕੋਈ ਇੱਕ ਅੱਧਾ ਸੁਣਨ ਵਾਲਾ ਕੋਲ ਹੋਇਆ ਤਾਂ ਉਹਦਾ ਵੀ ਫਾਇਦਾ ਹੋ ਜਾਂਦਾ ਹੈ, ਜੇ ਉਹ ਮਨ ਚਿੱਤ ਲਾ ਕੇ ਬਾਣੀ ਸੁਣੇ। ਦੂਸਰਾ ਕਹਿੰਦੇ ਜਿਹੜਾ ਅਖੰਡ ਕੀਰਤਨ ਹੈ ਇਹਦੇ ਨਾਲ ਇਹ ਹੁੰਦਾ ਹੈ ਜਿੰਨੇ ਬੈਠੇ ਕੀਰਤਨ ਕਰਦੇ ਨੇ ਉਸ ਵੇਲੇ ਉਨ੍ਹਾਂ ਦੇ ਮਨਾਂ ਦੇ ਫੁਰਨੇ ਰੋੜ੍ਹ ਕੇ ਲੈ ਜਾਏਗਾ ਉਹਨੂੰ, ਗੱਲ ਕਿੰਨੀ ਕੁ ਜਾਂਦੀ ਹੈ ਇਹ ਕਹਿੰਦੇ ਦੂਸਰਾ ਸਵਾਲ ਹੈ, ਬਾਣੀ ਦਾ ਰਸ ਆਏਗਾ, ਸਾਜਾਂ ਦਾ ਰਸ ਆਏਗਾ, ਬੋਲਣ ਦਾ ਰਸ ਆਏਗਾ; ਲੇਕਿਨ ਏਸੇ ਤਰ੍ਹਾਂ ਹੋਏਗਾ।

ਤੀਸਰਾ ਹੁੰਦਾ ਹੈ ਸ਼ਬਦ ਵੀ ਪੜ੍ਹ ਲਿਆ, ਬਾਣੀ ਦੀ ਵਿਚਾਰ ਵੀ ਕਰ ਲਈ ਕਹਿੰਦੇ ਇਹ ਨਿੱਕੀ ਕਣੀ ਦਾ ਮੀਂਹ ਹੋਇਆ ਕਰਦਾ ਹੈ। ਸੋ ਜਿਹੜਾ ਕਥਾ ਤੇ ਕੀਰਤਨ ਹੈ ਇਹ ਤਾਂ ਹੈਗੀ ਮਾਂ, ਤੇ ਜਿਹੜਾ ਅਖੰਡ ਕੀਰਤਨ ਹੈ ਇਹ ਪੁੱਤਰ ਹੈ। ਲੇਕਿਨ ਇਨ੍ਹਾਂ ਸਾਰਿਆਂ ਦਾ ਜਿਹੜਾ ਪਿਉ ਹੈ ਉਹ ਪ੍ਰੇਮ ਹੈ, ਪ੍ਰੇਮ ਹੋਵੇ ਤਾਂ ਪੁੱਤਰ ਦਾ ਜਨਮ ਹੁੰਦਾ ਹੈ। ਸੋ ਇਸ ਕਰਕੇ ਕੀਰਤਨ ਕਰਨ ਦੇ ਵਿੱਚ ਭੇਦ ਹੈ। ਮਹਾਰਾਜ ਫੁਰਮਾਨ ਕਰਦੇ ਨੇ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥***

***ਅੰਗ-੧੦੭੫***

ਲੇਕਿਨ ਇਹ ਪ੍ਰਾਪਤ ਨਹੀਂ ਹੋਇਆ ਕਰਦਾ ਜਦੋਂ ਤਕ ਕੋਈ ਲੇਖ ਗੁਪਤ ਰੂਪ ਦੇ ਅੰਦਰ ਮੱਥੇ ਦੇ ਵਿੱਚ ਨਾ ਲਿਖਿਆ ਜਾਵੇ। ਉਹਦਾ ਸਮਾਂ ਪ੍ਰਗਟ ਹੋਣ ਦਾ ਨਾ ਆਵੇ। ਕੋਲ ਰਹਿੰਦਾ ਹੋਇਆ ਬੰਦਾ ਨਾ ਹਰੀ ਜਸ ਕਰ ਸਕਦਾ ਹੈ, ਨਾ ਸਤਿਸੰਗ ਦਾ ਲਾਹਾ ਪ੍ਰਾਪਤ ਕਰ ਸਕਦਾ। ਨਾ ਇੱਥੇ ਰੋਕ ਹੈ ਕਿਸੇ ਨੂੰ ਬੰਧਸ਼ ਨਹੀਂ ਕੋਈ ਆਓ। ਲੇਕਿਨ ਸਭ ਕੁਛ ਹੁੰਦੇ ਹੋਏ ਫੇਰ ਕਿਉਂ ਨਹੀਂ ਆਉਂਦੇ। ਮਹਾਰਾਜ ਕਹਿੰਦੇ ਇਸ ਕਰਕੇ ਨਹੀਂ ਆਉਂਦੇ ਕਿ ਇਹ ਪ੍ਰਾਪਤ ਨਹੀਂ ਹੁੰਦਾ, ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਸਿਰ ਕਰਮਨ ਕੇ ਕਰਮਾ ਜੀ,***
***ਹਰਿਕੀਰਤ ਸਾਧਸੰਗਤ ਹੈ।***

***ਹਰਿ ਕੀਰਤਿ ਸਾਧਸੰਗਤਿ ਹੈ***

***ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨***

ਮਹਾਰਾਜ ਕਹਿੰਦੇ, ਸਾਰੇ ਸੰਸਾਰ ਦੇ ਅੰਦਰ, ਕਲਜੁਗ ਦੇ ਕਰਮਾਂ 'ਚ ਸ਼੍ਰੋਮਣੀ ਜੋ ਕਰਮ ਨੇ ਦੋ ਨੇ, ਹਰੀ ਦਾ ਜਸ ਕਰਨਾ ਤੇ ਸਾਧੂਆਂ ਦੀ ਸੰਗਤ ਕਰਨੀ। ਲੇਕਿਨ ਇਹ ਮਿਲਦੀ ਨਹੀਂ -

***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨***

ਜਿਹਦੇ ਮੱਥੇ ਵਿੱਚ ਲੇਖ ਲਿਖਿਆ ਹੋਵੇ ਉਹਨੂੰ ਤਾਂ ਪ੍ਰਾਪਤ ਹੋ ਜਾਂਦੀ ਹੈ, ਦੂਜੇ ਵਾਂਝੇ ਰਹਿ ਜਾਂਦੇ ਨੇ। ਕੋਲ ਹੁੰਦਿਆ ਨੂੰ ਨਹੀਂ ਪਤਾ ਲਗਦਾ। ਸੋ ਕੀਰਤਨ ਕਰਨ ਦੇ ਅੰਦਰ ਭੇਤ ਹੈ। ਆਹ ਜੇ ਗੱਲ ਕੀਰਤਨ ਕਰਨ ਵਾਲਿਆਂ ਦੇ ਸਮਝ ਵਿੱਚ ਆ ਜਾਵੇ ਤਾਂ ਥੋੜ੍ਹੀ ਜਿਹੀ ਮਿਹਨਤ ਨਾਲ ਬਹੁਤ ਵੱਡਾ ਫਲ ਪ੍ਰਾਪਤ ਕਰ ਸਕਦੇ ਨੇ। ਮਹਾਰਾਜ ਜੀ ਇੱਕ ਸ਼ਬਦ ਦੇ ਅੰਦਰ ਫੁਰਮਾਨ ਕਰਦੇ ਨੇ -

***ਭਲੋ ਭਲੋ ਰੇ ਕੀਰਤਨੀਆ ॥***
***ਰਾਮ ਰਮਾ ਰਾਮਾ ਗੁਨ ਗਾਉ ॥***
***ਛੋਡਿ ਮਾਇਆ ਕੇ ਧੰਧ ਸੁਆਉ ॥ ਅੰਗ - ੮੮੫***

ਆਹ ਵਿਚਾਰ ਕਰਨ ਵਾਲੀ ਬਾਤ ਹੈ ਕਿ ਪ੍ਰਮੇਸ਼ਰ ਜੋ ਸਾਰੇ ਪਰੀਪੂਰਨ ਹੈ, ਜਦੋਂ ਕੀਰਤਨ ਕਰਨ ਵਾਸਤੇ ਬੈਠਦੇ ਓਂ, ਪਹਿਲਾਂ ਬਿਰਤੀ ਨੂੰ ਖਿੱਚ ਕੇ ਅੰਦਰ ਲਿਜਾ ਕੇ ਸੁਰਤ ਨੂੰ ਟਿਕਾਓ, ਧਿਆਨ ਵਿੱਚ ਲੈ ਕੇ ਜਾਓ ਜਿਹਨੂੰ ਮਹਾਰਾਜ ਨੇ ਲਿਖਿਆ ਹੈ -

***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਅੰਗ - ੧੦੨੫***

ਉਹ ਧਿਆਨ ਕਿਹੜਾ ਹੈ, ਇਹ ਸਚਾਈ ਹੈ ਕਿ ਵਾਹਿਗੁਰੂ ਜੀ ਸਾਰੇ ਪਰੀਪੂਰਨ ਨੇ। ਲੇਕਿਨ ਅਸੀਂ ਹਰ ਵਕਤ ਭੁੱਲੇ ਰਹਿੰਦੇ ਹਾਂ। ਉਹ ਪ੍ਰਮੇਸ਼ਰ ਜੋ ਰਮਿਆ ਹੋਇਆ ਹੈ ਉਹ ਸਾਡੇ ਨਾਲ ਹੈ, ਚਾਰੇ ਪਾਸੇ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ***
***ਨ ਘਾਟਿ ਬਾਢਿ ਹੋਤ ਹੈ॥ ਅਕਾਲ ਉਸਤਤਿ***

ਸੁਰਾਂ ਨਾਲੋਂ, ਤਾਲ ਨਾਲੋਂ, ਤਾਣ ਨਾਲੋਂ ਜ਼ਰੂਰੀ ਹੈ ਕਿ ਉਥੇ ਸੁਰਤ ਜਾਵੇ। ਜਦੋਂ ਉਥੇ ਸੁਰਤ ਚਲੀ ਗਈ, ਕਹਿੰਦੇ -

***ਰਾਮ ਰਮਾ ਰਾਮਾ ਗੁਨ ਗਾਉ ॥***
***ਛੋਡਿ ਮਾਇਆ ਕੇ ਧੰਧ ਸੁਆਉ ॥ ਅੰਗ - ੮੮੫***

ਇਹਦੇ ਵਿੱਚ ਹੁਣ ਐਉਂ ਨਾ ਕਹੋ ਕਿ ਮੈਨੂੰ ਕੋਈ ਚੰਗਾ ਕਹੇ, ਮੇਰੇ ਸੁਰ ਦੀ ਪ੍ਰਸੰਸਾ ਕਰੇ। ਮੈਂ ਆਹ ਰਾਗ ਚੰਗੀ ਤਰ੍ਹਾਂ ਨਾਲ ਗਾ ਸਕਦਾ ਹਾਂ। ਇਹ ਕਹਿੰਦੇ ਸਾਰੇ ਮਾਇਆ ਦੇ ਧੰਦ ਨੇ, ਇਹ ਛੱਡ ਦਿਓ। ਕੋਈ ਵੀ ਵਾਸ਼ਨਾ ਨਾ ਕਰੋ ਕਿ ਕੋਈ ਮੇਰੀ ਪ੍ਰਸੰਸਾ ਕਰੇ ਜਾਂ ਮੈਨੂੰ ਇਹਦੇ ਇਵਜ਼ਾਨੇ 'ਚ ਕੁਛ ਦੇਵੇ। ਕਹਿੰਦੇ, ਇਹ ਛੱਡ ਕੇ ਕੀਰਤਨ ਕਰੋ। ਫੇਰ -

***ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥***
***ਅੰਗ - ੮੮੫***

ਪੰਜ ਸਾਜ ਨਾਲ ਲਵੇ, ਇਹ ਗੱਲ ਹੁਣ ਸਮਝਣ ਵਾਲੀ ਹੈ ਕਿ ਕਿਹੜੇ ਪੰਜ ਸਾਜ ਲਵੇ? ਕਹਿੰਦੇ ਪਹਿਲਾਂ ਤਾਂ ਸਤਿ ਦਾ ਸਾਜ ਲਵੋ, ਸਤਿ ਹੈ ਵਾਹਿਗੁਰੂ। ਦੂਸਰਾ ਹੈ ਸੰਤੋਖ, ਤੀਸਰਾ ਹੈ ਧੀਰਜ, ਚੌਥਾ ਧਰਮ, ਪੰਜਵਾਂ ਹੈ ਵਿਚਾਰ। ਇਨ੍ਹਾਂ ਦੇ ਤਾਂ ਸਾਜ ਲਵੇ ਜਿਹੜੇ ਨਾਲ ਚਿਮਟੇ, ਢੋਲਕੀਆਂ ਵਜਦੇ ਨੇ। ਸਤਿ ਦਾ, ਸੰਤੋਖ ਦਾ, ਧੀਰਜ ਦਾ, ਧਰਮ ਦਾ, ਵਿਚਾਰ ਦਾ ਤੇ ਸੱਤ ਸੁਰਾਂ ਜਿਹੜੀਆਂ ਵਜਾਉਣੀਆਂ ਨੇ, ਸੱਤ ਸੁਰਾਂ ਦੇ ਉਤੇ ਉਂਗਲੀਆਂ ਰੱਖੇ, ਕਿਹੜੀਆਂ ਨੇ ਸੱਤ ਸੁਰਾਂ। ਕਹਿੰਦੇ ਇੱਕ ਤਾਂ ਹੈ ਕਰੁਣਾ - ਦਇਆ ਕਰਨੀ ਗਰੀਬ ਦੇ ਉਤੇ, ਮੈਤਰੀ - ਪਿਆਰ ਦੇ ਨਾਲ ਵਰਤਣਾ ਸਾਰਿਆਂ ਦੇ ਨਾਲ, ਮੁਦਤਾ - ਪ੍ਰਸੰਸਾ ਕਰਨੀ ਜਿਹਨੂੰ ਪ੍ਰਮੇਸ਼ਰ ਨੇ ਵੱਧ ਦਿਤਾ ਹੈ ਜਾਂ ਕੋਈ ਗੁਣ ਦਿੱਤਾ ਹੈ ਉਹਦੀ ਪ੍ਰਸੰਸਾ ਕਰਨੀ। ਉਪੇਖਿਆ - ਲੜਾਈ, ਝਗੜੇ ਵਲੋ ਉਦਾਸ ਬਿਰਤੀ ਧਾਰਨ ਕਰਨੀ, ਖਿਮਾ - ਸ਼ਾਂਤੀ, ਸ਼ਰਧਾ। ਇਹ ਸੱਤ ਸੁਰਾਂ ਨੇ।

***ਬਾਜਾ ਮਾਣੁ ਤਾਣੁ ਤਜਿ***
***ਤਾਨਾ ਪਾਉ ਨ ਬੀਗਾ ਘਾਲੈ ॥***
***ਫੇਰੀ ਫੇਰੁ ਨ ਹੋਵੈ ਕਬ ਹੀ***
***ਏਕੁ ਸਬਦੁ ਬੰਧਿ ਪਾਲੈ ॥ ਅੰਗ - ੮੮੫***

ਕਹਿੰਦੇ ਜਿਹੜਾ ਤਾਣ ਦੇਣਾ ਹੈ, ਵਜਾਉਂਦੇ ਨੇ, ਤਾਣ ਦਿੰਦੇ ਨੇ, ਤੋੜਾ ਦਿੰਦੇ ਨੇ, ਕਹਿੰਦੇ ਮਾਣ ਤਜ ਦੇ, ਮਾਣ ਬਿਲਕੁਲ ਹੀ ਖਤਮ ਕਰ ਦੇ ਆਪਣਾ। ਵਾਹਿਗੁਰੂ ਤੋਂ ਬੇਮੁੱਖ ਹੋਣ ਦੀ ਕੋਈ ਗੱਲ ਨਾ ਕਰੇ। ਜਿਹੜਾ ਕੀਰਤਨੀਆਂ ਇਸ ਤਰ੍ਹਾਂ ਕੀਰਤਨ ਕਰ ਲਏਗਾ ਉਹ 84 ਦੇ ਵਿਚ ਮੁੜ ਕੇ ਕਦੇ ਨਹੀਂ ਆਏਗਾ। ਇੱਕ ਸ਼ਬਦ ਨੂੰ ਪੱਲੇ ਬੰਨ੍ਹ ਲੈ।

ਇਹ ਸਾਰਿਆਂ ਨੂੰ ਨਹੀਂ ਆਉਂਦਾ ਸਾਧਸੰਗਤ ਜੀ! ਸਾਜ ਤਾਂ ਸਾਰੇ ਵਜਾਉਂਦੇ ਨੇ, ਬੜੀਆਂ ਸੋਹਣੇ ਰਸੀਲੇ ਕੀਰਤਨ ਨੇ, ਮੋਹ ਲੈਂਦੇ ਨੇ ਹਜ਼ਾਰਾਂ ਬੰਦਿਆਂ ਨੂੰ। ਪਰ ਜੇ ਕਿਤੇ ਇਹ ਕੀਰਤਨ ਹੋ ਜਾਵੇ ਤਾਂ ਸਾਰੀ ਉਲਟ ਕੇ ਹੀ ਬਹਿ ਜਾਏ, ਉਹ ਤਾਂ ਪ੍ਰਮੇਸ਼ਰ ਨਾਲ ਮਿਲੇ ਹੋਏ ਪੁਰਸ਼ ਹੋਇਆ ਕਰਦੇ ਨੇ। ਤੇ ਇਹ ਦਾਤ ਹੈ ਵਾਹਿਗੁਰੂ ਦੀ। ਜਿਹਨੂੰ ਦਿੰਦਾ ਹੈ ਉਹਨੂੰ ਪ੍ਰਾਪਤ ਹੁੰਦੀ ਹੈ ਇਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਓਹੀਓ ਗੁਣ ਗਾਉਂਦੇ ਨੇ***
***ਜਿਸਨੂੰ ਤੂੰ ਆਪ ਦੇਵੇਂ।***

ਜਿਸਨੂੰ ਵਾਹਿਗੁਰੂ ਦਿੰਦਾ ਹੈ ਜਦ ਓਹੀ ਕਰ ਸਕਦਾ ਹੈ, ਦੂਸਰਾ ਨਹੀਂ ਕਰ ਸਕਦਾ। ਦੂਸਰਾ ਜੇ ਕਰਦਾ ਵੀ ਹੈ ਤਾਂ ਉਪਰੋਂ-ਉਪਰੋਂ ਕਰਦਾ ਹੈ। ਉਹਦੇ ਥਕੇਵਾਂ ਪੱਲੇ ਪਿਆ ਕਰਦਾ ਹੈ। ਥੱਕ ਜਾਂਦਾ ਹੈ, ਘੰਟੇ ਦੇ ਬਾਅਦ। ਸਿਰ ਫੜ ਲਏਗਾ ਕਿ ਮੇਰੇ ਤੋਂ ਤਾਂ ਘੰਟੇ ਤੋਂ ਵੱਧ ਨਹੀਂ ਹੁੰਦਾ ਕਿਉਂਕਿ ਜਸ ਕਰਨ ਦੀ ਜਾਂਚ ਨਹੀਂ ਆਈ ਇਹਦੇ ਅੰਦਰ। ਕਰਦਾ ਹੈਗਾ -

***ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥***
***ਅੰਗ - ੭੮੭***

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਜਿਨ ਹਰਿ ਹਿਰਦੈ ਸੇਵਿਆ***
***ਤਿਨ ਹਰਿ ਆਪਿ ਮਿਲਾਏ ॥***

***ਗੁਣ ਕੀ ਸਾਝਿ ਤਿਨ ਸਿਉ ਕਰੀ***
***ਸਭਿ ਅਵਗਣ ਸਬਦਿ ਜਲਾਏ ॥ ਅੰਗ - ੩੦੩***

ਗੁਣਾਂ ਦੀ ਸਾਂਝ ਕਹਿੰਦੇ ਉਨ੍ਹਾਂ ਨਾਲ ਕਰੋ ਜਿਹਨੇ ਸ਼ਬਦ ਦੇ ਨਾਲ ਸਾਰੇ ਅਉਗਣ ਜਲਾ ਦਿੱਤੇ।

***ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ***
***ਪਾਏ ॥ ਬਲਿਹਾਰੀ ਗੁਰ ਆਪਣੇ***
***ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥***
***ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥***
***ਅੰਗ - ੩੦੩***

ਜਿਹਨੂੰ ਪ੍ਰਮੇਸ਼ਰ ਦਿੰਦਾ ਹੈ ਉਸੇ ਨੂੰ ਹੀ ਇਹ ਦਾਤ ਪ੍ਰਾਪਤ ਹੁੰਦੀ ਹੈ। ਹਰੀ ਦੇ ਜਸ ਕਰਨ ਦਾ ਗੁਣ ਪ੍ਰਗਟਾਅ ਦਿੱਤਾ, ਅਉਗਣ ਸਾਰੇ ਮੇਟ ਦਿੱਤੇ। ਸੋ ਗੁਣ ਜਿਹੜਾ ਹੈ ਸਾਧਸੰਗਤ ਜੀ! ਜਿੰਨਾਂ-ਜਿੰਨਾਂ ਵਧੇਗਾ, ਜਿੰਨਾਂ-ਜਿੰਨਾਂ ਜਸ ਕਰੇਗਾ, ਜਿੰਨਾਂ ਕੀਰਤਨ ਕਰੇਗਾ, ਇੱਥੇ ਸਾਵਧਾਨੀ ਦੀ ਲੋੜ ਹੈ। ਹਰੀ ਦਾ ਜਸ ਕਰਨਾ ਹੈ ਭੌਰਿਆਂ ਨੇ ਆਉਣਾ ਹੈ, ਉਨ੍ਹਾਂ ਨੇ ਸੁਣਨਾ ਹੈ ਸੁਣ ਕੇ ਪ੍ਰਸੰਸਾ ਕਰਨੀ ਹੈ। ਪ੍ਰਸੰਸਾ ਜਿਹੜੀ ਹੈ ਇਹ ਇੱਕ ਬੜੀ ਭਾਰੀ ਰੁਕਾਵਟ ਹੈ, ਆਦਮੀ ਦੀ ਰੂਹਾਨੀ ਤਰੱਕੀ 'ਚ ਤੇ ਜੇ ਤਾਂ ਗੁਣ ਦਾ ਰਸ ਲੈ ਰਿਹਾ ਹੈ। ਰਸੀਆ ਬਣ ਗਿਆ ਫੇਰ ਤਾਂ ਉਹ ਨਿਕਲ ਜਾਏਗਾ, ਜੇ ਗੁਣ ਨੇ ਉਸਨੂੰ ਉਸਤਤ ਵਿੱਚ ਪ੍ਰਵੇਸ਼ ਕਰਾ ਦਿੱਤਾ, ਮਹਿਮਾ 'ਚ ਪ੍ਰਵੇਸ਼ ਕਰਾ ਦਿੱਤਾ ਕਿ ਫਲਾਣੇ ਦੀ ਆਸਾ ਦੀ ਵਾਰ ਬੜੀ ਸੋਹਣੀ, ਫਲਾਣੇ ਦਾ ਕੀਰਤਨ ਬੜਾ ਸੋਹਣਾ ਹੈ, ਦੀਵਾਨ ਬੜਾ ਸੋਹਣਾ ਹੈ; ਉਹਦੇ ਮੂੰਹ 'ਤੇ ਕਹਿਣ ਲੱਗੇ ਤੁਹਾਡਾ ਦੀਵਾਨ ਬਹੁਤ ਵਧੀਆ ਹੈ, ਵਖਿਆਨ ਤੁਹਾਡਾ ਬੜਾ ਵਧੀਆਂ ਹੈ, ਇਹ ਉਸਤਤ ਦੇ ਵਿਚ ਅਸੀਂ ਪ੍ਰਵੇਸ਼ ਕਰ ਗਏ, ਰਸਤਾ ਖੁੰਝ ਗਿਆ ਸਾਡਾ, ਗੁਣ ਦਾ ਅਸੀਂ ਰਸ ਨਹੀਂ ਮਾਣ ਸਕੇ। ਉਸਤਤ ਦਾ ਰਸ ਮਾਣਨਾ ਸ਼ੁਰੂ ਕਰ ਦਿੱਤਾ। ਜਿਹੜੀ ਉਸਤਤ ਹੈ ਇਸ ਤੋਂ ਹਉਮੈ ਪੈਦਾ ਹੁੰਦੀ ਹੈ। ਜਦੋਂ ਹਉਮੈ ਪੈਦਾ ਹੋ ਗਈ, ਸਾਡਾ ਮਨ ਅਹੰਕਾਰੀ ਹੋ ਜਾਏਗਾ। ਫੇਰ ਅਸੀਂ ਕਿਸੇ ਦੀ ਪ੍ਰਵਾਹ ਨਹੀਂ ਕਰਨੀ ਕਿ ਕੌਣ ਹੈ, ਕਿਹਦੇ ਨਾਲ ਅਸੀਂ ਗੱਲ ਕਰਦੇ ਹਾਂ। ਫੇਰ ਬੇਅਦਬੀ ਕਰਾਂਗੇ, ਅਭਿਮਾਨ ਸਾਡੇ ਅੰਦਰ ਅਸਰ ਕਰ ਗਿਆ। ਜਦੋਂ ਅਭਿਮਾਨ ਆ ਗਿਆ ਫੇਰ ਅੰਦਰਲੇ ਸੁਰ ਦਾ ਵੀ ਰਸ ਜਾਂਦਾ ਰਹੇਗਾ। ਪਹਿਲਾਂ ਤਾਂ ਸੁਰਾਂ ਦਾ ਰਸ ਹੋਰ ਹੁੰਦਾ ਹੈ, ਬਾਣੀ ਦਾ ਰਸ ਹੋਰ ਹੁੰਦਾ ਹੈ, ਧਿਆਨ ਦਾ ਰਸ ਹੋਰ ਹੁੰਦਾ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕਰੀ ਸੀ ਜਦੋਂ ਪ੍ਰਮੇਸ਼ਰ ਦੇ ਨਾਲ ਸੁਰਤ ਜੋੜ ਕੇ ਆਦਮੀ ਹਰੀ ਦਾ ਜਸ ਕਰਦਾ ਹੈ। ਫੇਰ ਚਾਹੇ ਚੌਦਾਂ ਘੰਟੇ ਕਰਾ ਲਓ, ਚਾਹੇ ਚੌਵੀ ਕਰਾ ਲਓ, ਉਹਨੇ ਤਾਂ ਕਰੀ ਜਾਣਾ ਹੈ। ਟਾਈਮ ਨਹੀਂ ਉਥੇ ਕੋਈ ਹੋਇਆ ਕਰਦਾ। ਜਿਥੇ ਉਸਤਤ ਹੋਏਗੀ ਉਥੇ ਸਮਾਂ ਆ ਜਾਏਗਾ। ਫੇਰ ਉਹਦਾ ਥਕੇਵਾਂ ਵੀ ਉਹਨੂੰ ਹੋਣਾ ਸ਼ੁਰੂ ਹੋ ਜਾਏਗਾ। ਕੁਛ ਉਸਤਤ ਦਾ ਰਸ ਉਸਨੂੰ ਕੰਮ ਕਰਾਈ ਜਾਏਗਾ। ਕਿਉਂਕਿ ਇਹ ਵੀ ਇੱਕ ਰਸ ਹੈ, ਹੈ ਤਾਂ ਕੁ-ਰਸ, ਪਰ ਇਹ ਕੁ-ਰਸ ਕੁਛ ਦੇਰ ਤਕ ਆਦਮੀ ਦੇ ਮਨ ਨੂੰ ਬਹਿਲਾਅ ਕੇ ਰਖਦਾ ਹੈ। ਇਹ ਹੌਲੀ-ਹੌਲੀ ਹਉਮੈ ਪੈਦਾ ਹੁੰਦੀ ਹੈ, ਜੇ ਹਉਮੈ ਪੈਦਾ ਹੋ ਗਈ, ਫੇਰ ਉਹਦਾ ਪੱਧਰ 'ਤੇ ਆ ਜਾਂਦਾ ਹੈ। ਅਹੰਕਾਰੀ ਮਨ ਹੋ ਜਾਂਦਾ ਹੈ। ਫੇਰ ਉਹਨੂੰ ਗੱਲਾਂ ਚੰਗੀਆਂ ਨਹੀਂ ਲਗਦੀਆਂ। ਆਪਣਿਆਂ ਨਾਲ ਹੀ ਲੜਨ ਲਗ ਜਾਂਦਾ ਹੈ। ਪਿਆਰ ਉਹਦੇ 'ਚੋਂ ਖਤਮ ਹੋ ਜਾਂਦਾ ਹੈ, ਕਿਉਂਕਿ ਮਨ ਅਹੰਕਾਰੀ ਹੋ ਗਿਆ। ਇਹ ਫੇਰ ਮਨ ਜਿਹੜਾ ਹੈ ਇਹ ਮਾਇਆ ਦਾ ਅਸਰ ਕਬੂਲ ਲੈਂਦਾ ਹੈ। ਮਾਇਆ ਦਾ ਅਸਰ ਕਬੂਲ ਕੇ ਇਹ ਰਸ ਹੀਣਾ ਹੋ ਜਾਇਆ ਕਰਦਾ ਹੈ ਤੇ ਫੇਰ ਇਕ ਛਲ ਇਹਦੇ ਉਤੇ ਹਾਵੀ ਹੋ ਜਾਂਦਾ ਹੈ। ਮਾਇਆਵੀ ਛਲ, ਰਸ ਅਲੋਪ ਹੋ ਜਾਂਦਾ ਹੈ ਤੇ ਹੁਣ ਅਧਾਰ ਕੀ ਬਣ ਗਿਆ ਮਾਣ ਬਣ ਗਿਆ ਕੀਰਤਨ ਦਾ। ਮਹਾਰਾਜ ਕਹਿੰਦੇ ਪ੍ਰੇਮੀਆਂ! ਜੇ ਤੇਰੇ ਕੋਲ ਗੁਣ ਹੋਣ ਨਾ, ਇਨ੍ਹਾਂ ਨੂੰ ਸਾਂਝਾ ਕਰ ਅਧਾਰ ਤੇਰਾ ਜਸ ਹੋਣਾ ਚਾਹੀਦਾ ਹੈ ਨਾ ਕਿ ਮਾਣ ਹੋਣਾ ਚਾਹੀਦਾ ਹੈ। ਐਸਾ ਮਹਾਰਾਜ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਨਾਮ ਮੇਰਾ ਅਧਾਰੋ,***
***ਸਾਚਾ ਨਾਮ ਮੇਰਾ ਅਧਾਰੋ।***

***ਸਾਚਾ ਨਾਮੁ ਮੇਰਾ ਆਧਾਰੋ ॥***
***ਸਾਚੁ ਨਾਮੁ ਅਧਾਰੁ ਮੇਰਾ***
***ਜਿਨਿ ਭੁਖਾ ਸਭਿ ਗਵਾਈਆ ॥***
***ਕਰਿ ਸਾਂਤਿ ਸੁਖ ਮਨਿ ਆਇ ਵਸਿਆ***
***ਜਿਨਿ ਇਛਾ ਸਭਿ ਪੁਜਾਈਆ ॥ ਅੰਗ - ੯੧੭***

ਸੋ ਇਹ ਆਧਾਰ ਜੇ ਤਾਂ ਨਾਮ ਬਣਾ ਲਓ, ਮੈਂ ਸਾਰੀ art ਦੀ ਗੱਲ ਕਰਦਾ ਹਾਂ, ਵਿਚੇ ਕੀਰਤਨ, ਵਿਚੇ ਕਥਾ ਕਰਨ ਵਾਲੇ, ਵਿਚੇ ਲੈਕਚਰ ਦੇਣੇ, ਵਿਚੇ ਸ਼ੁੱਧ ਪਾਠ ਕਰਨਾ, ਬਹੁਤ ਵਧੀਆਂ ਗਲਾ ਹੋ ਜਾਣਾ, ਜਾਂ ਕੋਈ ਚਿਤਰਕਾਰ ਹੈ ਉਹ ਵੀ Art (ਕਲਾ) ਹੈ, ਜਿੰਨਾਂ ਚਿਰ ਤਾਂ ਉਹ ਆਰਟ ਦਾ ਰਸ ਲੈਂਦਾ ਹੈ ਓਨਾਂ ਚਿਰ ਤਾਂ ਉਹ ਸ਼ਾਂਤੀ 'ਚ ਰਹੇਗਾ, ਜਦੋਂ ਆਰਟ ਦਾ ਮਾਣ ਪ੍ਰਾਪਤ ਕਰਨਾ ਸ਼ੁਰੂ ਕਰ ਦਏਗਾ ਤੇ ਮਨ ਵਿੱਚ ਅਭਿਮਾਨ ਆ ਜਾਏਗਾ, ਉਸ ਵੇਲੇ ਰਸ ਖਤਮ ਹੋ ਜਾਏਗਾ, ਸੋ ਕਿਉਂਕਿ ਅਸੀਂ ਕੀਰਤਨ ਦੀ ਗੱਲ ਕਰਦੇ ਹਾਂ। ਸੋ ਇੱਥੇ ਹੀ ਮੈਂ ਕੇਂਦਰਤ ਰਹਿਣਾ ਚਾਹੁੰਦਾ ਹਾਂ ਕਿ ਹਰੀ ਦਾ ਜਸ ਬਹੁਤ ਵੱਡੀ ਚੀਜ਼ ਹੈ, ਪ੍ਰਧਾਨਗੀ ਹੈ ਇਸਨੂੰ ਕਿਵੇਂ ਸਫਲਤਾ ਦੇ ਨਾਲ, ਇਹਦੇ ਵਿੱਚੋਂ ਉਹ ਚੀਜ਼ ਲੈ ਸਕਦੇ ਹਾਂ ਜੋ ਗੁਰੂ ਮਹਾਰਾਜ ਨੇ ਕਿਹਾ ਹੈ -

***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥***
***ਅੰਗ - ੧੦੭੬***

ਇਹ ਗੱਲ ਤਾਂ ਗਲਤ ਨਹੀਂ ਹੋ ਸਕਦੀ, ਆਪ ਵੀ ਤਰੇਗਾ ਤੇ ਨਾਲ ਆਪਣੀਆਂ ਕੁਲਾਂ ਨੂੰ ਵੀ ਤਾਰੇਗਾ ਤੇ ਦਰਗਾਹ ਵਿੱਚ ਪਤ ਨਾਲ ਜਾਏਗਾ, ਉਹਦਾ ਜੀਵਨ ਬਦਲੇਗਾ। ਜੀਵਨ ਉਹ ਨਹੀਂ ਰਹੇਗਾ, ਜੋ ਸੰਸਾਰੀਆਂ ਦਾ ਉਹਦਾ ਪਹਿਲਾ ਜੀਵਨ ਸੀ, ਜਦੋਂ ਰਸ ਆਏਗਾ, ਰਸ ਨੇ ਜੀਵਨ ਓਹਦਾ ਕੁਦਰਤੀ ਤੌਰ ਤੇ ਬਣਾਉਣਾ ਹੈ। ਜੇ ਉਸ ਰਸ ਦਾ ਮਾਣ ਆ ਜਾਏਗਾ, ਫੇਰ ਉਹ ਗਲਤ ਹੋ ਜਾਏਗਾ। ਸੋ ਮਹਾਰਾਜ ਕਹਿੰਦੇ, ਮਾਣ ਨਾ ਕਰ, ਪ੍ਰੇਮੀਆਂ! ਇਹ ਤੂੰ ਮਾਇਆ ਦੇ ਵਿਚ ਚਲਿਆ ਜਾਏਂਗਾ, ਉਸਤਤਿ ਨਿੰਦਾ 'ਚ ਚਲਿਆ ਜਾਏਂਗਾ, ਤੇਰੇ ਵਾਸਤੇ ਬੰਧਨ ਬਣ ਜਾਣਾ ਹੈ ਇਹ ਚੀਜ਼।

ਭਗਤ ਨਾਮਦੇਵ ਜੀ, ਆਪ ਦਾ ਪਰਉਪਕਾਰੀ ਜੀਵਨ ਸੀ। ਬੱਚਿਆਂ ਨੂੰ ਵੀ ਪੜ੍ਹਾ ਦਿਆ ਕਰਦੇ ਸੀ। ਬਹੁਤ ਸਾਰੇ ਬੱਚੇ ਉਨ੍ਹਾ

ਕੋਲ ਆ ਕੇ ਵਿਦਿਆ ਪ੍ਰਾਪਤ ਕਰਦੇ ਸੀ। ਆਪਣਾ ਕੰਮ ਵੀ ਕਰਦੇ ਸੀ, ਨਾਲ ਥੋੜ੍ਹਾ ਬਹੁਤਾ ਸਮਾਂ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਵੀ ਕੱਢ ਲੈਂਦੇ ਸੀ ਤੇ ਉਸੇ ਸ਼ਹਿਰ ਦੇ ਇੱਕ ਸੇਠ ਨੇ ਸੁਣਿਆ ਕਿ ਜਿਹੜੇ ਬੱਚੇ ਨਾਮਦੇਵ ਜੀ ਕੋਲ ਪੜ੍ਹ ਕੇ ਆ ਜਾਂਦੇ ਨੇ, ਚਾਹੇ ਸਾਲ ਲਾਉਂਦੇ ਨੇ, ਚਾਹੇ ਦੋ ਸਾਲ, ਉਨ੍ਹਾਂ ਦਾ ਜੀਵਨ ਦੂਸਰੇ ਬੱਚਿਆਂ ਨਾਲੋਂ ਬਿਲਕੁਲ ਵੱਖਰਾ ਰਹਿੰਦਾ ਹੈ ਤੇ ਕੁਛ ਹੋਰ ਤਰ੍ਹਾਂ ਦਾ ਜੀਵਨ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਚੜ੍ਹਦੀ ਕਲਾ ਵਾਲੇ ਹੁੰਦੇ ਨੇ ਕਿ ਸੋਝੀ 'ਚ ਇਨ੍ਹਾਂ ਦੀ ਫਰਕ ਹੈ। ਜਿਹੜੇ ਵਿਦਿਆਲਿਆਂ 'ਚ ਪੜ੍ਹਦੇ ਨੇ ਉਨ੍ਹਾਂ ਦਾ ਜੀਵਨ ਹੋਰ ਤਰ੍ਹਾਂ ਦਾ ਹੁੰਦਾ ਹੈ। ਸੋ ਉਹਨੇ ਆਪਣੇ ਬੱਚੇ ਨੂੰ ਨਾਮਦੇਵ ਜੀ ਦੇ ਪਾਸ ਪੜ੍ਹਨੇ ਪਾਉਣ ਵਾਸਤੇ ਲੈ ਕੇ ਜਾਂਦਾ ਹੈ ਤੇ ਨਾਮਦੇਵ ਜੀ ਨੂੰ ਕਿਹਾ ਕਿ ਇਸ ਬੱਚੇ ਨੂੰ ਮੈਂ ਆਪ ਦੇ ਕੋਲ ਪੜ੍ਹਾਉਣਾ ਹੈ। ਕਹਿੰਦੇ, ਕੋਈ ਨਾ ਛੱਡ ਜਾਓ। ਆਪ ਕਿਸੇ ਰੰਗ ਵਿੱਚ ਸੀ, ਸੇਠ ਜੀ ਵਾਪਸ ਆ ਜਾਂਦੇ ਨੇ ਤੇ ਪਿਛੋਂ ਜਦੋਂ ਬੱਚਿਆਂ ਨੂੰ ਛੁੱਟੀ ਹੋਣ ਲੱਗੀ ਤਾਂ ਸਾਰੇ ਬੱਚਿਆਂ ਨੂੰ ਕਿਹਾ ਕਿ ਆਪੋ-ਆਪਣੇ ਘਰੀਂ ਜਾਇਓ ਸਿੱਧੇ, ਏਧਰ ਉਧਰ ਨਹੀਂ ਕਿਤੇ ਵੀ ਜਾਣਾ। ਜਦੋਂ ਉਸ ਬੱਚੇ ਦੀ ਵਾਰੀ ਆਈ ਤਾਂ ਹੈਰਾਨ ਹੋ ਗਏ ਕਿ ਇਹਦੇ ਤਾਂ ਗਹਿਣੇ ਪਾਏ ਹੋਏ ਨੇ। ਰਾਹ 'ਚ ਕੋਈ ਚੋਰ ਹੀ ਨਾ ਲਾਹ ਲਵੇ, ਗਲ ਨਾ ਘੁੱਟ ਦੇਵੇ ਇਹਦਾ। ਉਨ੍ਹਾਂ ਨੇ ਗਹਿਣੇ ਲਾਹ ਕੇ ਸਾਰੇ ਹੀ ਰੱਖ ਲਏ। ਬੱਚਾ ਜਦੋਂ ਘਰ ਆ ਗਿਆ, ਜਦੋਂ ਮਾਂ ਪੁੱਛਿਆ ਕਿ ਤੇਰੇ ਗਹਿਣੇ? ਕਹਿੰਦਾ, ਉਹ ਤਾਂ ਉਨ੍ਹਾਂ ਨੇ ਲਾਹ ਲਏ। ਕਹਿੰਦੀ ਕਮਾਲ ਦੀ ਗੱਲ ਹੈ, ਉਹਦੀ ਉਪਮਾ ਤਾਂ ਬੜੀ ਸੁਣੀਦੀ ਸੀ ਬੜੀ ਪ੍ਰਸੰਸਾ ਲੋਕ ਕਰਦੇ ਸੀ, ਪਰ ਉਹ ਭਗਤ ਕਾਹਦਾ ਹੈ, ਉਹ ਤਾਂ ਠਗਤ ਹੈ, ਹੁਣ ਕੋਈ ਦਿੰਦਾ ਹੈ ਗਹਿਣੇ ਲਾਹੇ ਹੋਏ। ਨਾਲ ਦੀ ਗੁਆਂਢਣ ਕੋਲ ਚਲੀ ਗਈ। ਉਹਨੇ ਪੁੱਛਿਆ ਕਿ ਭੈਣ! ਤੇਰੇ ਚਿਹਰੇ 'ਤੇ ਉਦਾਸੀ ਕਿਉਂ ਹੈ? ਕਹਿੰਦੀ ਕਾਹਦੀ ਉਦਾਸੀ ਅੱਜ ਹੀ ਪੜ੍ਹਨ ਲਾਇਆ ਸੀਗਾ ਬੱਚਾ, ਗਹਿਣੇ ਪਾ ਕੇ ਭੇਜਿਆ ਸੀ। ਭਗਤ ਨੇ ਸਾਰੇ ਹੀ ਲਾਹ ਲਏ, ਉਹ ਕਹਿੰਦੀ ਦਿੰਦਾ ਨਹੀਂ ਹੁੰਦਾ ਕੋਈ ਲਾਹ ਕੇ। ਉਹਨੇ ਵੀ ਕਹਿ ਦਿੱਤਾ ਗੱਲ ਚੱਲ ਪਈ, ਚਲਦੀ-ਚਲਦੀ ਸਾਰੇ ਪਿੰਡ ਦੇ ਵਿੱਚ ਗੱਲ ਫੈਲ ਗਈ ਕਿ ਨਾਮਦੇਵ ਨੇ ਫਲਾਣੇ ਸੇਠ ਦੇ ਬੱਚੇ ਦੇ ਗਹਿਣੇ ਲਾਹ ਲਏ, ਸੇਠ ਆਇਆ ਘਰ, ਰਾਤ ਵੱਡੀ ਹੋਈ-ਹੋਈ ਸੀ, ਗੱਲ ਦੱਸੀ ਇਸਨੇ ਕਿ ਚੰਗਾ ਤੂੰ ਪੜ੍ਹਨ ਪਾ ਕੇ ਆਇਆ ਹੈਂ, ਗਹਿਣੇ ਸਾਰੇ ਹੀ ਲਾਹ ਲਏ ਬੱਚੇ ਦੇ। ਹੁਣ ਦੇਣੇ ਨੇ ਕਿਤੇ ਉਹਨੇ? ਕਹਿੰਦਾ, ਕੋਈ ਨਾ ਨਾਮਦੇਵ ਜੀ ਭਗਤ ਨੇ, ਮੈਂ ਸਵੇਰੇ ਜਾਵਾਂਗਾ, ਗੱਲ ਪੁੱਛ ਲਵਾਂਗਾ, ਦੂਸਰੇ ਦਿਨ ਸੇਠ ਜਾਂਦਾ ਹੈ, ਜਦੋਂ ਸੇਠ ਬੱਚੇ ਨੂੰ ਲੈ ਕੇ ਗਿਆ ਤਾਂ ਜਾ ਕੇ ਨਮਸ਼ਕਾਰ ਕਰੀ, ਨਾਮਦੇਵ ਜੀ ਕਹਿਣ ਲੱਗੇ, ਸੇਠ ਜੀ! ਆਹ ਫੜੋ ਆਪਣੇ ਗਹਿਣੇ, ਆਹ ਬੱਚੇ ਦੇ ਨਾ ਗਹਿਣੇ ਪਾਇਓ, ਕੋਈ ਚੋਰ ਚੁੱਕ ਕੇ ਲੈ ਜਾਏਗਾ, ਗਲ ਘੁੱਟ ਦਏਗਾ ਇਹਦਾ। ਸੇਠ ਨੇ ਗਹਿਣੇ ਲੈ ਲਏ ਤੇ ਧੰਨਵਾਦ ਕਰਿਆ, ਘਰ ਆ ਗਿਆ, ਘਰਵਾਲੀ ਨੂੰ ਕਹਿੰਦਾ ਕਿ ਤੂੰ ਤਾਂ ਐਵੇਂ ਹੀ ਮਗਰ ਪੈ ਗਈ, ਉਹਨੇ ਤਾਂ ਇਸ ਕਰਕੇ ਲਾਹੇ ਸੀ ਕਿ ਕੋਈ ਬੱਚੇ ਨੂੰ ਚੁੱਕ ਕੇ ਹੀ ਨਾ ਲੈ ਜਾਏ। ਆਪਾਂ ਵੀ ਗਲਤੀ ਕਰੀ ਕਿ ਛੋਟਾ ਬੱਚਾ ਹੈ ਤੇ ਗਹਿਣੇ ਪਾ ਕੇ ਭੇਜ ਦਿੱਤਾ। ਉਹਨੇ ਕਿਹਾ ਕਿ ਮੈਂ ਤਾਂ ਗੁਆਂਢਣ ਨੂੰ ਵੀ ਕਹਿ ਆਈ ਹਾਂ, ਨੱਠੀ-ਨੱਠੀ ਗੁਆਂਢਣ ਦੇ ਗਈ, ਕਹਿੰਦੇ ਉਹ ਤਾਂ ਬੜੇ ਚੰਗੇ ਨੇ, ਗੁਆਂਢਣ ਨੇ ਕਿਹਾ ਕਿ ਮੈਂ ਤਾਂ ਅੱਗੇ ਵੀ ਦੱਸ ਦਿਤਾ, ਉਹਨੂੰ ਕਹਿ ਕੇ ਆਵਾਂ, ਉਸੇ ਤਰ੍ਹਾਂ ਚੇਨ ਫੇਰ ਚੱਲ ਪਈ। ਸ਼ਾਮ ਤੱਕ ਨਾਮਦੇਵ ਜੀ ਦੀ ਉਸਤੇ ਹੋਣੀ ਸ਼ੁਰੂ ਹੋ ਗਈ। ਅਗਲੇ ਦਿਨ ਕੋਈ ਪ੍ਰੇਮੀ ਨਾਮਦੇਵ ਜੀ ਦੇ ਕੋਲ ਗਿਆ ਤੇ ਉਹ ਸੁਆਹ ਦੇ ਕੋਲ ਬੈਠੇ ਸੀ, ਬਰਤਨ ਕੋਈ ਮਾਂਜਦੇ ਸੀ। ਕਹਿਣ ਲੱਗਿਆ, ਮਹਾਰਾਜ! ਪਰਸੋਂ ਤੁਹਾਡੀ ਨਿੰਦਿਆ ਬੜੀ ਹੋਈ, ਕੱਲ੍ਹ ਤੁਹਾਡੀ ਉਸਤਾ ਬੜੀ ਹੋਈ। ਉਨ੍ਹਾਂ ਨੇ ਸੁਆਹ ਦੇ ਵਿਚੋਂ ਦੋ ਮੁੱਠੀਆ ਚੁੱਕ ਲਈਆਂ, ਇੱਕ ਇੱਕ ਪਾਸੇ, ਇੱਕ ਦੂਜੇ ਪਾਸੇ ਸੁੱਟ ਦਿੱਤੀ, ਕਹਿੰਦੇ ਆਹ ਤਾਂ ਉਸਤਤ ਵਾਲਿਆਂ ਦੇ ਸਿਰ 'ਚ, ਆਹ ਕਹਿੰਦੇ ਨਿੰਦਿਆ ਕਰਨ ਵਾਲਿਆ ਦੇ ਸਿਰ 'ਚ। ਨਾ ਮੈਨੂੰ ਨਿੰਦਿਆ ਦੀ ਲੋੜ, ਨਾ ਮੈਨੂੰ ਉਸਤਤ ਦੀ ਲੋੜ। ਸੋ ਜਦੋਂ ਆਦਮੀ ਉਸਤਤ 'ਚ ਫਸ ਜਾਂਦਾ ਹੈ, ਮਹਾਰਾਜ ਕਹਿੰਦੇ ਦੋਵੇਂ ਚੀਜ਼ਾਂ ਛੱਡੋ ਇਹ।

ਜਿੰਨਾਂ ਚਿਰ ਇਹਦੇ ਵਿੱਚ ਹੈ ਓਨਾਂ ਚਿਰ ਗੁਣ ਦਾ ਰਸ ਨਹੀਂ ਉਸਤਤ 'ਚੋਂ ਆਏਗਾ। ਉਸਤਤ ਦਾ ਰਸ। ਆਹ ਗੱਲ ਬੜੀ ਬਰੀਕ ਮੈਂ ਕਰ ਰਿਹਾ ਹਾਂ। ਉਸਤਤ ਦਾ ਰਸ ਹੋਰ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਇੱਕ ਥਾਂ 'ਤੇ ਗਏ ਤੇ ਉਥੇ ਬਹੁਤ ਵੱਡਾ ਇਕੱਠ ਹੋਇਆ-ਹੋਇਆ ਸੀ, ਮਹਾਰਾਜ ਕਹਿਣ ਲੱਗੇ ਕਿ ਇੱਥੇ ਕੀ ਇਕੱਠ ਹੈ, ਕਹਿੰਦੇ ਮਹਾਰਾਜ! ਸਾਡਾ ਪੀਰ ਜੀ! ਹੈ ਅੱਜ ਦੀ ਰਾਤ ਇਸਨੇ ਪ੍ਰਮੇਸ਼ਰ ਨੂੰ ਮਿਲਣਾ ਹੈ ਤੇ ਸਹੁ ਸੁਹਾਗਣ ਹੈ ਇਹ। ਕੱਲ੍ਹ ਨੂੰ ਬਾਹਰ ਨਿਕਲਣਗੇ, ਅੱਜ ਨਹੀਂ ਨਿਕਲਣਗੇ। ਅੱਜ ਵਾਹਿਗੁਰੂ ਜੀ ਇਨ੍ਹਾਂ ਕੋਲ ਆਏ ਹੋਏ ਨੇ। ਕਹਿੰਦੇ ਅੱਛਾ, ਕਹਿੰਦੇ ਆਹ ਗੱਲ ਤਾਂ ਮਨ ਨਹੀਂ ਲਗਦੀ। ਮਹਾਰਾਜ ਕਹਿੰਦੇ ਚੰਗਾ ਤੁਸੀਂ ਐਉਂ ਕਰੋ ਕੱਲ੍ਹ ਨੂੰ ਕੋਈ ਨਾ ਆਇਓ ਇੱਥੇ, ਤੇ ਇੱਥੇ ਸਾਡਾ ਸਤਿਸੰਗ ਹੋਏਗਾ ਉਥੇ ਆ ਜਾਇਓ। ਫੇਰ ਇਹ ਗੱਲ ਪਰਖ ਲਵਾਂਗੇ ਕਿ ਇਹਨੂੰ ਪ੍ਰਮੇਸ਼ਰ ਮਿਲਿਆ ਹੈ, ਇਸਨੂੰ ਪ੍ਰਮੇਸ਼ਰ ਦਾ ਆਧਾਰ ਹੈ ਕਿ ਕਿਸੇ ਹੋਰ ਚੀਜ਼ ਦਾ ਆਧਾਰ ਹੈ। ਦੂਸਰੇ ਦਿਨ ਜਦੋਂ ਬਾਹਰ ਨਿਕਲਿਆ ਇਕ ਵੀ ਬੰਦਾ ਨਾ ਬਾਹਰ ਨਹੀਂ ਸੀ, ਉਹਦੀ ਉਸਤਤ ਕਰਨ ਵਾਸਤੇ, ਉਹ ਜੈ-ਜੈਕਾਰ ਕਰਨ ਵਾਸਤੇ। ਇਕੱਲਾ ਹੀ ਬਾਹਰ ਨਿਕਲਿਆ। ਆਲੇ-ਦੁਆਲੇ ਝਾਕਦਾ ਹੈ, ਝਾਕ ਕੇ ਦੜੰਮ ਦੇ ਕੇ ਧਰਤੀ 'ਤੇ ਗਿਰ ਗਿਆ। ਚੁੱਕ ਕੇ ਮਹਾਰਾਜ ਕੋਲ ਲੈ ਆਏ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਉਸਤਤ ਦੇ ਆਧਾਰ 'ਤੇ ਜੀਉਂਦਾ ਸੀ। ਨਾਮ ਦੇ ਆਧਾਰ 'ਤੇ ਨਹੀਂ ਸੀ ਜੀਉਂਦਾ। ਹੁਣ ਇਹਨੂੰ ਉਸਤਤ ਮਿਲੀ ਨਹੀਂ ਹੈ ਦੇਖੋ, ਕਿੱਡਾ ਵੱਡਾ ਸਦਮਾ ਇਹਨੂੰ ਪਹੁੰਚਿਆ ਹੈ।

(-------)

# ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥
## ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂਹਾਨੀ ਮਿਸ਼ਨ*।

4 ਅਗਸਤ 1905 ਨੂੰ ਸੰਸਾਰ ਵਿਚ ਪਟਿਆਲਾ ਜ਼ਿਲਾ ਵਿਚ, ਪਿੰਡ ਆਲੋਵਾਲ, ਨੰਬਰਦਾਰ ਰਾਮ ਸਿੰਘ ਜੀ ਦੇ ਗ੍ਰਹਿ ਵਿਖੇ ਇਕ ਪ੍ਰਕਾਸ਼ਮਈ ਵਜੂਦ ਬਾਲ ਰੂਪ ਵਿਚ ਪ੍ਰਗਟ ਹੋਇਆ। ਸਮਾਂ ਲੰਘਦਾ ਗਿਆ, ਮੁੱਢਲੇ ਅੱਖਰਾਂ ਦੀ ਵਿਦਿਆ ਪਿੰਡ ਆਲੋਵਾਲ ਵਿਚ ਸੁਚੱਜੇ ਅਧਿਆਪਕਾਂ ਰਾਹੀਂ ਪ੍ਰਾਪਤ ਕੀਤੀ ਅਤੇ ਛੋਟੀ ਜਮਾਤ ਤੋਂ ਆਪ ਪਟਿਆਲਾ ਮਾਡਲ ਸਕੂਲ ਵਿਚ ਦਾਖਲ ਹੋਏ। ਉਥੇ ਆਪ ਨੂੰ ਟੀ. ਐਲ. ਬਿਸਵਾਨੀ ਜੋ ਸਿੰਧੀ ਮਹਾਤਮਾ ਸਨ, ਨਾਲ ਸੰਪਰਕ ਹੋਇਆ ਜਿਨ੍ਹਾਂ ਦੀ ਪ੍ਰੇਰਨਾ ਦੇ ਸਦਕੇ ਆਪ ਨੇ 'ਜਪੁਜੀ ਸਾਹਿਬ' ਦੋ ਤਿੰਨ ਦਿਨਾਂ ਵਿਚ ਹੀ ਯਾਦ ਕਰ ਲਿਆ। ਪਿਛਲੇ ਪੂਰਬਲੇ ਜਨਮਾਂ ਦੇ ਸੰਸਕਾਰ ਆਪ ਜੀ ਨੂੰ ਮਹਾਂਪੁਰਸ਼ਾਂ ਦੇ ਦਰਸ਼ਨਾਂ ਤੇ ਨੇੜਲੇ ਮਿਲਾਪ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਉਸ ਸਮੇਂ ਦੇ ਮਹਾਨ ਬੀਤ ਰਾਗ ਉਚ ਕੋਟੀ ਦੇ ਮਹਾਂਪੁਰਸ਼ਾਂ, ਮਹਾਤਮਾ ਰਾਮ ਦਾਸ ਜੀ ਅਤੇ ਹਰਨਾਮ ਦਾਸ ਜੀ ਖੇੜੇ ਪਿੰਡ ਵਾਲੇ ਅਤੇ ਤ੍ਰਿਪੜੀ ਦੇ ਬਹੁਤ ਹੀ ਸੂਖਮ ਬਿਰਤੀ ਵਾਲੇ ਸੰਤ ਸੰਤੋਖ ਦਾਸ ਜੀ ਜੋ ਬਹੁਤ ਹੀ ਸਫਾਈ ਪਸੰਦ ਸਨ, ਨਾਲ ਬਹੁਤ ਨੇੜੇ ਦਾ ਸੰਪਰਕ ਹੋਇਆ। ਬਾਬਾ ਧਿਆਨਾ ਜੀ ਪੂਰਨ ਬ੍ਰਹਮਗਿਆਨੀ ਜੋ ਉਸ ਸਮੇਂ ਸਾਰੇ ਪਟਿਆਲੇ ਸ਼ਹਿਰ ਵਿਚ ਪ੍ਰਮ ਪੂਜ ਮਹਾਂਪੁਰਸ਼ ਸਨ, ਉਨ੍ਹਾਂ ਦੀ ਕ੍ਰਿਆ ਨੂੰ ਵੀ ਆਪ ਨੇ ਬਹੁਤ ਗਹੁ ਨਾਲ ਤੱਕਿਆ। ਮੋਤੀ ਬਾਗ ਦੇ ਪਿਛਲੇ ਪਾਸੇ ਸੁਧਾਸਰ ਸਰੋਵਰ ਬਹੁਤ ਹੀ ਇਕਾਂਤ ਸਥਾਨ ਤੇ ਸਥਿਤ ਸੀ, ਉਥੇ ਪ੍ਰਮ ਸੰਤ ਸੋਹਨਦਾਸ ਜੀ ਰਹਿੰਦੇ ਸਨ। ਉਨ੍ਹਾਂ ਨਾਲ ਆਪ ਦਾ ਬਹੁਤ ਹੀ ਨੇੜਤਾ ਦਾ ਸੰਪਰਕ ਪੈਦਾ ਹੋ ਗਿਆ। ਇਸ ਬਾਲਕ ਨੂੰ ਸੰਸਾਰ ਨੇ ਗੁਲਾਬ ਸਿੰਘ ਕਹਿ ਕੇ ਪੁਕਾਰਿਆ ਜੋ ਗੁਲਾਬ ਦੀ ਸੁੰਦਰਤਾ, ਮਧੁਰਤਾ, ਭੋਲੇਪਨ ਅਤੇ ਸੁਗੰਧੀ ਭਰਿਆ ਵਜੂਦ ਸਚਮੁੱਚ ਗੁਲਾਬ ਦਾ ਫੁੱਲ ਹੀ ਸੀ। ਜੋ ਇਕ ਵਾਰੀ ਦੇਖ ਲੈਂਦਾ ਉਹ ਇਸ ਦੇ ਮਿਕਨਾਤੀਸੀ ਖਿੱਚ ਵਾਲੇ ਰੂਹਾਨੀ ਪ੍ਰਭਾਵ ਵਾਲੇ ਨੇਤਰਾਂ ਦੀ ਝਾਲ ਨਾ ਝੱਲ ਸਕਦਾ। ਸਿੱਧੀ ਅੱਖ ਮਿਲਣ ਨਾਲ ਅੰਦਰ vibration ਪੈਦਾ ਹੋ ਜਾਂਦੀ ਅਤੇ ਵੇਖਣ ਵਾਲੇ ਦੇ ਹਿਰਦੇ ਵਿਚ ਆਪ ਮਲਕੜੇ ਜਿਹੇ ਵਸ ਜਾਇਆ ਕਰਦੇ ਸਨ। ਇਸੇ ਕਰਕੇ ਇਹ ਸਾਰੇ ਸਾਧੂ ਆਪ ਜੀ ਨਾਲ ਬਹੁਤ ਹੀ ਅਪਣੱਤ ਭਰਿਆ ਹਿਤ ਰੱਖਿਆ ਕਰਦੇ ਸਨ ਅਤੇ ਅੰਦਰੋਂ ਦਰਸ਼ਨਾਂ ਦੀ ਲੋਚਾ ਰੱਖਿਆ ਕਰਦੇ ਸਨ। ਮਹਾਤਮਾ ਟੀ. ਐਲ. ਬਿਸਵਾਨੀ ਦੇ ਮਿਲਣ ਨਾਲ ਉਨ੍ਹਾਂ ਦੇ ਬਚਨ ਸੁਣ ਕੇ ਅੰਦਰ ਰੂਹਾਨੀ ਸੂਝ ਜਾਗ ਗਈ। ਪਿਛਲੇ ਜਨਮ ਵਿਚ ਆਪ ਜੀ ਨੇ ਆਪਣਾ ਆਪਾ ਭਾਵ ਪੂਰੀ ਤਰ੍ਹਾਂ ਨਾਲ ਸਮਰੱਥ ਜੋਤ ਵਿਚ ਲੀਨ ਕਰਕੇ ਪ੍ਰਵਾਨ ਰੂਹਾਂ ਦੀ ਪਦਵੀ ਪ੍ਰਾਪਤ ਕੀਤੀ ਅਤੇ ਸੰਸਾਰ ਦੇ ਕਲਿਆਣ ਲਈ ਪ੍ਰਭੂ ਨੇ ਆਪ ਨੂੰ ਸੰਤ ਅਵਤਾਰ ਦੇ ਰੂਪ ਵਿਚ ਚੁਣਿਆ। ਕਹਿਣ ਵਾਸਤੇ ਕਿਹਾ ਜਾਂਦਾ ਹੈ ਕਿ ਆਪ ਨੇ ਜਨਮ ਧਾਰਨ ਕੀਤਾ ਪਰ ਰੂਹਾਨੀ ਅਨੁਭਵ ਦੇ ਪ੍ਰਕਾਸ਼ ਵਿਚ ਪ੍ਰਵੇਸ਼ ਕਰਨ ਲਈ ਰੂਪ ਧਾਰੇ ਹੋਏ ਹਨ ਜਿਸ ਦੇ ਸਿੱਟੇ ਵਜੋਂ ਬਾਬਾ ਬੀਰਮਦਾਸ ਜੀ ਬਦੌਸ਼ੀ ਵਾਲੇ, ਜਿਨ੍ਹਾਂ ਨੂੰ ਤ੍ਰਿਕਾਲਦਰਸ਼ੀ ਕਹਿ ਕੇ ਮੰਨਿਆਂ ਤੇ ਪੂਜਿਆ ਜਾਂਦਾ ਸੀ, ਨੇ ਇਕ ਸਮੇਂ ਇਸ ਗੁਲਾਬ ਦੇ ਫੁੱਲ ਦੀ ਸੁਗੰਧੀ ਲੈਂਦਿਆਂ ਮਸਤਕ ਦੇ ਲੇਖ ਪੜ੍ਹ ਕੇ ਫੁਰਮਾਇਆ, "ਰਾਮ ਸਿੰਘਾ! ਸੰਤ ਤਾਂ ਲੋਕ ਅਸਾਨੂੰ ਵੀ ਕਹਿੰਦੇ ਹਨ ਪਰ ਤੇਰੇ ਘਰ ਵਿਚ ਇਹ ਕੁਲਾਂ ਦਾ ਤੇ ਸੰਸਾਰ ਦਾ ਤਾਰਕ ਬਾਲਕ ਰੂਪ ਪ੍ਰਗਟਿਆ ਹੈ। ਇਸ ਦਾ ਨਾਮ ਵੀ ਤੂੰ ਗੁਲਾਬ ਸਿੰਘ ਰੱਖਿਆ ਹੈ ਪਰ ਇਹ ਗੁਲਾਬ ਕਿਸੇ ਦਿਨ ਆਪਣੀ ਹੋਂਦ ਦਾ ਅਭਾਵ ਕਰਕੇ ਕਿਸੇ ਸ਼ੁੱਧ ਅਤਰ ਵਿਚ ਲੀਨ ਹੋ ਕੇ ਸੰਸਾਰ ਵਿਚ ਸੁਗੰਧੀ ਖਿਲਾਰੇਗਾ। ਅਨੇਕਾਂ ਰੂਹਾਂ ਜੋ ਪ੍ਰਭੂ ਦੇ ਮਿਲਾਪ ਲਈ ਤਾਂਘਦੀਆਂ ਹਨ, ਇਸ ਦੇ ਦਰਸ਼ਨਾਂ ਤੇ ਬਚਨਾਂ ਨਾਲ ਆਪਣਾ ਮਾਰਗ ਰੌਸ਼ਨਾਅ ਕੇ (ਚਮਕਾ ਕੇ) ਆਪਣੇ ਧੇਅ ਦੀ ਪ੍ਰਾਪਤੀ ਕਰਨਗੀਆਂ, ਸੇਵਾ ਕਰਨਗੀਆਂ ਇਸਦੀ; ਇਹਨੂੰ ਪੁੱਤਰ ਕਰਕੇ ਨਾ ਜਾਣੀ, ਇਹ ਤੇਰੀਆਂ ਕੁਲਾਂ ਤਾਰਨ ਲਈ, ਤੇਰੀਆਂ ਕੁਲਾਂ ਦੇ ਪੁੰਨ ਕਰਮ ਕਰਕੇ ਤੇਰੇ ਗ੍ਰਹਿ ਵਿਚ ਪ੍ਰਗਟ ਹੋਇਆ ਹੈ।

ਆਪ ਜੀ ਪੜ੍ਹਾਈ ਸਮੇਂ ਤੋਪਖਾਨੇ ਦੇ ਨਾਮ ਰਸੀਏ ਫੌਜੀ ਸਿੰਘਾਂ ਦੇ ਨਾਲ ਪਿਆਰ ਵਸ ਹੋ ਕੇ ਲੀਨਤਾ ਵਿਚ ਬੇਸੁਧ ਹੋਏ ਆਪਣੇ ਮਨ ਦੀਆਂ ਹੂਕਾਂ, ਕੀਰਤਨੀ ਧਾਰਨਾਵਾਂ ਰਾਹੀਂ ਪ੍ਰਗਟ ਕਰਿਆ ਕਰਦੇ ਸਨ। ਸੱਤਵੀਂ ਜਮਾਤ ਵਿਚ ਆਪ ਦਾ ਪ੍ਰਭਾਵ ਉਚ ਕੋਟੀ ਦੇ ਜਗਿਆਸੂਆਂ ਵਿਚ ਪਿਆਰ ਸੁਗੰਧੀਆਂ ਦੀਆਂ ਖਿੱਚਾਂ ਪਾਉਣ ਲੱਗਿਆ। ਆਪ ਜੀ ਦੇ ਅੰਦਰ ਕੋਈ ਅਦਿੱਖ ਸ਼ਕਤੀ ਆਪ ਜੀ ਨੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦੀ ਅਟੁੱਟ ਲਿਵਤਾਰ ਧੁਨ ਵਿਚ ਲੀਨ ਕਰ ਰਹੀ ਸੀ ਜਿਸਦੇ ਫਲਸਰੂਪ ਆਪ ਜੀ ਆਪਣੀ ਨਿੰਦਰਾ ਨੂੰ ਖੰਡਿਤ ਕਰਕੇ ਦੋ ਵਜੇ ਉਠ ਕੇ ਮਲਕੜੇ ਜਿਹੇ ਘਰ ਤੋਂ ਬਾਹਰ ਹੋ ਜਾਂਦੇ, ਘਰ ਦੀ ਰਾਖੀ ਵਾਲੇ ਚੌਕੀਂਦਾਰ ਦਰਵਾਜ਼ੇ ਬੰਦ ਕਰ ਲੈਂਦੇ। ਇਹ ਛੋਟਾ ਜਿਹਾ ਕਲਜੁੱਗ ਵਿਚ ਪ੍ਰਗਟ ਧਰੂੰ ਵਜੂਦ ਹਨ੍ਹੇਰਿਆਂ, ਸੁੰਨ-ਸਾਨਾਂ ਤੇ ਚੁੱਪ ਜੰਗਲ ਦੀ ਪ੍ਰਵਾਹ ਨਾ ਕਰਦਾ ਹੋਇਆ ਸੁਧਾਸਰ ਸਰੋਵਰ ਤੇ ਜਾ ਕੇ ਇਸ਼ਨਾਨ ਕਰਦਾ ਅਤੇ ਪੂਰਨ ਯੋਗੀਆਂ ਵਾਂਗੂੰ ਰੀੜ੍ਹ ਦੀ ਹੱਡੀ ਨੂੰ 90 ਦਰਜੇ ਤੇ ਸਿੱਧਾ ਕਰਕੇ ਪਦਮ ਆਸਣ ਬੈਠ ਕੇ ਸ਼ਬਦ ਧੁਨ ਵਿਚ ਲੀਨ ਹੋ ਜਾਂਦਾ ਅਤੇ ਪਿਛਲੇ ਜਨਮਾਂ ਵਿਚ

ਪ੍ਰਾਪਤ ਹੋਏ ਰੂਹਾਨੀ ਮਾਰਗ ਦੇ ਪੈਰ ਚਿਤਰਾਂ ਉਤੇ ਚਲ ਕੇ, ਅਨਹਦ ਸ਼ਬਦ ਮੰਡਲ ਪਾਰ ਕਰਕੇ ਪ੍ਰਕਾਸ਼ ਦੀ ਦੁਨੀਆਂ ਵਿਚ ਲੀਨ ਹੋ ਜਾਂਦਾ ਅਤੇ ਪੂਰੇ ਪੰਜ ਘੰਟੇ ਉਥੇ ਬੈਠ ਕੇ ਇਕ ਅਗੰਮੀ ਤੇ ਅਕਹਿ ਰਸ ਦੇ ਫੁਹਾਰਿਆਂ ਵਿਚ ਮਖਮੂਰ ਹੋ ਜਾਂਦਾ। ਸੰਤ ਸੋਹਨ ਦਾਸ ਜੀ ਇਸ ਬਾਲ ਯੋਗੀ ਦੀ ਘਾਲ ਕਮਾਈ ਨੂੰ ਤੱਕ ਕੇ ਅੰਦਰ ਹੀ ਅੰਦਰ ਪ੍ਰਭੂ ਦਾ ਸ਼ੁਕਰ ਕਰਦੇ ਅਤੇ ਅਰਦਾਸ ਕਰਦੇ ਕਿ ਹੇ ਪ੍ਰਭੂ! ਇਸ ਬਾਲ ਯੋਗੀ ਨੂੰ ਆਪਣੇ ਨਾਲ ਜੋੜ ਕੇ ਰੱਖੀਂ ਤੇ ਤੇਰੀ ਮਾਇਆ ਦੀਆਂ ਪ੍ਰਬਲ ਥਪੇੜਾਂ ਤੋਂ ਇਹ ਬਚਿਆ ਰਹੇ।

ਸੰਤ ਮਹਾਰਾਜ ਜੀ ਇਕ ਵਾਰੀ ਮੇਰੇ ਬਹੁਤ ਜ਼ੋਰ ਦੇ ਕੇ ਪੁੱਛਣ ਤੇ ਦਸਦੇ ਸਨ ਕਿ ਅਸੀਂ ਸਤਿਸੰਗ ਵਿਚ ਸਹਿਸਾਥੀਆਂ ਤੋਂ ਸੁਣਿਆ ਸੀ ਕਿ ਜਿਸਦੀ ਤਿੰਨ ਘੰਟੇ ਅਖੰਡ ਸਮਾਧੀ ਲਗ ਜਾਵੇ, ਉਸ ਲਈ ਸੰਤ ਪਦਵੀ ਤੇ ਪੁੱਜਣਾ ਆਸਾਨ ਹੋ ਜਾਂਦਾ ਹੈ। ਅਸੀਂ ਪੂਰੇ ਪੰਜ ਘੰਟੇ ਅਫੁਰ ਅਵਸਥਾ ਵਿਚ ਬੈਠਦੇ ਸਾਂ ਅਤੇ ਅਗੰਮੀ ਸ਼ਕਤੀਆਂ ਅਸਾਨੂੰ ਇਕ ਪ੍ਰਕਾਸ਼ਮਈ ਫੁੱਲ ਉਪਰ ਬਿਠਾ ਦਿੰਦੀਆਂ। ਉਹ ਫੁੱਲ ਪਾਣੀ ਵਿਚ ਇਉਂ ਤਰਦਾ ਸੀ ਜਿਵੇਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਬ੍ਰਹਮਾ ਕਮਲ ਫੁੱਲ ਵਿਚੋਂ ਪ੍ਰਗਟ ਹੋ ਕੇ ਉਸ ਉਪਰ ਬੈਠਾ ਆਪਣੇ ਆਪ ਨੂੰ ਦੇਖਦਾ ਹੁੰਦਾ ਸੀ। ਆਪ ਨੇ ਫੁਰਮਾਇਆ ਕਿ ਇਸੇ ਸਮੇਂ ਵਿਚ ਅਸਾਨੂੰ ਗੁਰਬਾਣੀ ਦੇ ਪਾਠ ਦੀ ਲਗਨ ਲੱਗ ਗਈ ਅਤੇ ਪੰਜ ਘੰਟਿਆਂ ਵਿਚ ਅਸੀਂ ਸੁਰਤ ਦੀ ਪੂਰੀ ਤੇਜ਼ੀ ਨਾਲ 25 ਪਾਠ ਸੁਖਮਨੀ ਸਾਹਿਬ ਜੀ ਦੇ ਅਖੰਡ ਰੂਪ ਵਿਚ ਅੰਦਰੋਂ ਹੀ ਸਰਵਣ ਕਰ ਲਿਆ ਕਰਦੇ ਸਾਂ। ਸਕੂਲ ਵਿਚ ਆਪ ਦਾ ਵਜੂਦ ਆਪ ਦੇ class fellows ਨਾਲ ਖਿੱਚ ਦਾ ਵਿਸ਼ਾ ਸੀ। ਹਰ ਇਕ ਵਿਦਿਆਰਥੀ ਅੰਦਰੋਂ ਆਪ ਦਾ ਮਾਣ ਕਰਦਾ ਅਤੇ ਮਿੱਤਰ ਬਣਨ ਦੀ ਲੋਚਾ ਮਨ ਵਿਚ ਰਖਦਾ। ਆਪ ਸਾਰਿਆਂ ਨੂੰ ਪਿਆਰੇ ਸਨ ਅਤੇ ਪਿਆਰ ਦੀ ਖਿੱਚ ਵਿਚ ਹੀ ਜਿਉਂ ਰਹੇ ਸਨ।

1923 ਅਗਸਤ ਦੀਆਂ ਛੁਟੀਆਂ ਹੋਈਆਂ, ਆਪ ਜੀ ਦੀ ਆਤਮਕ ਪ੍ਰਾਲਬਧ ਨੇ ਉਛਾਲਾ ਮਾਰਿਆ। ਆਪ ਭਾਈ ਹੀਰਾ ਸਿੰਘ ਜੀ ਨੂੰ ਨਾਲ ਲੈ ਕੇ ਲੁਧਿਆਣੇ ਹੁੰਦੇ ਹੋਏ ਰੇਰੂ ਸਾਹਿਬ (ਰਾਮਪੁਰ) ਪਹੁੰਚ ਗਏ। ਸੰਤ ਅਤਰ ਸਿੰਘ ਜੀ ਪੂਰਨ ਬ੍ਰਹਮਗਿਆਨ ਅਤੇ ਸੇਵਾ ਦੇ ਵਜੂਦ ਨੇ ਪਹਿਲੀ ਨਿਗ੍ਹਾ ਵਿਚ ਹੀ ਹੀਰੇ ਦੀ ਪਹਿਚਾਣ ਕਰ ਲਈ। ਭੂਤ, ਭਵਿੱਖਤ, ਵਰਤਮਾਨ ਪੂਰਨ ਗਿਆਨ ਦੇ ਦਾਤੇ ਨੇ ਪਹਿਲੀ ਨਿਗ੍ਹਾ ਵਿਚ ਹੀ ਪਛਾਣ ਲਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਵਲੋਂ ਭਾਈ ਦਇਆ ਸਿੰਘ ਜੀ ਨੂੰ ਬਖਸ਼ੀ ਬ੍ਰਹਮਗਿਆਨੀ ਅਤੇ ਸ਼ਕਤੀਆਂ ਦੇ ਭੰਡਾਰ ਨੂੰ ਸੰਭਾਲਣ ਵਾਲਾ ਆਪ ਹੀ ਪਹੁੰਚ ਗਿਆ ਹੈ। ਇਹ ਦਾਤ ਗੁਰੂ ਦਸ਼ਮੇਸ਼ ਜੀ ਵਲੋਂ ਭਾਈ ਦਇਆ ਸਿੰਘ ਜੀ ਨੂੰ ਪ੍ਰਾਪਤ ਹੋਈ, ਆਪ ਜੀ ਨੇ ਬਾਬਾ ਸੋਭਾ ਸਿੰਘ ਜੀ ਨੂੰ, ਉਨ੍ਹਾਂ ਨੇ ਬਾਬਾ ਸਾਹਿਬ ਸਿੰਘ ਜੀ ਨੂੰ, ਬੇਦੀ ਕੁਲ ਦੇ ਮਹਾਂਪੁਰਸ਼ਾਂ ਨੂੰ ਦਿਤੀ ਜਿਨ੍ਹਾਂ ਨੇ ਇਹ ਅਮੁੱਲ ਦਾਤ ਬਾਬਾ ਭਾਗ ਸਿੰਘ ਜੀ ਦੇ ਹਵਾਲੇ ਕੀਤੀ ਜਿਨ੍ਹਾਂ ਤੋਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੂੰ ਪ੍ਰਾਪਤ ਹੋਈ। ਉਨ੍ਹਾਂ ਤੋਂ ਮਹਾਨ ਆਪਾ ਵਾਰੂ ਜ਼ਿੰਦਾ ਸ਼ਹੀਦ ਬਾਬਾ ਮਹਾਰਾਜ ਸਿੰਘ ਜੀ ਤੇ ਫੇਰ ਬਾਬਾ ਰਾਮ ਸਿੰਘ ਜੀ ਵਿਰੱਕਤ ਰਾਹੀਂ ਹੁੰਦੀ ਹੋਈ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਜਿਨ੍ਹਾਂ ਤੋਂ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਜੀ ਪਾਸ ਸੁਰਖਸ਼ਿਤ ਹੋਈ। ਇਸ ਮਹਾਨ ਦਾਤ ਨੂੰ ਪ੍ਰਾਪਤ ਕਰਨ ਵਾਲੇ ਇਕ ਵਿਦਿਆਰਥੀ ਦੇ ਰੂਪ ਵਿਚ ਵਿਚਰ ਰਹੇ ਪ੍ਰਮ ਸ੍ਰੇਸ਼ਟ ਗੁਲਾਬ ਸਿੰਘ ਜੀ ਪਾਸ ਪਹੁੰਚਣ ਦਾ ਸਮਾਂ ਦ੍ਰਿਸ਼ਟੀਗੋਚਰੇ ਹੋਇਆ।

ਸੰਤ ਮਹਾਰਾਜ ਜੀ ਨੇ ਆਪ ਨੂੰ ਅੰਮ੍ਰਿਤ ਛਕਾ ਕੇ ਇਸ ਮਹਾਨ ਦਾਤ ਨੂੰ ਸੰਭਾਲਣ ਦੇ ਕਾਬਲ ਬਣਾਉਣ ਲਈ ਆਪਣੇ ਚਰਨਾਂ ਵਿਚ ਨਿਵਾਸ ਦਿਤਾ। ਪੰਜ ਪਿਆਰਿਆਂ ਰਾਹੀਂ ਵਾਹਿਗੁਰੂ ਮੰਤ੍ਰ ਦੀ ਦਾਤ ਗੁਲਾਬ ਸਿੰਘ ਜੀ ਨੂੰ ਦੇ ਕੇ ਈਸ਼ਰ ਸਿੰਘ ਬਣਾ ਦਿਤਾ। ਵਾਹਿਗੁਰੂ ਮੰਤ੍ਰ ਦੀ ਦਾਤ ਪੰਜ ਪਿਆਰਿਆਂ ਤੋਂ ਮਿਲਦੇ ਸਾਰ ਇਸ ਮੰਤ੍ਰ ਦੀ ਧੁਨ ਆਪ ਦੇ ਰੋਮ-ਰੋਮ ਵਿਚ ਸਮਾ ਗਈ। ਉਸ ਵੇਲੇ ਸੰਖੇਪ ਉਪਦੇਸ਼ ਸੰਤ ਮਹਾਰਾਜ ਅਤਰ ਸਿੰਘ ਜੀ ਨੇ ਆਪ ਨੂੰ ਦਿੰਦਿਆਂ ਫੁਰਮਾਇਆ ਕਿ ਵਾਹਿਗੁਰੂ ਜੀ ਦੀ ਜੋਤ ਵਿਚੋਂ ਜਾਗ੍ਰਤ ਦੀਆਂ ਅਨੇਕ-ਅਨੇਕ ਕਿਰਨਾਂ ਦੇ ਰੂਪ ਵਿਚ ਹੋਸ਼ ਨੇ ਮਾਇਆ ਨਾਲ ਸੰਪਰਕ ਪੈਦਾ ਕੀਤਾ। ਮਾਇਆ ਨਾਲ ਛੂੰਹਦਿਆਂ ਹੀ ਇਕ ਵੱਖਰੇ ਕਿਸਮ ਦਾ ਅਨੰਦ ਅਨੁਭਵ ਕੀਤਾ। ਉਸ ਅਨੰਦ ਦਾ ਪ੍ਰਭਾਵ ਲੈਂਪ ਉਪਰ ਚੜ੍ਹਾਏ ਗਲੋਬ ਵਾਂਗੂੰ ਇਸ ਪ੍ਰਮ ਅੰਸ ਉਪਰ ਪਿਆ ਅਤੇ ਇਸਨੂੰ ਅਨੰਦ ਦਾ ਸਰਕਲ ਬਣਾ ਕੇ ਘੇਰੇ ਵਿਚ ਲੈ ਲਿਆ। ਇਹ ਮਾਇਆ ਦਾ ਪਹਿਲਾ ਕਰਿਸ਼ਮਾ ਸੀ ਜਿਥੋਂ ਚੇਤਨ ਅੰਸ ਆਪਣੇ ਅਸਲੇ ਨਾਲੋਂ ਭੁੱਲ ਕੇ ਜੀਵ ਦੀ ਉਪਾਧੀ ਧਾਰ ਕੇ ਜੀਵ ਆਤਮਾ ਬਣ ਗਈ। ਇਹ ਸੁਰਤ ਹਉਮੈ ਦੇ ਘੇਰੇ ਦੀ ਪਹਿਲੀ ਵਲਗਣ ਵਿਚ ਘਿਰ ਗਈ ਅਤੇ ਆਪਣੇ ਆਪ ਨੂੰ ਸਮੁੱਚਤਾ ਨਾਲੋਂ ਵੱਖ ਵੇਖਿਆ। ਸਿਆਣਿਆਂ ਅਨੁਭਵੀਆਂ ਨੇ ਇਸ ਅਵਸਥਾ ਦਾ ਨਾਮ 'ਅਨੰਦਮਯ ਕੋਸ਼' ਰੱਖ ਦਿਤਾ। ਪ੍ਰਕ੍ਰਿਤੀ ਦਾ ਹੋਰ ਧੱਕਾ ਲੱਗਿਆ, ਇਹ ਜੀਵ ਆਤਮਾ ਇਸ ਕੋਸ਼ ਸਮੇਤ ਇਕ ਹੋਰ ਵੱਡੇ ਗਲੋਬ ਦੇ ਘੇਰੇ ਵਿਚ ਸੀਮਤ ਹੋ ਗਿਆ। ਜਿਥੋਂ ਇਸ ਅਵਸਥਾ ਵਿਚ ਬੁੱਧੀ ਵਰਗੀ ਦਸ਼ਾ ਦੀ ਪ੍ਰਾਪਤੀ ਹੋਈ। ਇਹ ਬੁੱਧੀ ਦਾ ਮੰਡਲ ਕਹਾਇਆ ਅਤੇ ਆਤਮਾ ਤੋਂ ਵੱਖ ਹੋ ਕੇ ਹੋਰ ਹੇਠਾਂ ਆ ਕੇ ਆਪਣੇ ਅਸਲੇ ਨੂੰ ਪੂਰੀ ਤਰ੍ਹਾਂ ਭੁੱਲ ਕੇ ਵਿਗਿਆਨਮਯ ਕੋਸ਼ ਵਿਚ ਸੀਮਤ ਹੋ ਗਈ। ਹੁਣ ਇਹ ਜਾਗ੍ਰਤ ਅਵਿਅਕਤ ਖਿਆਲੀ ਆਕਾਰ ਹੋਰ ਹੇਠਾਂ ਧੱਕਿਆ ਗਿਆ ਜਿਥੇ ਅਨੇਕ ਤਰ੍ਹਾਂ ਦੇ ਫੁਰਨੇ ਇਸ ਦੇ ਅੰਦਰ ਲਗਾਤਾਰ ਵਿਚਰਨੇ ਸ਼ੁਰੂ ਹੋਏ। ਇਹ ਸੁਰਤ ਪੂਰੀ ਤਰ੍ਹਾਂ ਨਾਲ ਭੁੱਲ ਗਈ ਕਿ ਮੈਂ ਕੀ ਸਾਂ, ਤੇ ਕੀ ਹੋ ਗਈ? ਇਸ ਅਗਿਆਨ ਦੇ ਮੰਡਲ ਵਿਚ, ਫੁਰਨਿਆਂ ਵਿਚ ਪ੍ਰਵਿਰਤ ਹੋ ਗਈ। ਬੇਅੰਤ ਫੁਰਨੇ ਕੁਝ ਬਣ ਜਾਣ ਦੇ ਉਠਣੇ ਸ਼ੁਰੂ ਹੋਏ, ਹੋਰ ਧੱਕਾ ਲੱਗਿਆ ਅਤੇ ਇਹ ਪ੍ਰਾਣ ਮੰਡਲ ਵਿਚ ਪ੍ਰਵੇਸ਼ ਕਰਕੇ ਆਪਣੇ ਅਸਲੇ

ਤੋਂ ਬਹੁਤ ਦੂਰ ਪਹੁੰਚ ਗਈ। ਇਹ ਸਨ ਮਨੋਮਈ ਅਤੇ ਪ੍ਰਾਣਮਈ ਪਰਦਿਆਂ ਦੇ ਘੇਰੇ, ਜਿਨ੍ਹਾਂ ਵਿਚ ਇਹ ਸੁਰਤ ਪੂਰੀ ਤਰ੍ਹਾਂ ਨਾਲ ਭੁੱਲ ਗਈ ਕਿ ਮੈਂ ਕੀ ਹਾਂ? ਪ੍ਰਕ੍ਰਿਤੀ ਨੇ ਹੋਰ ਧੱਕਾ ਮਾਰਿਆ ਇਹ ਪੰਜਾਂ ਤੱਤਾਂ ਦੇ ਅਕਾਰ ਵਿਚ ਆਪਣੇ ਆਪ ਨੂੰ ਦੇਖਣ ਲੱਗੀ ਅਤੇ ਇਹ ਅਤਿ ਸੂਖਸ਼ਮ ਜੋਤ ਆਪਣੇ ਆਪ ਨੂੰ ਸਰੀਰਧਾਰੀ ਸਮਝਣ ਲੱਗੀ ਅਤੇ ਅਗਿਆਨ ਦੇ ਘੁੱਪ ਹਨ੍ਹੇਰ ਵਿਚ ਇਹ ਜੀਵ ਜੋਤ ਫਸ ਗਈ। ਸਮੁੱਚਤਾ ਤੋਂ ਟੁੱਟ ਕੇ ਇਕ ਇਕਾਈ ਦੇ ਰੂਪ ਵਿਚ ਆਪਣੇ ਆਪ ਨੂੰ ਸਮਝ ਕੇ ਸੁਖ-ਦੁਖ ਭੋਗਦੀ ਰਹੀ, ਕਰਮਾਂ ਦੇ ਵਸ ਹੋ ਕੇ ਅਨੇਕ ਕਿਸਮ ਦੀਆਂ ਸਜਾਵਾਂ ਭੁਗਤੀਆਂ, ਸਵਰਗਾਂ ਦੇ ਵਾਸੇ ਕੀਤੇ, ਨਰਕਾਂ ਦੀਆਂ ਅਗਨੀਆਂ ਦਾ ਸੇਕ ਸਹਿ ਕੇ ਵਿਰਲਾਪ ਕਰਦੀ ਰਹੀ। ਮਹਾਂਪੁਰਸ਼ਾਂ ਨੇ ਆ ਕੇ ਆਵਾਜ਼-ਏ-ਹੱਕ ਉਚੀ ਕੀਤੀ ਅਤੇ ਇਸਨੂੰ ਕਿਹਾ ਕਿ ਤੂੰ ਇਹ ਮਿੱਟੀ ਨਹੀਂ, ਇਹ ਪ੍ਰਾਣ ਸ਼ਕਤੀ ਨਹੀਂ, ਪੰਜਾਂ ਤੱਤਾਂ ਵਿਚੋਂ ਕੋਈ ਤੱਤ ਨਹੀਂ ਅਤੇ ਨਾ ਹੀ ਫੁਰਨੇ ਕਰਨ ਵਾਲਾ ਮਨ ਹੈਂ, ਨਾ ਹੀ ਬੁੱਧੀ ਹੈਂ, ਨਾ ਹੀ ਚਿੱਤ ਹੈਂ; ਜੋ ਕੁਝ ਤੂੰ ਆਪਣੇ ਆਪ ਨੂੰ ਵਖਰੀ ਹਸਤੀ ਸਮਝ ਕੇ ਆਪਣਾ ਚੌਗਿਰਦਾ ਚਿਤਵਿਆ ਹੈ, ਇਹ ਚਿਤਵਨੀ ਕਰਨ ਵਾਲੀ ਭੀ ਤੂੰ ਨਹੀਂ। ਤੂੰ ਜੀਵ ਨਹੀਂ, ਜੋ ਤੂੰ ਇਹ ਆਪਣੇ ਆਪ ਨੂੰ ਵੱਖਰਾ ਸਮਝਦੀ ਹੈਂ, ਉਹ ਵੀ ਨਹੀਂ। ਤੂੰ ਅਖੰਡ ਸੱਤਾ ਹੈਂ, ਅਗੰਮ ਹੈਂ, ਅਗੋਚਰ ਹੈਂ, ਅਥਾਹ ਹੈਂ, ਬੇਲੋੜ ਹੈਂ, ਅਵਿਅਕਤ ਹੈਂ, ਤੇਰੀ ਹੋਂਦ ਵਖਰੀ ਨਹੀਂ; ਤੂੰ ਇਸ ਸਮੁੱਚੇ ਸਾਕਾਰ ਜਗਤ ਦਾ ਆਪਾ ਹੈਂ, ਤੂੰ ਸਭ ਕੁਝ ਹੈਂ, ਆਪਣੇ ਆਪ ਨੂੰ ਸਮਝਣ ਦਾ ਜਤਨ ਕਰ-

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਪੰਨਾ - 441***

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥ ਪੰਨਾ - 1375***

ਮਾਇਆ ਦੇ ਅਸਰ ਨੇ ਤੈਨੂੰ ਪੰਜ ਤੱਤ ਦਾ ਰੂਪ ਦੇ ਕੇ ਵੱਖਰਾ ਬਣਾ ਦਿਤਾ। ਤੇਰੀ ਹਾਲਤ ਇਹ ਹੋ ਗਈ ਕਿ ਤੂੰ ਆਪਣੇ ਪ੍ਰਿਅ ਆਪੇ ਨਾਲੋਂ ਵਿਛੜ ਕੇ ਭੱਠ ਦੀ ਸੁਆਹ ਵਰਗੀ ਹੋ ਗਈ ਹੈਂ -

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥ ਪੰਨਾ - 1375***

ਪ੍ਰਿਅ ਜੋਤ ਦੇ ਮਿਲਾਪ ਤੋਂ ਬਿਨਾਂ ਤੇਰੀ ਹਾਲਤ ਭੱਠ ਦੀ ਸੁਆਹ ਵਰਗੀ ਹੋਈ ਪਈ ਹੈ। ਪੂਰਨ ਮਹਾਂਪੁਰਸ਼ ਦੇ ਮਿਲਾਪ ਤੋਂ ਬਿਨਾਂ ਤੂੰ ਆਪਣੀ ਅਸਲੀ ਹੋਂਦ ਵਿਚ ਪ੍ਰਵੇਸ਼ ਨਹੀਂ ਕਰ ਸਕਦਾ।

ਸੋ ਇਸ ਤਰ੍ਹਾਂ ਮਹਾਂਪੁਰਸ਼ ਕਹਿਣ ਲੱਗੇ ਕਿ ਭਾਈ ਈਸ਼ਰ ਸਿੰਘ ਜੀ! ਤੁਸੀਂ ਆਪਣੀ ਪੂਰਬਲੀ ਕਿਰਤ ਕਮਾਈ ਦੇ ਸੰਜੋਗ ਕਾਰਨ ਅੱਜ ਉਸ ਆਤਮਕ ਮੰਡਲ ਦੀ ਸਾਕਾਰਤਾ ਦੇ ਸਰਕਲ ਵਿਚ ਪ੍ਰਵੇਸ਼ ਕਰ ਗਏ ਹੋਂ ਜਿਥੇ ਸਤਿ ਰੂਪ ਮਹਾਨ ਬਚਨਾਂ ਨੂੰ ਕਮਾ ਕੇ ਤੁਸੀਂ ਸਚਮੁੱਚ ਈਸ਼ੂਰ ਪਦਵੀ ਤੋਂ ਵੀ ਉਪਰ ਲੰਘ ਸਕਦੇ ਹੋਂ। ਤੁਹਾਨੂੰ ਅਸੀਂ ਦੱਸਦੇ ਹਾਂ ਕਿ ਵਾਹਿਗੁਰੂ ਜੀ ਨੇ ਸੰਸਾਰ ਦੇ ਜੀਵਾਂ ਦੀ ਕਲਿਆਣ ਲਈ ਮਹਾਂਪੁਰਸ਼ਾਂ ਨੂੰ ਸੋਝੀ ਦਿਤੀ ਹੈ ਜਿਨ੍ਹਾਂ ਪਾਸ ਉਸ ਸੱਚੇ ਦਰ ਦੀਆਂ ਚਾਬੀਆਂ ਸੁਰਖਸ਼ਿਤ ਹੁੰਦੀਆਂ ਹਨ। ਉਸ ਪ੍ਰਭੂ ਨੇ ਤਾਲਾ ਲਾ ਰੱਖਿਆ ਹੈ ਅਤੇ ਕੁਵਾੜ ਬਹੁਤ ਹੀ ਸਖਤ ਹਨ ਜੋ ਭੰਨੇ-ਤੋੜੇ ਨਹੀਂ ਜਾ ਸਕਦੇ, ਕੇਵਲ ਮੰਤ੍ਰ ਦੇ ਜਾਪ ਦੀ ਸ਼ਕਤੀ ਨਾਲ ਹੀ ਖੁਲ੍ਹਦੇ ਹਨ। ਇਹ ਮੰਤ੍ਰ ਓਹੀ ਹੈ ਜੋ ਤੁਹਾਨੂੰ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੀ ਦੇ ਤਾਬਿਆ ਗੁਰਮਤਿ ਮਰਿਆਦਾ ਅਨੁਸਾਰ ਅਤੇ ਆਪਣੇ ਪੂਰਵਜ ਮਹਾਂਪੁਰਸ਼ਾਂ ਦੀ ਮਰਿਆਦਾ ਦਾ ਪਾਲਣ ਕਰਦਿਆਂ ਤੁਹਾਨੂੰ ਪ੍ਰਾਪਤ ਹੋਇਆ। ਇਸ ਦਾ ਰੂਪ 'ਵਾਹਿਗੁਰੂ' ਹੈ। ਇਹ 'ਵਾਹਿਗੁਰੂ' ਮੰਤ੍ਰ ਹੈ। ਇਸ ਦੇ ਜਾਪ ਕਰਨ ਨਾਲ ਤੁਸੀਂ ਜਿਥੋਂ ਵਿਛੜ ਕੇ ਅਨੇਕ ਜੂਨਾਂ ਜਨਮਾਂ ਵਿਚੋਂ ਹੁੰਦੇ ਹੋਏ ਮਨੁੱਖ ਜਾਮੇ ਵਿਚ ਪਹੁੰਚੇ ਹੋਂ, ਉਥੋਂ ਚੁੱਕ ਕੇ ਅਕਾਲ ਮੰਡਲ ਵਿਚ ਪ੍ਰਵੇਸ਼ ਕਰਾਉਣ ਨੂੰ ਸਮਰੱਥ ਹੈ। ਇਸ ਮੰਤ੍ਰ ਨੂੰ 'ਗੁਰਮੰਤ੍ਰ' ਆਖਿਆ ਜਾਂਦਾ ਹੈ ਜਿਸਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਪਸ਼ੂਆਂ ਦੇ ਤੁਲ ਹੀ ਰਹਿੰਦਾ ਹੈ ਭਾਵੇਂ ਕਿੰਨਾਂ ਹੀ ਪੜ੍ਹਿਆ ਹੈ, ਭਾਵੇਂ ਕਿੰਨੀ ਹੀ ਉਸ ਪਾਸ ਵਿਦਿਆ ਹੋਵੇ ਪਰ ਗੁਰੂ ਦੇ ਮੰਤ੍ਰ ਤੋਂ ਬਿਨਾਂ ਜਨਮ ਧਿਰਕਾਰ ਯੋਗ ਹੀ ਹੁੰਦਾ ਹੈ -

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ - 1357***

ਸੋ ਮੰਤ੍ਰ ਤਾਂ ਆਪ ਨੂੰ ਪ੍ਰਾਪਤ ਹੋ ਗਿਆ। ਇਸ ਉਪਰ ਮਨ ਨੂੰ ਕੇਂਦਰਿਤ ਕਰਕੇ ਫੁਰਨਿਆਂ ਦਾ ਤਿਆਗ ਕਰਕੇ ਜਦੋਂ ਅਸੀਂ ਜਪਦੇ ਹਾਂ ਤਾਂ ਅਸੀਂ ਖਰਬਾਂ-ਖਰਬਾਂ ਸਾਲਾਂ ਦੇ ਪਏ ਹੋਏ ਵਿਛੋੜੇ ਦੇ ਪੰਧ ਨੂੰ ਬਹੁਤ ਹੀ ਤਿੱਖੀ ਰਫਤਾਰ ਨਾਲ ਕੱਟਣ ਦੇ ਸਮਰੱਥ ਹੋ ਜਾਂਦੇ ਹਾਂ। ਮੰਤ੍ਰ ਵਿਚ ਐਨਰਜੀ ਹੋਇਆ ਕਰਦੀ ਹੈ, ਇਹ ਕੇਵਲ ਅੱਖਰ ਹੀ ਨਹੀਂ ਹੁੰਦੇ, ਇਨ੍ਹਾਂ ਅੱਖਰਾਂ ਵਿਚ ਇਕ ਲੁਕੀ ਹੋਈ ਅਦਿੱਖ ਸ਼ਕਤੀ ਹੋਇਆ ਕਰਦੀ ਹੈ ਜੋ ਜਾਪ ਕਰਨ ਨਾਲ ਪ੍ਰਗਟ ਹੋ ਜਾਇਆ ਕਰਦੀ ਹੈ। ਪਹਿਲਾਂ-ਪਹਿਲਾਂ ਜਦੋਂ ਤੱਕ ਅਸਾਡਾ ਸਬੰਧ ਅੰਨਮਈ ਕੋਸ਼ ਦੇ ਸਰਕਲ ਤੋਂ ਅਛੋਹ ਨਹੀਂ ਹੁੰਦਾ, ਉਸ ਸਮੇਂ ਤਕ ਅਸੀਂ ਰਸਨਾ ਦੇ ਨਾਲ ਚਿੱਤ ਇਕਾਗਰ ਕਰਕੇ ਇਸ ਗੁਰਮੰਤ੍ਰ ਦਾ ਜਾਪ ਕਰਦੇ ਹਾਂ। ਜਾਪ ਕਰਦਿਆਂ ਰਸਨਾ ਦੇ ਵਿਚ ਇਕ ਮਹਾਨ ਰਸ ਆਉਣਾ ਸ਼ੁਰੂ ਹੋ ਜਾਇਆ ਕਰਦਾ ਹੈ। ਇਸ ਅਲੌਕਿਕ, ਅਨੰਦਿਤ ਰਸ ਨੂੰ ਅਸੀਂ ਆਪਣੇ ਅੰਦਰ ਅਨੁਭਵ ਕਰਦੇ ਹਾਂ। ਰਸਨਾ ਇਸ ਰਸ ਨਾਲ ਭਾਰੀ ਹੋ ਜਾਂਦੀ ਹੈ, ਹੁਣ ਰਸਨਾ ਦੇ ਨਾਲ ਨਾਮ ਨਹੀਂ ਜਪਿਆ ਜਾਂਦਾ। ਇਥੇ ਆ ਕੇ ਨਾਮ ਦੀ ਦੂਜੀ ਸ਼ਕਲ ਪ੍ਰਗਟ ਹੋ ਜਾਂਦੀ ਹੈ ਜਿਸਨੂੰ ਧੁਨ ਆਖਦੇ ਹਨ। ਇਹ ਧੁਨ ਸੰਗੀਤਕ ਹੋਇਆ ਕਰਦੀ ਹੈ।

ਇਸ ਵਿਚ ਅਨਹਦ ਸ਼ਬਦਾਂ ਦੀ ਮਧੁਰਤਾ ਸਮਿਲਿਤ ਹੁੰਦੀ ਹੈ। ਇਸ ਧੁਨ ਵਿਚ ਅਸੀਂ ਧਿਆਨ ਲਾਉਂਦੇ ਹਾਂ ਤਾਂ ਇਹ ਧੁਨ ਅਸਾਨੂੰ ਪ੍ਰਾਣ ਸ਼ਕਤੀ ਦੇ ਮੰਡਲ ਵਿਚੋਂ ਪਾਰ ਕਰਨ ਦੀ ਸਮਰੱਥਾ ਰਖਦੀ ਹੈ।

*ਧੁਨ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਪੰਨਾ - 879*

ਇਸ ਧੁਨ ਦੇ ਨਾਲ ਮਨ ਸਮਿਲਿਤ ਹੋ ਕੇ ਅਨੇਕ ਕਿਸਮ ਦੇ ਸੂਖਸ਼ਮ ਅਨਹਦ ਸ਼ਬਦਾਂ ਨੂੰ ਸ੍ਰਵਣ ਕਰਦਾ ਆਪਣੇ ਆਪ ਵਿਚ ਮਸਤ ਹੋ ਜਾਂਦਾ ਹੈ। ਇਹ ਮਸਤੀ ਅਸਾਨੂੰ ਪ੍ਰਾਣ ਮੰਡਲ ਵਿਚੋਂ ਚੁੱਕ ਕੇ ਮਨ ਦੇ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦੀ ਹੈ ਜਿਥੇ ਅਸਾਡਾ ਵਾਹ ਫੁਰਨਿਆਂ ਨਾਲ ਪੈਂਦਾ ਹੈ ਪਰ ਇਹ ਨਾਮ ਧੁਨ ਐਨੀ ਮਨ ਨੂੰ ਮੋਹਣ ਵਾਲੀ ਹੁੰਦੀ ਹੈ ਅਤੇ ਇਸ ਦਾ ਰਸ ਅਤਿ ਦੀ ਖੁਮਾਰੀ ਵਿਚ ਲੀਨ ਕਰਾ ਦਿੰਦਾ ਹੈ ਕਿ ਫੁਰਨਿਆਂ ਨੂੰ ਹੁਣ ਕੋਈ ਥਾਂ ਨਹੀਂ ਰਹਿੰਦਾ। ਅੰਦਰ ਪ੍ਰਕਾਸ਼ ਹੋਣ ਕਰਕੇ ਗੁਰੂ ਦੀ ਮੂਰਤ ਪ੍ਰਤੱਖ ਭਾਸਦੀ ਹੈ। ਆਪਣਾ ਵਜੂਦ, ਸਿਮ੍ਰਤੀ ਤੋਂ ਲਹਿ ਜਾਂਦਾ ਹੈ। ਜੇ ਦਿਸਦਾ ਹੈ ਤਾਂ ਕੇਵਲ ਗੁਰੂ ਸਰੂਪ। ਅਨੇਕਾਂ-ਅਨੇਕਾਂ ਜਨਮਾਂ ਦੇ ਕੀਤੇ ਹੋਏ ਪਾਪ ਕਰਮਾਂ ਨੂੰ ਇਹ ਨਾਮ ਕੱਟ ਦਿੰਦਾ ਹੈ ਅਤੇ ਸੁਰਤ ਹਲਕੀ ਹੋ ਕੇ ਹੋਰ ਉਤੇ ਉਠਦੀ ਹੈ। ਮਨ ਦੇ ਮੰਡਲ ਨੂੰ ਪਾਰ ਕਰਕੇ ਬੁੱਧੀ ਮੰਡਲ ਵਿਚ ਪ੍ਰਵੇਸ਼ ਕਰਕੇ ਪਹਿਲੀ ਵਾਰੀ ਜਾਗਦੀ ਹੈ ਅਤੇ ਆਪਣੇ ਆਪ ਨੂੰ ਜਾਨਣ ਦਾ ਜਤਨ ਕਰਦੀ ਹੈ ਕਿ ਮੈਂ ਕੌਣ ਹਾਂ, ਕਿਥੋਂ ਆਇਆ ਹਾਂ, ਕੀ ਮੇਰਾ ਕੋਈ ਮਾਲਕ ਹੈ ਜਾਂ ਆਪੇ ਹੀ ਪ੍ਰਗਟ ਹੋ ਗਿਆ ਹਾਂ? ਉਸ ਵੇਲੇ ਕੁਝ ਧੁੰਧਲਾ ਗਿਆਨ ਇਸ ਦੇ ਅੰਦਰ ਲਿਸ਼ਕਾਰੇ ਮਾਰਦਾ ਹੈ, ਠੀਕ ਇਸੇ ਤਰ੍ਹਾਂ ਜਿਵੇਂ ਬਿਜਲੀ ਦਾ ਲਿਸ਼ਕਾਰਾ ਹੁੰਦਾ ਹੈ। ਇਸ ਅਵਸਥਾ ਵਿਚ ਕੁਝ-ਕੁਝ ਸੋਝੀ ਪੈਂਦੀ ਹੈ ਕਿ ਮੈਂ ਸਰੀਰ ਨਹੀਂ, ਪ੍ਰਾਣ ਨਹੀਂ, ਮਨ ਵੀ ਨਹੀਂ, ਇਹ ਬੁੱਧੀ ਵੀ ਨਹੀਂ; ਇਹ ਬੁੱਧੀ ਤਾਂ ਮੇਰੀ ਹੈ, ਮੇਰੀ ਚੀਜ਼ ਮੈਂ ਨਹੀਂ ਹੋ ਸਕਦੀ। ਇਸ ਅਵਸਥਾ ਵਿਚ ਵਾਹਿਗੁਰੂ ਜੀ ਵਲੋਂ ਦਇਆ ਦੀ ਲਹਿਰ ਉਠਦੀ ਹੈ ਅਤੇ ਉਹ ਜੀਵ ਨੂੰ ਅਨੰਦ ਦੇ ਸਰਕਲ ਵਿਚ ਖਿੱਚ ਲੈਂਦੀ ਹੈ। ਤੱਤ ਬੇਤੇ ਮਹਾਂਪੁਰਸ਼ਾਂ ਦਾ ਮਿਲਾਪ ਸੰਜੋਗਵਸ ਹੋ ਜਾਂਦਾ ਹੈ ਅਤੇ ਉਸ ਦੇ ਅਮੋਘ ਬਾਣਾਂ ਰੂਪੀ ਬਚਨ ਇਸਦੇ ਅਗਿਆਨਮਈ ਅਨੰਦ ਕੋਸ਼ ਨੂੰ ਛੇਦ ਦਿੰਦੇ ਹਨ ਅਤੇ ਇਹ ਜੀਵ ਆਪਣੇ ਘਰ ਨੂੰ ਵਾਪਸ ਮੁੜਿਆ ਹੋਇਆ ਆਪਣਾ ਪੈਂਡਾ ਮੁਕਦਾ ਦੇਖਦਾ ਹੈ। ਅਨੰਦਮਈ ਕੋਸ਼ ਦੀ ਆਖਰੀ ਹੱਦ ਤੇ ਖੜ੍ਹਾ ਨਿਰਣਾ ਨਹੀਂ ਲੈ ਸਕਦਾ ਕਿ ਮੈਂ ਕੌਣ ਹਾਂ? ਉਸ ਸਮੇਂ ਪੂਰਨ ਬ੍ਰਹਮ ਬੇਤੇ ਮਹਾਂਪੁਰਸ਼ ਇਸ ਨੂੰ ਗਿਆਤ ਬਖਸ਼ਦੇ ਹਨ ਕਿ ਤੂੰ ਜੋਤ ਹੈਂ, ਤੂੰ ਆਤਮਾ ਹੈਂ, ਤੂੰ ਅਚਾਹ ਹੈਂ, ਤੇਰੇ ਅੰਦਰ ਪੂਰਨ ਗਿਆਨ ਹੈ, ਤੂੰ ਸਮੁੱਚਤਾ ਹੈਂ, ਤੂੰ ਇਕ ਸਮੁੱਚੀ ਇਕਾਈ ਹੈਂ, ਇਹ ਸਾਰਾ ਪਸਾਰਾ ਤੈਥੋਂ ਹੀ ਹੋਇਆ ਹੋਇਆ ਹੈ। ਤੂੰ ਆਤਮਾ ਹੈਂ, ਤੂੰ ਬ੍ਰਹਮ ਹੈਂ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਤੂੰ ਨਿਰਾ ਪ੍ਰਕਾਸ਼ ਹੈਂ, ਤੇਰੇ ਵਿਚ ਅੰਧਕਾਰ ਦੀ ਕੋਈ ਅੰਸ ਨਹੀਂ ਹੈ, ਤੂੰ ਆਪਣੇ ਆਪ ਨੂੰ ਪਛਾਣ, ਤੂੰ ਪ੍ਰਮ ਆਪਾ ਹੈਂ, ਪ੍ਰਮ ਜਿੰਦ ਹੈਂ -

*ਤੂੰ ਪੇਡੁ ਸਾਖ ਤੇਰੀ ਫੂਲੀ॥*
*ਤੂੰ ਸੂਖਮੁ ਹੋਆ ਅਸਥੂਲੀ॥*
*ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ*
*ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥* *ਪੰਨਾ - 102*

ਤੇਰੀ ਕਥਾ ਬਹੁਤ ਅਨੂਪ ਹੈ, ਇਹ ਆਤਮਾ ਹੀ ਪਾਰਬ੍ਰਹਮ ਦਾ ਰੂਪ ਹੈ, ਨਾ ਤੂੰ ਕਦੇ ਬੁੱਢਾ ਹੁੰਦਾ ਹੈ, ਨਾ ਤੂੰ ਕਦੇ ਬਾਲਕ ਹੁੰਦਾ ਹੈਂ, ਨਾ ਤੈਨੂੰ ਕਦੇ ਦੁੱਖ ਹੁੰਦਾ ਹੈ, ਨਾ ਕਦੇ ਜਮਾਂ ਦਾ ਜਾਲ ਤੈਨੂੰ ਪੈ ਸਕਦਾ ਹੈ, ਨਾ ਕਦੇ ਨਾਸ਼ ਹੁੰਦਾ ਹੈ ਆਦਿ ਜੁਗਾਦਿ ਤੋਂ ਤੂੰ ਹੀ ਇਕ ਪ੍ਰਕਾਸ਼ ਹੋ ਕੇ ਸਾਰਾ ਪ੍ਰਪੰਚ ਹੈਂ; ਨਾ ਤੇਰੇ ਲਈ ਗਰਮੀ ਹੈ, ਨਾ ਸਰਦੀ ਹੈ, ਨਾ ਤੇਰੀ ਕੋਈ ਮਾਂ ਹੈ, ਨਾ ਬਾਪ ਹੈ, ਤੂੰ ਸਦਾ-ਸਦਾ ਤੋਂ ਆਪੇ ਆਪ ਹੈਂ, ਪਾਪ ਪੁੰਨ ਦਾ ਤੈਨੂੰ ਕੋਈ ਲੇਪ ਨਹੀਂ ਲਗਦਾ। ਤੈਨੂੰ ਤ੍ਰਿਗੁਣੀ ਮਾਇਆ ਭੁਲਾ ਨਹੀਂ ਸਕਦੀ, ਤੂੰ ਸਭ ਦਾ ਮਾਲਕ ਹੈਂ -

*ਅਚਰਜ ਕਥਾ ਮਹਾ ਅਨੂਪ॥*
*ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥*
*ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥*
*ਆਦਿ ਜੁਗਾਦੀ ਰਹਿਆ ਸਮਾਇ॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ॥*
*ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ॥*
*ਇਹੁ ਅਪਰੰਪਰੁ ਹੋਤਾ ਆਇਆ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥*
*ਘਟ ਘਟ ਅੰਤਰਿ ਸਦ ਹੀ ਜਾਗੈ॥* *ਪੰਨਾ - 868*

ਇਸ ਵਾਹਿਗੁਰੂ ਮੰਤ੍ਰ ਨੇ ਤੈਨੂੰ ਆਪਣਾ ਆਪਾ ਜਣਾ ਦੇਣਾ ਹੈ, ਤੇਰੇ ਤੇ ਪ੍ਰਮੇਸ਼ਰ ਵਿਚ ਕੋਈ ਵੀ ਭੇਦ ਨਹੀਂ ਰਹਿਣ ਦੇਣਾ -

*ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਪੰਨਾ - 273*

*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦ ਨ ਭਾਈ॥* *ਪੰਨਾ - 272*

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ॥*
*ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋੁ॥*
*ਪੰਨਾ - 793*

ਹੁਣ ਮੈਂ ਇਕ ਵਾਰੀ ਫੇਰ ਇਸ ਨਾਮ ਬਾਰੇ ਸੰਖੇਪ ਵਿਚ ਦਸਦਾ ਹਾਂ ਕਿ ਇਹ ਨਾਮ ਪਹਿਲਾਂ ਰਸਨਾ ਦੁਆਰਾ ਜਪਿਆ ਜਾਂਦਾ ਹੈ, ਫੇਰ ਸ੍ਵਾਸ ਦੇ ਅੰਦਰ ਅਤੇ ਬਾਹਰ ਜਾਣ ਦੇ ਨਾਲ, ਮਹਾਂਪੁਰਸ਼ਾਂ ਦੀ ਦੱਸੀ ਜੁਗਤੀ ਅਨੁਸਾਰ ਕੀਤਾ ਜਾਂਦਾ ਹੈ। ਰਸਨਾ ਦੁਆਰਾ ਬਗੈਰ –

*ਬਿਨੁ ਜਿਹਵਾ ਜੋ ਜਪੈ ਹਿਆਇ॥*
*ਕੋਈ ਜਾਣੈ ਕੈਸਾ ਨਾਉ॥* *ਪੰਨਾ - 1256*

ਸੁਰਤੀ ਨਾਲ ਸਿਮਰਨ ਹੁੰਦਾ ਹੈ, ਤ੍ਰਿਕੁਟੀ ਤੋਂ ਉਪਰ ਜਾ ਕੇ ਨਾਮ ਧੁਨ ਆਪਣੇ ਆਪ ਹੀ ਬਹੁਤ ਮਿੱਠੇ ਵੇਗ ਨਾਲ ਚਲਦੀ ਹੈ ਅਤੇ ਮਹਾਨ ਰਸ ਵਿਚ ਲੀਨ ਰਹਿੰਦੀ ਲਿਵਤਾਰੀ ਹੋ ਜਾਂਦੀ ਹੈ, ਸਹਿਜ ਸਮਾਧ ਲਗ ਜਾਇਆ ਕਰਦੀ ਹੈ। ਜਿਵੇਂ ਚਸ਼ਮੇ ਵਿਚੋਂ ਪਾਣੀ ਨਿਕਲਦਾ ਹੈ, ਉਸ ਤਰ੍ਹਾਂ ਇਹ ਗੁਰਮੰਤ੍ਰ ਉਸ ਥਾਂ ਆਪਣੇ ਆਪ ਹੀ ਉਚਾਰਣ ਹੁੰਦਾ ਹੈ। ਸਾਰੇ ਸਰੀਰ ਦੇ ਰੋਮ-ਰੋਮ ਵਿਚ ਇਸ ਨਾਮ ਧੁਨ ਦੀ vibration (ਕੰਬਣੀ) ਮਹਾਂ ਅਨੰਦਿਤ ਪ੍ਰਤੀਤ ਦਿੰਦੀ ਹੈ। ਹੋਰ ਸੁਰਤ ਇਕਾਗਰ ਹੋਣ ਤੇ ਸਾਰੇ ਤੱਤਾਂ – ਪਉਣ, ਪਾਣੀ, ਬੈਸੰਤਰ, ਚੰਦ, ਤਾਰਿਆਂ ਵਿਚੋਂ ਇਕੋ ਸੰਗੀਤਕ ਧੁਨ ਸੁਣਾਈ ਦਿੰਦੀ ਹੈ ਜੋ ਇਸ ਵਾਹਿਗੁਰੂ ਮੰਤ੍ਰ ਦੀ ਹੈ। ਇਹ ਸਾਰੀਆਂ ਜੁਗਤੀਆਂ ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਤੋਂ ਪ੍ਰਾਪਤ ਹੋਇਆ ਕਰਦੀਆਂ ਹਨ। ਸੋ ਇਸ ਤਰ੍ਹਾਂ ਤੁਹਾਡਾ ਨਾਮ ਗੁਰੂ ਮਹਾਰਾਜ ਜੀ ਨੇ ਈਸ਼ਰ ਹਰੀ ਬਖਸ਼ਿਆ ਹੈ, ਤੁਸੀਂ ਇਸ ਰਸਤੇ ਤੇ ਚਲ ਕੇ ਈਸ਼ਰ ਹਰੀ ਬਣਦੇ ਹੋਏ ਵਾਹਿਗੁਰੂ ਜੀ ਦੀ ਪ੍ਰੇਮ ਜੋਤ ਵਿਚ ਸਮਾ ਕੇ ਉਸ ਦਾ ਰੂਪ ਹੀ ਬਣ ਸਕਦੇ ਹੋਂ।

ਸੋ ਇਹ ਸੀ ਉਸ ਗੁਲਾਬ ਦੀ ਅਵਸਥਾ ਜੋ ਅਤਰ ਵਿਚ ਘੁਲ ਕੇ ਈਸ਼ਰ ਹਰੀ ਬਣ ਰਿਹਾ ਸੀ। ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਮਾਰਗ ਤੇ ਚਲਣ ਲਈ ਪਿਆਰ ਤੇ ਬਿਰਹੋਂ ਦੀਆਂ ਤੜਫਣੀਆਂ, ਝੀਣੀ ਬਾਣਾਂ ਨਾਲ ਵਾਹ ਪੈਂਦਾ ਹੈ ਜੋ ਇਸ ਜੀਵ ਨੂੰ ਥੋੜ੍ਹੇ ਚਿਰ ਵਿਚ ਹੀ ਆਪਣੀ ਮੰਜ਼ਿਲ ਤੇ ਪਹੁੰਚਾ ਦਿੰਦੇ ਹਨ।

ਸੰਤ ਮਹਾਰਾਜ ਦੇ ਹਿਰਦੇ ਵਿਚ ਇਹ ਉਪਦੇਸ਼ ਸਚਮੁੱਚ ਹੀ ਘਾਉ ਕਰ ਗਏ ਅਤੇ ਅਜੀਬ ਹਾਲਤ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਗਈ –

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥*
*ਪੰਨਾ - 1374*

ਸੋ ਪਾਰਸ ਰੂਪ ਮਹਾਂਪੁਰਸ਼ਾਂ ਨੇ ਆਪਣਾ ਹੀ ਰੂਪ ਬਣਾ ਲੈਣ ਦਾ ਸੁਗਮ ਰਸਤਾ ਦੱਸ ਦਿਤਾ। ਹੁਣ ਕੀ ਸੀ ਇਹ ਘਟਨਾ ਰੂਹਾਨੀ ਮੰਡਲ ਦੇ ਵਿਚ ਵਿਕਲੋਤਰੀ ਸੀ। ਠੀਕ ਉਸੇ ਤਰ੍ਹਾਂ ਦੀ ਜਿਸ ਤਰ੍ਹਾਂ ਦੀ ਕਬੀਰ ਸਾਹਿਬ ਦੀ ਹੋਈ।

*ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈਂ।*
*ਅੰਮ੍ਰਿਤ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।*
*ਅੱਗੋਂ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।*
*ਪੈਰੀਂ ਟੁੰਬਿ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ।*
*ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸ ਨਿੰਮ ਮਹਿਕਾਈ।*
*ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।*
*ਅਚਰਜ ਨੋਂ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲਾਈ।*
*ਝਰਨਾ ਝਰਦਾ ਨਿੱਝਰਹੁੰ ਗੁਰਮੁਖ ਬਾਣੀ ਅਘੜ ਘੜਾਈ॥*
*ਰਾਮ ਕਬੀਰੈ ਭੇਦ ਨ ਭਾਈ॥*
***ਭਾਈ ਗੁਰਦਾਸ ਜੀ, ਵਾਰ 10/15***

ਅਖੰਡ ਜਾਪ ਸ਼ੁਰੂ ਹੋ ਗਿਆ। ਮਹਾਂਪੁਰਸ਼ (ਸੰਤ ਅਤਰ ਸਿੰਘ ਜੀ) ਕੁਝ ਸਮਾਂ ਲੰਘ ਜਾਣ ਤੇ ਸੰਸਾਰ ਤੋਂ ਪ੍ਰੇਮ ਜੋਤ ਲੀਨ ਹੋ ਗਏ। ਇਸ ਬਿਰਹਾ ਤੇ ਵਿਯੋਗ ਦੀਆਂ ਤੜਪਾਂ ਸਹਿੰਦਿਆਂ ਆਪ ਨੇ ਐਨੀ ਘੋਰ ਸਾਧਨਾ ਕੀਤੀ ਕਿ ਸਰੀਰ ਦੀ ਰਕਤ ਵੀ ਖਤਮ ਹੁੰਦੀ ਨਜ਼ਰ ਆਈ। ਆਪ ਜੀ ਨੇ ਲਗਾਤਾਰ ਨੌਂ ਸਾਲ ਆਪਣੀ ਪਿੱਠ ਨੂੰ ਨਾ ਮੰਜੇ ਨਾਲ, ਨਾ ਧਰਤੀ ਨਾਲ ਲਾਇਆ। ਇਸ ਭਾਰੀ ਤਪੱਸਿਆ ਦਾ ਫਲ ਵਾਹਿਗੁਰੂ ਮਿਲਾਪ ਵਿਚ ਪ੍ਰਗਟ ਹੋਇਆ ਜਿਵੇਂ ਕਿ –

*ਪਹਿਲਾਂ ਬਾਬੇ ਪਾਯਾ ਬਖਸ਼ ਦਰ*
*ਪਿਛੋਂ ਦੇ ਫਿਰ ਘਾਲ ਕਮਾਈ।*
*ਰੇਤ ਅੱਕ ਅਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪਸਯਾ*
*ਬਡੇ ਭਾਗ ਹਰਿ ਸਿਉ ਬਣਿ ਆਈ।*
***ਭਾਈ ਗੁਰਦਾਸ ਜੀ, ਵਾਰ 1/24***

*ਜਾਂ*

*ਏਹ ਬਿਧ ਕਰਤ ਤਪਸਿਓ ਭਇਓ*
*ਦੁਇ ਤੇ ਏਕ ਰੂਪ ਹੇ ਗਇਓ॥* ***ਬਚਿਤ੍ਰ ਨਾਟਕ***

ਬਖਸ਼ਸ਼ ਦਰ ਦੀ ਪ੍ਰਾਪਤੀ ਕਰਕੇ ਫਿਰ ਆਪ ਨੇ ਸੰਸਾਰ ਵਿਚ ਸਤਿ ਦਾ ਢੰਡੋਰਾ ਦਿਤਾ। ਫਿਰ ਆਪ 54 ਸਾਲ ਬਿਨਾਂ ਕੋਈ ਛੁੱਟੀ ਕੀਤਿਆਂ, ਬਿਨਾਂ ਕਿਸੇ ਆਲਸ ਨੂੰ ਅਪਣਾਇਆਂ ਦੇਸ਼ਾਂ, ਬਦੇਸ਼ਾਂ ਵਿਚ ਰੂਹਾਨੀ ਰਾਹ ਤੋਂ ਭਰਮੀਆਂ, ਟੁੱਟੀਆਂ, ਭੁੱਲ ਚੁੱਕੀਆਂ ਰੂਹਾਂ ਨੂੰ ਤਲਾਸ਼ ਕਰ-ਕਰ ਕੇ ਪ੍ਰੇਮ ਸਤਿ ਦੇ ਮਾਰਗ ਤੇ ਚਲਾਇਆ। ਆਪ ਨੂੰ ਕੀ ਕਿਹਾ ਜਾਵੇ; ਜੇ ਮਹਾਰਾਜ ਜੀ ਕਹਿੰਦੇ ਹਾਂ, ਇਹ ਵੀ ਕੋਈ ਉਪਮਾ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਸ ਨੋ ਬਖਸੇ ਸਿਫਤਿ ਸਾਲਾਹ॥*

*ਨਾਨਕ ਪਾਤਿਸਾਹੀ ਪਾਤਿਸਾਹੁ॥* *ਪੰਨਾ - 5*

ਆਪ ਦੀ ਪ੍ਰੇਮ ਅਵਸਥਾ ਨੂੰ ਸਮਝਣਾ ਬਹੁਤ ਹੀ ਔਖਾ ਹੈ। ਅਸੀਂ ਤਾਂ ਐਨਾ ਹੀ ਕਹਿ ਸਕਦੇ ਹਾਂ ਜਿਵੇਂ ਕਬੀਰ ਸਾਹਿਬ ਨੇ ਫੁਰਮਾਨ ਕੀਤਾ -

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥ ਪੰਨਾ - 1369*

ਜੇ ਅਸੀਂ ਇਹ ਕਹਿ ਦੇਈਏ ਕਿ ਆਪ ਜੀ ਦੇ ਵਜੂਦ ਵਿਚ ਵਾਹਿਗੁਰੂ ਜੀ ਆਪ ਹੀ ਕੰਮ ਕਰਦੇ ਸਨ ਤਾਂ ਇਹ ਕੋਈ ਅਤਿਕਥਨੀ ਨਹੀਂ। ਗੁਰੂ ਮਹਾਰਾਜ ਜੀ ਆਪ ਹੀ ਕਹਿੰਦੇ ਹਨ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥* *ਪੰਨਾ - 397*

ਅਨੇਕਾਂ ਪ੍ਰੇਮੀ ਇਸ ਉਚ ਭਾਵਨਾ ਦੇ ਪ੍ਰੇਰਿਤ ਕੀਤੇ ਹੋਏ ਆਪ ਨਾਲ ਜੁੜੇ ਹੋਏ ਸਨ। ਭਾਵੇਂ ਆਪ ਸਰੀਰ ਬਿਲਕੁਲ ਨਹੀਂ ਸੀ, ਅਸੀਂ ਉਸ ਅੰਦਰਲੀ ਅਵਸਥਾ ਨੂੰ ਨਾ ਸਮਝਦੇ ਹੋਏ ਸਰੀਰ ਦੀ ਲੋਚਾ ਕਰਦੇ ਸਾਂ। ਵਾਹਿਗੁਰੂ ਜੀ ਦੇ ਨਿਯਮਾਂ ਅਨੁਸਾਰ ਸਰੀਰ ਸਦੀਵ ਨਹੀਂ ਰਿਹਾ ਕਰਦਾ ਪਰ ਜੋ ਸੰਤ ਹੋਇਆ ਕਰਦਾ ਹੈ, ਉਹ ਸਰੀਰ ਦੇ ਨਾਸ਼ ਹੋਣ ਤੋਂ ਪਿਛੋਂ ਵੀ ਸਦਾ-ਸਦਾ ਜੀਵਤ ਅਵਸਥਾ ਵਿਚ ਵਿਚਰਦਾ ਹੈ ਇਹ ਅਕਾਲ ਪੁਰਖ ਦੇ ਮੰਤ੍ਰ ਦਾ ਕਰਿਸ਼ਮਾ ਹੈ ਜਿਸ ਨੂੰ ਅਸੀਂ ਅੱਖਰਾਂ ਵਿਚ ਸੀਮਤ ਨਹੀਂ ਕਰ ਸਕਦੇ ਪਰ ਅਸੀਂ ਐਸਾ ਹੀ ਕਹਾਂਗੇ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥*
*ਪੰਨਾ - 273*

ਸੰਤ ਤੇ ਅਨੰਤ ਵਿਚ ਕੋਈ ਭੇਦ ਨਹੀਂ ਹੁੰਦਾ। ਭਾਰਤ ਵਿਚ 27 ਅਗਸਤ 1975 ਦਾ ਸੂਰਜ ਅਤਿ ਹੀ ਬ੍ਰਿਹੁ ਵਿਯੋਗ ਵਿਚ ਸੁੱਟ ਦੇਣ ਵਾਲਾ ਸੰਦੇਸ਼ ਲੈ ਕੇ ਚੜ੍ਹਿਆ। ਰੇਡੀਓ ਤੇ ਅਖਬਾਰਾਂ ਨੂੰ ਧਿਆਨ ਨਾਲ ਸੁਣਿਆਂ, ਪੜ੍ਹਿਆ, ਆਪ ਦੇ ਸਰੀਰ ਛੱਡ ਜਾਣ ਦੀ ਖਬਰ ਜੰਗਲ ਦੀ ਅੱਗ ਵਾਂਗੂ ਘਰ-ਘਰ ਪੁੱਜ ਗਈ। ਹੈਰਾਨ ਹੋਈ ਮਾਨਵਤਾ ਇਕ ਦੂਜੇ ਦੇ ਮੂੰਹ ਵਲ ਚੁੱਪ ਤੱਕਣੀ ਤੱਕ ਕੇ ਅਬੋਲ, ਕਿਸੇ ਅਸਹਿ ਪੀੜਾ ਨੂੰ ਸਹਿਣ ਦਾ ਜਤਨ ਕਰਦੀ ਪ੍ਰਤੀਤ ਦਿੰਦੀ ਸੀ। ਪੀੜਾ ਨੂੰ ਅੰਦਰ ਹੀ ਅੰਦਰ ਨੱਪਣ ਦਾ ਜਤਨ ਕੀਤਾ ਜਾ ਰਿਹਾ ਸੀ ਪਰ ਹੰਝੂ ਅੰਦਰਲੇ ਭੇਤਾਂ ਦੇ ਪੜਦਿਆਂ ਨੂੰ ਪਾੜ ਕੇ ਚਿਹਰਿਆਂ ਤੇ ਅਰੋਕ ਤਿਲਕ ਰਹੇ ਸਨ। ਬੋਲ ਕੇ ਦੱਸਿਆ ਵੀ ਨਹੀਂ ਜਾ ਰਿਹਾ ਸੀ ਕਿ ਕੀ ਹੋ ਗਿਆ। ਵੇਖਦੇ-ਵੇਖਦੇ ਹੀ ਪ੍ਰਵਾਨਿਆਂ ਦਾ ਇਕੱਠ ਰਾੜੇ ਸਾਹਿਬ ਪੁੱਜਣਾ ਸ਼ੁਰੂ ਹੋ ਗਿਆ। ਇਸ ਬਿਰਹੋਂ ਦ੍ਰਿਸ਼ ਦਾ ਦਰਦ ਨਾਪਿਆ ਤੋਲਿਆ ਨਹੀਂ ਜਾ ਸਕਦਾ ਸੀ। ਬੱਸ ਇਕ ਵਿਛੋੜੇ ਦੀ ਪੀੜਾ ਸੀ, ਹੈਰਾਨੀ ਸੀ। ਆਸ ਦੀ ਲਿਸ਼ਕਦੀ ਰੇਖਾ, ਬਿਰਹੁ ਦੀਆਂ ਕਾਲੀਆਂ ਘਟਾਵਾਂ ਵਿਚ ਗੁੰਮ ਹੋ ਗਈ। ਕੋਈ ਗਿਆਨ ਮਨ ਨੂੰ ਧੀਰਜ ਨਹੀਂ ਦੇ ਰਿਹਾ ਸੀ। ਅੱਜ 21 ਸਾਲ ਲੰਘ ਚੁੱਕੇ ਹਨ ਪਰ ਇਸ ਬਿਰਹੋਂ ਘਾਵ ਦੀ ਪੀੜਾ ਘੱਟ ਹੋਣ ਦੀ ਥਾਂ ਵਧਦੀ ਹੀ ਜਾਂਦੀ ਹੈ। ਕੀ ਕਦੇ ਵੀ ਮੁੜ ਕੇ ਇਸ ਮਹਾਨ ਪਵਿੱਤਰ ਵਜੂਦ ਨਾਲ ਮੇਲ ਨਹੀਂ ਹੋਣਾ? ਬੱਸ ਇਹ ਇਕ ਸਵਾਲ ਹੈ ਜੋ ਕਿਸੇ ਤਰੀਕੇ ਨਾਲ ਵੀ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਕੀ ਕਰਿਆ ਜਾਵੇ, ਹਾਲ ਇਹ ਹੈ -

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*
*ਪੰਨਾ - 83*

ਪਰ ਬ੍ਰਿਹੋਂ ਵਿਚ ਮਰੇ ਹੋਏ ਫੇਰ ਜਿਉਂਦੇ ਹਾਂ। ਹੁਣ ਸਰੀਰਕ ਮਿਲਾਪ ਦੀ ਆਸ ਮਧਮ ਪੈ ਚੁਕੀ ਇਸ ਦੀ ਥਾਂ ਇਕ ਉਠੀ ਹੈ ਸੂਝ! ਕਿ ਉਹ ਤਾਂ ਸਰੀਰ ਦੇ ਅੰਦਰ ਇਕ-ਇਕ ਕਣ ਵਿਚ ਬਿਰਾਜ ਰਹੇ ਹਨ ਮੇਰੀ ਮੈਂ ਮਰ ਕੇ ਤੂੰ ਵਿਚ ਬਦਲ ਰਹੀ ਹੈ ਸਦੀਵੀ ਦਰਸ਼ਨ ਢਾਰਸ ਦੇ ਰਹੇ ਹਨ। ਹੁਣ ਲਗਦਾ ਹੈ ਕਿ ਪਿਆਰਾ ਤਾਂ ਨਿਕਟ ਖੜੋਤਾ ਪਿਆਰ ਮੁਸਕਾਨਾਂ ਦੇ ਰਿਹਾ ਹੈ ਅਤੇ ਅਵਿਛੜ ਹੈ, ਉਹ ਸਾਰੇ ਸੰਸਾਰ ਦਾ ਆਪਾ ਹੈ ਅਤੇ ਮੇਰੀ ਸੌੜੀ ਮੈਂ ਨੂੰ ਮਾਰ ਕੇ ਪ੍ਰੇਮ ਜਿੰਦ, ਪ੍ਰੇਮ ਆਪੇ ਵਿਚ ਬਦਲਣਾ (convert) ਚਾਹ ਰਿਹਾ ਹੈ। ਹੇ ਪ੍ਰੀਤਮ! ਕਿਤੇ ਭੀ ਰੱਖ ਪਰ ਅਨੁਭਵ ਮੰਡਲ ਵਿਚੋਂ ਅਲੋਪ ਨਾ ਹੋਈਂ। ਤੇਰੇ ਪਿਆਰ ਵਿਚ ਜਿਓਂ ਰਹੇ ਹਾਂ। ਤੂੰ ਸਾਰੇ ਵਿਆਪਕ ਹੈਂ - ਆਤਮਾ ਹੀ ਪ੍ਰਮਾਤਮਾ ਹੈ, ਪ੍ਰਮਾਤਮਾਂ ਆਤਮਾਂ ਨਾਲ ਘੁਲ ਮਿਲ ਰਿਹਾ ਹੈ, ਇਕ ਹੀ ਹੈ। ਆਦਿ ਹੋਂਦ ਹੈ, ਅਸੀਂ ਹੀ ਭੁਲੇਖੇ ਵਿਚ ਤੈਨੂੰ ਪਛਾਣ ਨਾ ਸਕੇ ਅਤੇ ਤੈਨੂੰ ਸਰੀਰਧਾਰੀ ਸਮਝ ਕੇ ਸਰੀਰ ਰੂਪ ਵਿਚ ਹੀ ਦੇਖਦੇ ਰਹੇ। ਸੂਝ ਬਖਸ਼, ਇਸ 'ਮੈਂ' ਨੂੰ 'ਤੂੰ' ਵਿਚ ਬਦਲ ਲੈ। ਮੈਂ ਨਾ ਹੋਵਾਂ, ਇਕ ਤੂੰ ਹੀ ਹੋਵੇਂ -

*ਸੰਤ ਅਨੰਤਹਿ ਅੰਤਰੁ ਨਾਹੀ॥* *ਪੰਨਾ - 486*

**ਸ੍ਰੀ ਮਾਨ 108 ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਮਹਾਂਸਮਾਧੀ ਦਿਵਸ ਸਬੰਧੀ**

## ਮਹਾਨ ਗੁਰਮਤਿ ਰੂਹਾਨੀ ਸਮਾਗਮ

# 28, 29, 30 ਅਤੇ 31 ਅਕਤੂਬਰ 2010

ਦਿਨ - **ਵੀਰਵਾਰ, ਸ਼ੁਕਰਵਾਰ, ਸ਼ਨੀਵਾਰ ਅਤੇ ਐਤਵਾਰ**

**ਸਮਾਂ - ਸਵੇਰੇ 3.00 ਤੋਂ ਰਾਤ 11.00 ਵਜੇ**

**ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪਣੇ ਆਉਣ ਦੀ ਖਬਰ ਪਹਿਲਾਂ ਹੀ ਈਮੇਲ, ਫੈਕਸ ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।**

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

ਭਾਰਤ ਵਰਸ਼ ਦੀਆਂ ਜੜ੍ਹੀਆਂ ਬੂਟੀਆਂ ਮਹਾਨ ਗੁਣਕਾਰੀ ਹਨ ਜਿਵੇਂ ਕਿ -

## ਕਾਲੀ ਮਿਰਚ

ਕਾਲੀ ਮਿਰਚ ਸਾਡੇ ਘਰਾਂ ਵਿੱਚ ਆਮ ਵਰਤੋਂ ਵਿੱਚ ਆਉਣ ਵਾਲੀ ਇੱਕ ਆਮ ਦਵਾਈ ਹੈ। ਜੋ ਮਸਾਲੇ ਦੇ ਰੂਪ ਵਿੱਚ ਸਾਰੇ ਸੰਸਾਰ ਵਿੱਚ ਵਰਤੀ ਜਾਂਦੀ ਹੈ। ਇਹ ਸਾਡੇ ਦੇਸ਼ ਦੀ ਇੱਕ ਚਮਤਕਾਰੀ ਜੜ੍ਹੀ ਬੂਟੀ ਹੈ। ਇਸ ਦੀਆਂ ਵਰਤੋਂ ਦੀਆਂ ਵਿਧੀਆਂ ਅਤੇ ਗੁਣ ਹੇਠ ਲਿਖੇ ਜਾ ਰਹੇ ਹਨ :-

**ਸੁੱਕੀ ਖਾਂਸੀ** - ਗਲੇ ਵਿੱਚ ਖਰਾਸ਼ ਹੋ ਕੇ ਘੜੀ-ਘੜੀ ਸੁੱਕੀ ਖਾਂਸੀ ਉਠਦੀ ਹੈ। ਬਲਗਮ ਬਿਲਕੁੱਲ ਨਹੀਂ ਨਿਕਲਦੀ ਰੋਗੀ ਨੂੰ ਖੰਘਦੇ-ਖੰਘਦੇ ਦਮ ਚੜ੍ਹ ਜਾਂਦਾ ਹੈ। ਇਸ ਹਾਲਤ ਵਿੱਚ ਕਾਲੀ ਮਿਰਚ ਦਾ ਪਾਊਡਰ ਅੱਧਾ ਗਰਾਮ ਲੈ ਕੇ 20 ਗਰਾਂਮ ਦੁੱਧ ਦੀ ਮਲਾਈ ਵਿੱਚ ਮਲਾ ਕੇ ਥੋੜੀ ਪੀਸੀ ਹੋਈ ਮਿਸਰੀ ਜਾਂ ਦੇਸੀ ਖੰਡ ਮਿਲਾ ਕੇ ਜੀਭ ਨਾਲ ਚਟਾਵੇ। ਬਸ ਇਕੋ ਖੁਰਾਕ ਖਾਣ ਨਾਲ ਤੁਰੰਤ ਹੀ ਅਰਾਂਮ ਮਿਲ ਜਾਂਦਾ ਹੈ। ਸੁੱਕੀ ਖਾਂਸੀ ਬਿੱਲਕੁਲ ਹੀ ਖਤਮ ਹੋ ਜਾਂਦੀ ਹੈ। ਜੇ ਮਲਾਈ ਨਾ ਮਿਲੇ ਤਾਂ ਦੇਸੀ ਘਿਓ ਵਿੱਚ ਮਿਲਾ ਕੇ ਵੀ ਲੈ ਸਕਦੇ ਹੋ। ਇਸ ਨਾਲ ਵੀ ਓਨਾਂ ਹੀ ਲਾਭ ਹੋਵੇਗਾ। ਘਿਓ ਇੱਕ ਵਾਰ 10 ਗਰਾਂਮ ਲੈ ਸਕਦੇ ਹੋ।

2. **ਛਿਕਾਂ ਅਉਣੀਆਂ ਨੱਕ ਵਗਣਾ** :- ਅੱਠ-ਦੱਸ ਕਾਲੀਆਂ ਮਿਰਚਾਂ 20 ਗਰਾਂਮ ਘਿਓ ਪੀਸੀ ਮਿਸਰੀ ਮਿਲਾ ਕੇ ਦੋ ਤਿੰਨ ਵਾਰ ਖਾਣ ਨਾਲ ਰੋਗ ਠੀਕ ਹੋ ਜਾਂਦਾ ਹੈ।

3. **ਅਵਾਜ ਬੈਠ ਜਾਣੀ** - ਠੰਡੀਆਂ ਚੀਜਾਂ, ਖੱਟੀਆਂ ਜਾਂ ਤਲੀਆਂ ਚੀਜਾਂ ਖਾਣ ਨਾਲ ਗਲਾ ਬੈਠ ਜਾਂਦਾ ਹੈ ਅਵਾਜ ਬੰਦ ਹੋ ਜਾਂਦੀ ਹੈ। ਬਹੁਤ ਜੋਰ ਲਗਾ ਕੇ ਬੋਲਣਾ ਪੈਂਦਾ ਹੈ। ਫੇਰ ਵੀ ਅਵਾਜ ਸਾਫ ਨਹੀਂ ਨਿਕਲਦੀ ਦੂਜਾ ਅਵਾਜ ਸੁਣ ਨਹੀਂ ਸਕਦਾ ਇਸ ਹਾਲਤ ਵਿੱਚ, ਅੱਠ ਕਾਲੀਆਂ ਮਿਰਚਾਂ ਅਤੇ ਅੱਠ ਪਤਾਸੇ ਲੈ ਕੇ ਇੱਕ-ਇੱਕ ਕਾਲੀ ਮਿਰਚ ਤੇ ਇੱਕ ਇੱਕ ਪਤਾਸਾ ਵਾਰੀ-ਵਾਰੀ ਚੱਬ-ਚੱਬ ਕੇ ਲੰਘਾਇਆ ਜਾਵੇ। ਇਸ ਤਰ੍ਹਾਂ ਇੱਕ ਕਾਲੀ ਮਿਰਚ ਅਤੇ ਇੱਕ-ਇੱਕ ਪਤਾਸਾ ਮਿਲਾ ਕੇ ਅੱਠ ਕਾਲੀਆਂ ਮਿਰਚਾਂ ਅਤੇ ਇੱਕ ਪਤਾਸਾ ਖਾ ਲਵੇ। ਬਿਨ੍ਹਾਂ ਪਾਣੀ ਪੀਤੇ ਰਾਤ ਨੂੰ ਸੌਂ ਜਾਵੇ। ਇਸ ਦੀ ਵਰਤੋਂ ਰਾਤ ਨੂੰ ਸੌਣ ਵੇਲੇ ਕਰੇ ਇਸ ਨਾਲ ਇੱਕ ਵਾਰ ਹੀ ਗਲਾ ਠੀਕ ਹੋ ਜਾਂਦਾ ਹੈ। ਲੋੜ ਮੁਤਾਬਿਕ ਦੋ-ਤਿੰਨ ਦਿਨ ਵਰਤੋਂ ਕੀਤੀ ਜਾ ਸਕਦੀ ਹੈ।

4. **ਸਾਹ-ਖਾਂਸੀ** - ਕਾਲੀ ਮਿਰਚ ਦਾ ਚੂਰਣ ਇੱਕ ਤੋਂ ਦੋ ਗਰਾਂਮ ਤੱਕ ਮਿਸਰੀ ਅਤੇ ਘਿਓ ਵਿੱਚ ਮਿਲਾ ਕੇ ਚੱਟਣ ਨਾਲ ਛਾਤੀ ਦੀ ਬਲਗਮ ਅਤੇ ਸਾਹ ਖਾਂਸੀ ਵਿੱਚ ਲਾਭ ਹੁੰਦਾ ਹੈ। ਫੇਫੜਿਆਂ ਵਿੱਚੋਂ ਬਲਗਮ ਨਿਕਲ ਜਾਂਦੀ ਹੈ।

5. **ਖਾਂਸੀ ਦੂਰ ਕਰਨ ਵਾਸਤੇ ਮਿਰਚਾ ਦੀ ਬੱਟੀ** :- ਕਾਲੀ ਮਿਰਚ 20 ਗ੍ਰਾਂਮ, ਪ੍ਰੀਪਲ (ਮਘ) 10 ਗ੍ਰਾਂਮ, ਅਨਾਜ ਦੇ ਫਲ ਦੀ ਛਿਲ 40 ਗਰਾਂਮ, ਜੌਂ ਖਾਰ 10 ਗ੍ਰਾਮ ਇਨ੍ਹਾਂ ਸਭ ਨੂੰ ਕੁੱਟ ਕੇ ਛਾਣ ਕੇ 80 ਗਰਾਂਮ ਗੁੜ ਪਾ ਕੇ ਥੋੜ੍ਹਾਂ ਜਿਹਾ ਪਾਣੀ ਪਾ ਕੇ ਘੋਟ ਕੇ ਝਾੜੀ ਬੇਲ ਜਿੱਡੀਆਂ ਗੋਲੀਆਂ ਵੱਟ ਲਵੋ ਅਤੇ ਚੌੜੇ ਮੂੰਹ ਵਾਲੀ ਸ਼ੀਸ਼ੀ ਵਿੱਚ ਪਾ ਕੇ ਢੱਕ ਦੇਵੋ। ਇਨ੍ਹਾਂ ਵਿੱਚੋਂ ਇੱਕ-ਇੱਕ ਕਰਕੇ ਦਿਨ ਰਾਤ ਵਿੱਚ 7-8 ਗੋਲੀਆਂ ਚੂਸ ਲਵੋ ਇਸ ਨਾਲ ਹਰ ਪ੍ਰਕਾਰ ਦੀ ਖਾਂਸੀ ਠੀਕ ਹੋ ਜਾਂਦੀ ਹੈ।

6. **ਸਿਰ ਦਰਦ ਤੇ ਹਿੱਚਕੀ** - ਕਾਲੀ ਮਿਰਚ ਦਾ ਇੱਕ ਦਾਣਾ ਸੂਈ ਦੀ ਨੋਕ ਦੇ ਨਾਲ ਵਿੰਨ੍ਹ ਕੇ ਅੱਗ ਨਾਲ ਜਲਾਵੇ ਜਦੋਂ ਧੂੰਆਂ ਨਿਕਲੇ ਨੱਕ ਰਾਹੀਂ ਸਾਹ ਨਾਲ ਉਪੱਰ ਖਿਚੇ। ਇਸ ਨਾਲ ਹਿਚਕੀ ਨੂੰ ਫਾਇਦਾ ਹੁੰਦਾ ਹੈ। ਜੇ ਇਸ ਨਾਲ ਪੂਰਾ ਲਾਭ ਨਾ ਹੋਵੇ ਤਾਂ ਧੂੰਆਂ ਰਹਿਤ ਗੋਹੇ ਦੀ ਅੱਗ ਤੇ 10-20 ਕਾਲੀਆਂ ਮਿਰਚਾਂ ਪਾ ਕੇ ਜੋ ਧੂੰਆਂ ਨਿਕਲੇਗਾ ਉਸ ਨੂੰ ਨੱਕ ਵਿੱਚ ਸਾਹ ਰਾਹੀਂ ਖਿਚੋ। ਇਸ ਨਾਲ ਹਿਚਕੀ ਤੇ ਸਿਰ ਦਰਦ ਦੂਰ ਹੋ ਜਾਂਦਾ ਹੈ।

7. **ਚਾਹ ਬਣਾ ਕੇ ਪੀਣੀ** - ਤੁਲਸੀ, ਸੁੰਢ, ਦਾਲ ਚੀਨੀ, ਕਾਲੀ ਮਿਰਚ, ਲੌਂਗ ਮਿਲਾ ਕੇ ਚਾਹ ਬਣਾਵੇ ਦੁੱਧ ਸ਼ਕਰ ਮਿਲਾ ਕੇ ਚਾਹ ਬਣਾ ਕੇ ਪੀਓ ਇਸ ਨਾਲ ਥਕਾਵਟ, ਉਦਾਸੀ, ਜ਼ੁਕਾਮ, ਸਰੀਰ ਦਾ ਅਕੜੇਵਾਂ ਠੀਕ ਹੋ ਜਾਂਦਾ ਹੈ।

8. **ਮਲੇਰੀਆ ਬੁਖਾਰ** - ਕਾਲੀ ਮਿਰਚ 10 ਦਾਣੇ, ਗਿਲ੍ਹੋ 10 ਗਰਾਂਮ, ਪੀਪਲ ਛੋਟੀ 3 ਨਗ, ਨਿੰਮ ਦਾ ਛਿਲਕਾ 10 ਗ੍ਰਾਂਮ ਇਨ੍ਹਾਂ ਸਭ ਚੀਜਾਂ ਨੂੰ 10 ਗਰਾਂਮ ਪਾਣੀ ਵਿੱਚ ਪੁਣ ਕੇ ਪਿਲਾਣ ਨਾਲ ਮਲੇਰੀਆ ਵਿੱਚ ਲਾਭ ਹੁੰਦਾ ਹੈ। ਪੁਰਾਣੇ ਤੋਂ ਪੁਰਾਣਾ ਮਲੇਰੀਆ ਵੀ ਹੱਟ ਜਾਂਦਾ ਹੈ।

9. **ਸਿਰ ਦੀ ਤਾਕਤ ਅਤੇ ਨਿਗ੍ਹਾ ਵਧਾਉਣ ਲਈ** - ਕਾਲੀ ਮਿਰਚ 7 ਨਗ, ਦੇਸੀ ਘਿਓ ਤੇ ਮਿਸਰੀ ਵਿੱਚ ਮਿਲਾ ਕੇ ਇਸ ਦਾ ਲਗਾਤਾਰ ਕਈ ਦਿਨ ਸੇਵਨ ਕੀਤਾ ਜਾਵੇ ਤਾਂ ਲਾਭ ਹੁੰਦਾ ਹੈ।

10. **ਜ਼ੁਕਾਮ** - 10 ਕਾਲੀਆਂ ਮਿਰਚਾਂ, 7 ਗੀਰੀਆਂ ਬਦਾਮ ਦੀਆਂ, 10 ਪਤਾਸੇ ਸਵੇਰੇ ਸ਼ਾਮ ਦਿਨ ਵਿੱਚ ਦੋ ਵਾਰੀ ਖਾਵੇ।

11. **ਗੁਹੇੜੀ** (ਅੱਖ ਦੇ ਉਪੱਰ ਫਿਨਸੀ ਹੋ ਜਾਣੀ) -

ਕਾਲੀ ਮਿਰਚ ਨੂੰ ਪਾਣੀ ਵਿੱਚ ਰਗੜ ਕੇ ਲੇਪ ਕਰਨ ਨਾਲ ਇਹ ਪੱਕ ਕੇ ਫੁੱਟ ਜਾਂਦੀ ਹੈ ਜਾਂ ਬੈਠ ਜਾਂਦੀ ਹੈ।

12. **ਰਤੌਂਧੀ** (ਅੰਧਰਾਤਾ) - ਕਾਲੀ ਮਿਰਚ ਨੂੰ ਦਹੀਂ ਦੇ ਪਾਣੀ ਵਿੱਚ ਘਸਾ ਕੇ ਸਵੇਰੇ ਸ਼ਾਮ ਸੁਰਮਚੂ ਨਾਲ ਅੱਖ ਵਿੱਚ ਪਾਉਣ ਨਾਲ ਰਤੌਂਧੀ (ਅੰਧਰਾਤਾ) ਠੀਕ ਹੋ ਜਾਂਦਾ ਹੈ।

13. ਸੱਪ ਲੜੇ ਦੀ ਬੇ ਹੋਸ਼ੀ :- ਕਾਲੀ ਮਿਰਚ ਸ਼ਹਿਦ ਵਿੱਚ ਘਸਾ ਕੇ ਅੱਖ ਵਿੱਚ ਪਾਉਣ ਨਾਲ ਤੁਰੰਤ ਲਾਭ ਹੁੰਦਾ ਹੈ ਇਸ ਨਾਲ ਘੁੱਕੀ ਤੇ ਬੇ ਹੋਸ਼ੀ ਦੂਰ ਹੋ ਜਾਂਦੀ ਹੈ।

---

**(ਪੰਨਾ 2 ਦਾ ਬਾਕੀ)**

ਦੇ ਬਾਨੀ ਮਹਾਂਪੁਰਖਾਂ ਨੇ ਭਾਦੋਂ ਦੇ ਮਹੀਨੇ ਬਾਰੇ ਜੋ ਉਪਦੇਸ਼ ਦਿਤਾ ਹੈ ਉਸ ਨੂੰ ਆਪ ਜੀ ਪੜ੍ਹੋਗੇ ਕਿਵੇਂ ਇਹ ਜੀਵ ਬਾਰ-ਬਾਰ ਇਸ ਧਰਤੀ ਤੇ ਨਵੇਂ ਨਵੇਂ ਸਰੀਰਾਂ ਅੰਦਰ ਜਨਮ ਲੈਂਦਾ ਹੈ ਇਸ ਦਾ ਛੁਟਕਾਰਾ ਪੂਰੇ ਗੁਰੂ ਤੋਂ ਵਗੈਰ ਹੋਣਾ ਅਸੰਭਵ ਹੈ। ਇਸੇ ਤਰ੍ਹਾਂ ਅਗਲਾ ਲੇਖ ਮਹਾਂਪੁਰਖਾਂ ਦੀ ਪਿਆਰੀ ਲੇਖਣੀ ਪਿਆਰੀ ਕਿਤਾਬ "ਸੁਰਤਿ ਸ਼ਬਦ ਮਾਰਗ" ਵਿਚੋਂ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਅੱਗੇ ਅੰਮ੍ਰਿਤ ਵੇਲੇ ਮਾਤਾ ਜੀਤੋ ਜੀ ਨੇ ਨਾਮ ਜਪਣ ਬਾਰੇ ਬੇਨਤੀ ਕੀਤੀ ਇਹ ਲਗਾਤਾਰ ਲੜੀ ਵਾਰ ਲੇਖ ਜੋ ਉਪਦੇਸ਼ ਮਾਤਾ ਜੀਤੋ ਜੀ ਨੂੰ ਦਸਵੇਂ ਗੁਰਾਂ ਨੇ ਬਖਸ਼ਿਸ਼ ਕੀਤਾ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਆਪਣੇ 7 ਦਿਵਾਨਾਂ ਅੰਦਰ ਖੋਲ੍ਹ ਖੋਲ੍ਹ ਕੇ ਬਿਆਨ ਕੀਤਾ ਹੈ ਇਸ ਤੋਂ ਵੀ ਆਪ ਜੀ ਪੂਰਾ-ਪੂਰਾ ਲਾਹਾ ਪ੍ਰਾਪਤ ਕਰੋ। ਇਸ ਤੋਂ ਅਗਲਾ ਲੇਖ ਸੰਤ ਮਾਤਾ ਰਣਜੀਤ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੈ। ਸਵਾਮੀ ਰਾਮ ਜੀ ਪਿਆਰੀ ਪੁਸਤਕ 'ਮਾਰਗ ਚੋਣ' ਲਗਾਤਾਰ ਡਾ. ਬੀਬੀ ਤੇਜਿੰਦਰ ਕੌਰ ਮਲਹੋਤਰਾ ਅੰਗਰੇਜੀ ਤੋਂ ਪੰਜਾਬੀ ਅਨੁਵਾਦ ਕਰਕੇ ਛਾਪ ਰਹੇ ਹਨ ਜਿਸ ਵਿੱਚ ਡਾ. ਸਵਾਮੀ ਰਾਮ ਜੀ ਨੇ ਕੁੰਡਲਨੀ ਬਾਰੇ ਖੋਲ੍ਹ-ਖੋਲ੍ਹ ਕੇ ਬਿਆਨ ਕੀਤਾ ਹੋਇਆ ਹੈ ਅਤੇ ਜਗਿਆਸੂ ਭਰਪੂਰ ਲਾਹਾ ਪ੍ਰਾਪਤ ਕਰ ਸਕਦੇ ਹਨ। 'ਅਰਦਾਸ ਸ਼ਕਤੀ' ਲੇਖ ਭਾਈ ਰਘਬੀਰ ਸਿੰਘ 'ਬੀਰ' ਜੀ ਦੀ ਰਚਨਾਂ ਹੈ ਟੁਟੇ ਹੋਏ, ਬੇਵਿਸ਼ਵਾਸ਼ੇ ਮਨਾਂ ਅੰਦਰ ਦ੍ਰਿੜਤਾ ਪੈਦਾ ਕਰਨ ਵਾਲੀ ਇਹ ਭਾਈ ਸਾਹਿਬ ਜੀ ਦੀ ਰਚਨਾਂ ਹੈ। 'ਸਤਵੰਤ ਕੌਰ' ਸਿਰਲੇਖ ਹੇਠ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਕ ਇਸਤਰੀ ਦਾ ਜੀਵਨ ਬਹੁਤ ਖੋਲ੍ਹ ਖੋਲ੍ਹ ਕੇ ਬਿਆਨ ਕੀਤਾ ਹੈ ਕਿਵੇਂ ਇੱਕ ਗੁਰਸਿੱਖ ਲੜਕੀ ਆਪਣੀ ਇਜਤ ਆਬਰੂ ਆਪਣੇ ਧਰਮ ਨੂੰ ਗੁਰੂ ਦੀ ਓਟ ਵਿੱਚ ਰਹਿ ਕੇ ਅਪਣਾ ਜੀਵਨ ਸਫਰ ਤਹਿ ਕਰਦੀ ਹੈ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਮੁਖਾਰਬਿੰਦ ਤੋਂ ਪਿਆਰੀ ਰਚਨਾਂ 'ਪ੍ਰਭ ਕਉ ਸਿਮਰਹ ਸੇ ਪ੍ਰਉਪਕਾਰੀ' ਦੇ ਸਿਰਲੇਖ ਹੇਠ ਬਹੁਤ ਪਿਆਰਾ ਦੀਵਾਨ ਹੈ ਜਿਸ ਵਿੱਚ ਮਹਾਂਪੁਰਖਾਂ ਨੇ ਹਰੀ ਦੇ ਪਿਆਰਿਆਂ ਦੀ ਮਹਿਮਾਂ ਬਿਆਨ ਕੀਤੀ ਹੈ। 'ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ' ਵਾਲਿਆਂ ਦੀ ਮਹਾਨ ਤਪ ਸਾਧਨਾਂ ਘਾਲਣਾ ਕਮਾਈ ਦਾ ਵਰਣਨ ਰਤਵਾੜਾ ਸਾਹਿਬ ਵਾਲੇ ਮਹਾਂਪੁਰਖ ਨੇ ਆਪਣੇ

(-----------)


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ..........................................................................

ਪਤਾ/Address ..........................................................................

..........................................................................

..........................................................................

................................Pin Code....................................

Phone......................... E-mail :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਮੁਖਾਰਬਿੰਦ ਤੋਂ ਕੀਤਾ ਹੈ। 'ਸਿਹਤ ਰੱਖਿਆ' ਸਿਰਲੇਖ ਹੇਠ ਵੈਦ ਮੇਘ ਨਾਥ ਸਿੱਧ ਜੀ ਨੇ 'ਕਾਲੀ ਮਿਰਚ' ਦੇ ਸਹੀ ਉਪਯੋਗ ਦੱਸੇ ਹਨ।

ਪਿਆਰ ਵਾਲੀਆਂ ਸੰਗਤਾਂ ਦੇ ਦਰਸ਼ਨ ਦਿਦਾਰ ਇੱਕ ਹਫਤੇ ਬਾਅਦ ਹਰ ਐਤਵਾਰ ਨੂੰ ਰਤਵਾੜਾ ਸਾਹਿਬ ਵਿਖੇ ਹੁੰਦੇ ਹਨ। ਇਸੇ ਤਰ੍ਹਾਂ ਮਹੀਨੇ ਬਾਅਦ ਹਰ ਚੜ੍ਹਦੀ ਪੂਰਨਮਾਸ਼ੀ ਦੀ ਰਾਤ ਨੂੰ ਹੁੰਦੇ ਹਨ। ਹਰ ਸਾਲ ਸਲਾਨਾਂ ਜੋੜ ਮੇਲਾ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ ਮਹਾਂਸਮਾਧੀ ਦਿਵਸ ਮਿਤੀ 28,29,30,31 ਅਕਤੂਬਰ ਨੂੰ ਰਤਵਾੜਾ ਸਾਹਿਬ ਦੀ ਧਰਤੀ ਤੇ ਹੁੰਦਾ ਹੈ। ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਭਾਰੀ ਸੰਗਤਾਂ ਦਾ ਵਿਸ਼ਾਲ ਇਕੱਠ ਰਤਵਾੜਾ ਸਾਹਿਬ ਵਿਖੇ ਹੁੰਦਾ ਹੈ। ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪੂਰਾ-ਪੂਰਾ ਇੰਤਜਾਮ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਹੀ ਹੁੰਦਾ ਹੈ। ਮਹਾਂਪੁਰਖਾਂ ਦੇ ਪਿਆਰ ਵਿੱਚ ਵੱਖ-ਵੱਖ ਸੰਪ੍ਰਦਾਇ ਦੇ ਸਾਧੂ ਸੰਤ ਅਤੇ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਆ ਕੇ ਰਤਵਾੜਾ ਸਾਹਿਬ ਆਪਣੀ ਸ਼ਰਧਾਂਜਲੀ ਅਰਪਣ ਕਰਦੇ ਹਨ।

ਆਉਣ ਵਾਲੀ 8 ਅਗਸਤ ਨੂੰ ਟਰਸਟ ਰਤਵਾੜਾ ਸਾਹਿਬ ਦੇ ਚੇਅਰਪਰਸਨ ਪਰਮ ਪੂਜਯ ਸਤਿਕਾਰਯੋਗ ਸੰਤ ਮਾਤਾ ਰਣਜੀਤ ਕੌਰ ਜੀ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਆਤਮ ਮਾਰਗ ਨਾਲ ਸਬੰਧਤ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪ ਜੀ ਨੇ ਮਿਤੀ 8 ਅਗਸਤ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਇਸ ਸਮਾਗਮ ਦਾ ਸਮਾਂ ਸਵੇਰੇ 10.00 ਤੋਂ ਸ਼ਾਮ 4.00 ਵਜੇ ਤੱਕ ਦਾ ਹੋਵੇਗਾ। ਗੁਰੂ ਕੇ ਲੰਗਰ ਅਟੁੱਟ ਵਰਤਣਗੇ। ਆਤਮ ਮਾਰਗ ਦੇ ਸਲਾਨਾਂ ਮੈਂਬਰ ਅੱਧੀ ਭੇਟਾ ਉਪੱਰ ਬਣਾਏ ਜਾਣਗੇ।

(--------)

**ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ**

**ਐਤਵਾਰ** - 01,08, 15, 22, 29 ਅਗਸਤ
(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)

**ਸੰਗਰਾਂਦ** - 16 ਅਗਸਤ ਦਿਨ ਸੋਮਵਾਰ
(ਸਵੇਰ ਦੇ ਸਮੇਂ 7.00 ਵਜੇ ਤੋਂ 9.00 ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ**- 23 ਅਗਸਤ ਦਿਨ ਸੋਮਵਾਰ
(ਸਮਾਂ - ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ –** ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਦਿਵਾਨ ਸਜਦੇ ਹਨ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| 39. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 150/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |

| **English Version** | | **Price** |
|---|---|---|
| 1. | Baisakhi (ਵੈਸਾਖੀ) | Rs. 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. | The Lights Immortal (ਅਮਰ ਜੋਤਾਂ) | Rs. 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. | The Story of Immortality (ਅਮਰ ਗਾਥਾ) | Rs 260/– |